# ਮਹਾਂਕਵੀ ਸੰਤੋਖ ਸਿੰਘ

## ਜੀਵਨ ਤੇ ਰਚਨਾ

ਜੈ ਭਗਵਾਨ ਗੋਇਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਪੰਜਾਬੀ ਲੇਖਕ ਲੜੀ ਨੰ. ੪੪

# ਮਹਾਂਕਵੀ ਸੰਤੋਖ ਸਿੰਘ

## ਜੀਵਨ ਤੇ ਰਚਨਾ

ਡਾ. ਜੈ ਭਗਵਾਨ ਗੋਇਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

MAHA KAVI SANTOKH SINGH *(Punjabi)*

*by*

**DR. JAI BHAGWAN GOYAL**
**Professor, Hindi Department,**
**Kuruksheta University, Kurukshetra**

**1992**
ਪਹਿਲੀ ਵਾਰ : 1100
ਮੁੱਲ : 26-00

ਸਰਦਾਰ ਤੀਰਥ ਸਿੰਘ, ਐਮ. ਏ., ਐਲ-ਐਲ. ਐਮ., ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ ਫੈਸਮੈਨ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ ।

# ਦੋ ਸ਼ਬਦ

ਗੁਰਬਾਣੀ ਵਿਆਖਿਆ ਦੀ ਨਿਰਮਲਾ ਪ੍ਰਣਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਉਸ ਵੇਲੇ ਹੋਂਦ ਵਿਚ ਆਈ ਜਦੋਂ ਗੁਰੂ ਸਾਹਿਬ ਨੇ ਪੰਜ ਸਿੱਖਾਂ ਨੂੰ ਸੰਸਕ੍ਰਿਤ ਵਿਦਿਆ ਦੀ ਪ੍ਰਾਪਤੀ ਲਈ ਬਨਾਰਸ ਭੇਜਿਆ ਅਤੇ ਉਥੋਂ ਇਹ ਸਿੱਖ ਸੰਸਕ੍ਰਿਤ ਗ੍ਰੰਥਾਂ ਅਤੇ ਵੇਦਾਂਤ ਆਦਿ ਦੇ ਅਧਿਐਨ ਵਿਚ ਨਿਪੁੰਨ ਹੋ ਕੇ ਵਾਪਸ ਪਰਤੇ। ਇਹ ਵਿਦਵਾਨ ਅਤੇ ਅੱਗੋਂ ਹੋਰ ਇਨ੍ਹਾਂ ਦੇ ਵਿਦਿਆਰਥੀ 'ਨਿਰਮਲੇ' ਕਹਾਏ ਅਤੇ ਇਨ੍ਹਾਂ ਨੇ ਸੰਸਕ੍ਰਿਤ ਗ੍ਰੰਥਾਂ ਦੀ ਪਿੱਠ-ਭੂਮੀ ਵਿਚ ਗੁਰਬਾਣੀ ਦੇ ਸਿਧਾਂਤਾਂ ਦਾ ਥਾਂ ਥਾਂ ਤੇ ਅਖਾੜੇ ਅਤੇ ਧਰਮ ਧੁਜਾਵਾਂ ਆਦਿ ਬਣਾ ਕੇ ਪ੍ਰਚਾਰ ਕੀਤਾ।

ਨਿਰਮਲੇ ਵਿਦਵਾਨਾਂ ਨੇ ਗੁਰਬਾਣੀ ਦੇ ਪ੍ਰਚਾਰ ਨੂੰ ਮੁਖ ਰਖ ਕੇ ਗੁਰਬਾਣੀ ਦੇ ਟੀਕੇ ਕੀਤੇ, ਗੁਰਮਤਿ ਦੇ ਸਿਧਾਂਤਾਂ ਦਾ ਨਿਰਣੈ ਕੀਤਾ, ਗੁਰੂ ਗ੍ਰੰਥ ਕੋਸ਼ ਰਚੇ ਅਤੇ ਸਟੀਕਾਂ, ਪ੍ਰਯਾਯ ਗ੍ਰੰਥਾਂ ਅਤੇ ਗੁਰ ਇਤਿਹਾਸਾਂ ਦੀ ਰਚਨਾ ਕੀਤੀ। ਵੇਦਾਂਤੀ ਦ੍ਰਿਸ਼ਟੀਕੋਣ ਹੋਣ ਕਰਕੇ ਇਨ੍ਹਾਂ ਦੀ ਭਾਸ਼ਾ ਵਿਚ ਵੇਦਾਂਤੀ ਸ਼ਬਦਾਵਲੀ ਅਤੇ ਸਨਾਤਨੀ ਪ੍ਰਮਾਣ ਆਮ ਤੌਰ ਤੇ ਵੇਖਣ ਨੂੰ ਮਿਲਦੇ ਹਨ। ਨਿਰਮਲੇ ਵਿਦਵਾਨਾਂ ਦੇ ਕਾਰਨ ਗੁਰਬਾਣੀ ਦੀ ਇਕ ਇਕ ਤੁਕ ਦੇ ਕਈ ਕਈ ਅਰਥ ਕੀਤੇ ਜਾਣ ਲੱਗ ਪਏ ਅਤੇ ਬੇਸ਼ਕ ਵਿਦਵਾਨਾਂ ਦੀ ਵਿਦਵਤਾ ਤਾਂ ਚਮਕੀ ਪਰ ਅਰਥਾਂ ਵਿਚ ਅਨਿਸ਼ਚਿਤਤਾ ਵਧਣ ਲੱਗ ਪਈ ਅਤੇ ਕਿਸੇ ਸਿੱਧਾਂਤ ਦੀ ਵਿਆਖਿਆ ਲਈ ਸੰਸਕ੍ਰਿਤ ਦੇ ਗੁਣਾਂ ਦੇ ਅਨੁਰੂਪ ਮਿਥਿਹਾਸ ਦੀਆਂ ਪੁਰਾਣਿਕ ਕਥਾ ਕਹਾਣੀਆਂ ਦੀ ਭਰਪੂਰ ਵਰਤੋਂ ਆਰੰਭ ਹੋ ਗਈ। ਭਾਈ ਸੰਤੋਖ ਸਿੰਘ, ਪੰਡਿਤ ਗੁਲਾਬ ਸਿੰਘ, ਪੰਡਿਤ ਈਸ਼ਵਰ ਦਾਸ, ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ ਆਦਿ ਪ੍ਰਸਿੱਧ ਨਿਰਮਲੇ ਵਿਦਵਾਨਾਂ ਨੇ ਗੁਰਬਾਣੀ ਨੂੰ ਆਪਣੀ ਵਿਦਵਤਾ ਦੇ ਮੁਤਾਬਿਕ ਸਮਝਣ ਸਮਝਾਉਣ ਵਿਚ ਕਾਫ਼ੀ ਯੋਗਦਾਨ ਪਾਇਆ ਹੈ।

ਇਸ ਮੋਨੋਗ੍ਰਾਫ਼ ਵਿਚ ਉਨ੍ਹੀਵੀਂ ਸਦੀ ਦੇ ਪ੍ਰਸਿੱਧ ਵਿਦਵਾਨ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦੇ ਜੀਵਨ ਚਰਿਤ ਅਤੇ ਰਚਨਾਵਾਂ ਦਾ ਲੇਖਾ-ਜੋਖਾ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਭਾਈ ਸੰਤੋਖ ਸਿੰਘ ਜੀ ਨੇ ਵੱਖਰੀਆਂ-ਵੱਖਰੀਆਂ ਸਿੱਖ ਰਿਆਸਤਾਂ ਵਿਚ ਰਹਿੰਦਿਆਂ ਹੋਇਆਂ 'ਨਾਮ ਕੋਸ਼', 'ਸ੍ਰੀ ਗੁਰੂ ਨਾਨਕ ਪ੍ਰਕਾਸ਼', ਆਦਿ ਕਈ ਰਚਨਾਵਾਂ ਕੀਤੀਆਂ ਪ੍ਰੰਤੂ 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਅਤੇ 'ਗਰਬ ਗੰਜਨੀ ਟੀਕਾ' ਮੁਖ ਰੂਪ ਵਿਚ ਆਪ ਦੀ ਪ੍ਰਸਿੱਧੀ ਦਾ ਆਧਾਰ ਹਨ। ਭਾਈ ਸਾਹਿਬ ਭਾਵੇਂ ਗੁਰਬਾਣੀ ਨੂੰ ਸੁਤੰਤਰ ਅਧਿਕਾਰ ਅਤੇ ਪ੍ਰਮਾਣ ਦਾ ਰੂਪ ਮੰਨਦੇ ਹਨ ਪ੍ਰੰਤੂ ਵੇਦਾਂਤੀ ਵਿਚਾਰਾਂ ਦੇ ਸਮਰਥਕ ਹੋਣ ਦੇ ਨਾਤੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਵੀ ਉਨ੍ਹਾਂ ਵਿਚਾਰਾਂ ਦਾ ਰੰਗ ਵੇਖਣ ਵਿਚ ਆਉਂਦਾ

ਹੈ। ਇਸ ਪੁਸਤਕ ਵਿਚ ਵਿਦਵਾਨ ਲੇਖਕ ਨੇ ਭਾਈ ਸਾਹਿਬ ਦੇ ਜੀਵਨ ਦੇ ਰੋਚਕ ਪ੍ਰਸੰਗਾਂ ਨੂੰ ਵੀ ਲਿਆ ਹੈ ਅਤੇ ਉਨ੍ਹਾਂ ਦੇ ਮਹਾਂਕਵੀ ਰੂਪ ਅਤੇ ਟੀਕਾਕਾਰ ਦੇ ਰੂਪ ਨੂੰ ਵੀ ਉਨ੍ਹਾਂ ਦੀਆਂ ਰਚਨਾਵਾਂ ਦੇ ਝਰੋਖੇ ਵਿਚੋਂ ਨਿਰਪੱਖ ਹੋ ਕੇ ਵੇਖਣ ਦਾ ਯਤਨ ਕੀਤਾ ਹੈ। ਆਸ ਹੈ ਇਹ ਪੁਸਤਕ ਭਾਈ ਸਾਹਿਬ ਦੇ ਜੀਵਨ ਅਤੇ ਰਚਨਾਵਾਂ ਨੂੰ ਹੋਰ ਡੂੰਘਾਈ ਨਾਲ ਸਮਝਣ ਵਿਚ ਪ੍ਰੇਰਨਾਦਾਇਕ ਸਿੱਧ ਹੋਵੇਗੀ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਹ.ਕ. ਮਨਮੋਹਨ ਸਿੰਘ
ਵਾਈਸ-ਚਾਂਸਲਰ

# ਕਾਵਿ-ਮਾਰਤੰਡ

ਮਹਾਂਕਵੀ ਸੰਤੋਖ ਸਿੰਘ (1845 ਬਿ.-1900 ਬਿ.) ਮਹਾਰਾਜਾ ਰਣਜੀਤ ਸਿੰਘ ਕਾਲ ਦੇ ਸਿੱਖ-ਇਤਿਹਾਸ, ਗੁਰਮਤਿ ਵਿਚਾਰਧਾਰਾ, ਅਧਿਆਤਮ ਦਰਸ਼ਨ, ਪ੍ਰਚੰਡ ਵਿਦਵਤਾ ਦਾ ਟਕਸਾਲੀ ਰੂਪ ਹਨ। ਭਾਈ ਸਾਹਿਬ ਸਾਹਿਤ ਤੇ ਕਾਵਿ ਦੇ ਮਾਰਤੰਡ ਹਨ। ਉਹ ਸੰਸਕ੍ਰਿਤ ਦੇ ਮਹਾਨ ਪੰਡਿਤ ਸਨ ਅਤੇ ਬ੍ਰਜ, ਪੰਜਾਬੀ, ਫ਼ਾਰਸੀ, ਅਰਬੀ, ਉਰਦੂ, ਲਹਿੰਦੀ, ਪਹਾੜੀ ਆਦਿ ਭਾਸ਼ਾਵਾਂ ਦਾ ਚੋਖਾ ਗਿਆਨ ਰਖਦੇ ਸਨ। ਸਿੱਖ-ਜਗਤ ਵਿਚ ਉਨ੍ਹਾਂ ਦਾ ਸਥਾਨ ਉਸੇ ਲੜੀ ਵਿਚ ਆਉਂਦਾ ਹੈ ਜਿਸ ਵਿਚ ਭਾਈ ਗੁਰਦਾਸ, ਭਾਈ ਮਨੀ ਸਿੰਘ ਆਉਂਦੇ ਹਨ। ਉਹ ਵਿਸ਼ਵ ਪ੍ਰਸਿੱਧੀ ਦੇ ਧਾਰਨੀ ਹਨ ਅਤੇ ਤੁਲਸੀਦਾਸ, ਫ਼ਿਰਦੌਸੀ, ਟੈਗੋਰ ਆਦਿ ਮਹਾਂਕਵੀਆਂ ਦੇ ਹਾਣੀ ਹਨ। ਸਾਹਿਤ ਤੇ ਕਾਵਿ ਤੋਂ ਬਿਨਾਂ ਉਹ ਦਰਸ਼ਨ ਦੇ ਮਹਾਂ ਗਿਆਨੀ ਅਤੇ ਸ਼ਾਸਤਰਾਂ ਦੇ ਜਾਣਕਾਰ ਸਨ। ਉਹ ਯੁੱਧ-ਵਿਦਿਆ ਘੋੜ-ਸਵਾਰੀ, ਵੈਦਿਕ, ਜੋਤਿਸ਼ ਆਦਿ ਖੇਤਰਾਂ ਵਿਚ ਪੂਰੀ ਮਹਾਰਤ ਰਖਦੇ ਸਨ। ਸਿੱਖ-ਜਗਤ ਨੇ ਭਾਈ ਸੰਤੋਖ ਸਿੰਘ ਦੇ ਅਲੌਕਿਕ ਯੋਗਦਾਨ ਨੂੰ ਉਨ੍ਹੀਵੀਂ ਤੇ ਵੀਹਵੀਂ ਸਦੀ ਵਿਚ ਪੂਰੇ ਦਿਲ ਨਾਲ ਪ੍ਰਵਾਨ ਕੀਤਾ ਹੈ।

ਭਾਈ ਸੰਤੋਖ ਸਿੰਘ ਨੇ 55 ਸਾਲ ਦੀ ਛੋਟੀ ਜਿਹੀ ਆਯੂ ਵਿਚ ਬਹੁਤ ਸਾਰੇ ਦੀਰਘ ਗ੍ਰੰਥਾਂ ਦੀ ਸਿਰਜਣਾ ਕੀਤੀ। ਉਨ੍ਹਾਂ ਨੇ 'ਅਮਰ ਕੋਸ਼', 'ਬਾਲਮੀਕ ਰਾਮਾਇਣ' ਅਤੇ 'ਆਤਮ-ਪੁਰਾਣ' ਵਰਗੇ ਕਲਾਸਿਕ ਸੰਸਕ੍ਰਿਤ ਗ੍ਰੰਥਾਂ ਦਾ ਅਨੁਵਾਦ ਹਿੰਦੀ ਵਿਚ ਕੀਤਾ। ਭਾਈ ਸਾਹਿਬ ਦੁਆਰਾ ਜਪੁਜੀ ਦਾ ਗਰਬ–ਗੰਜਨੀ ਟੀਕਾ ਪੰਜਾਬੀ ਟੀਕਾਕਾਰੀ ਦਾ ਪ੍ਰਮਾਣਿਕ ਰੂਪ ਮੰਨਿਆ ਜਾਂਦਾ ਹੈ। ਨਿਰਸੰਦੇਹ ਭਾਈ ਸਾਹਿਬ ਦੇ ਸ਼ਾਹਕਾਰ ਗ੍ਰੰਥ 'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਹਨ ਜਿਨ੍ਹਾਂ ਵਿਚ ਕ੍ਰਮਵਾਰ 9700 ਅਤੇ 51829 ਛੰਦ ਹਨ ਅਤੇ ਇਨ੍ਹਾਂ ਦੀ ਸਿਰਜਣਾ ਉੱਤੇ ਲਗਾਤਾਰ ਦਸ ਸਾਲਾਂ ਦਾ ਲੰਬਾ ਸਮਾਂ ਲਗਾਇਆ ਗਿਆ ਹੈ। ਭਾਈ ਸੰਤੋਖ ਸਿੰਘ ਨੇ ਦਸਾਂ ਗੁਰੂ ਸਾਹਿਬਾਨਾਂ ਦੇ ਪਵਿੱਤਰ-ਜੀਵਨ ਨੂੰ ਆਪਣੀ ਕਾਵਿ ਦੀ ਰੋਸ਼ਨੀ ਵਿਚ ਉਜਾਗਰ ਕੀਤਾ ਹੈ। ਉਹ ਬੜੇ ਦ੍ਰਿੜ ਸੰਕਲਪੀ, ਮਿਹਨਤੀ, ਸਾਹਸੀ, ਆਤਮ ਵਿਸ਼ਵਾਸੀ, ਤੇਜਸਵੀ ਪ੍ਰਭਾਵਸ਼ਾਲੀ, ਸਮਦਰਸ਼ੀ, ਤਿਆਗੀ, ਸੰਤੋਖੀ, ਪਰਉਪਕਾਰੀ ਅਤੇ ਨਿਮਰਤਾ ਦੇ ਪੁੰਜ ਸਨ। ਉਨ੍ਹਾਂ ਨੇ ਕਾਵਿ ਦੀ ਸਿਰਜਣਾ ਧਨ ਸੰਪਤੀ ਲਈ ਨਹੀਂ ਕੀਤੀ ਸਗੋਂ ਆਪਣੇ ਅਤੇ ਸਿੱਖ ਜਗਤ ਦੇ ਆਤਮ ਕਲਿਆਣ ਲਈ ਕੀਤੀ। ਭਾਈ ਸੰਤੋਖ ਸਿੰਘ ਨੇ ਆਪਣੇ ਕਾਵਿ ਦੇ ਚਮਤਕਾਰ ਨੂੰ ਕਿਸੇ ਰਾਜ-ਦਰਬਾਰ ਦੇ ਮਨੋਰੰਜਨ ਦਾ ਸਾਧਨ ਨਹੀਂ ਬਣਾਇਆ ਸਗੋਂ ਗੁਰੂ ਦਰਬਾਰ ਦੀ ਉਸਤਤੀ ਵਿਚ ਕਾਵਿ ਤੇ ਗਿਆਨ ਦੇ ਮੋਤੀ ਲੁਟਾਏ ਹਨ।

'ਗੁਰ ਪ੍ਰਤਾਪ ਸੂਰਜ' ਅਜਿਹਾ ਮਹਾਂਕਾਵਿ ਹੈ ਜਿਸ ਦਾ ਵਿਧਾਨ ਵੀ ਉਨ੍ਹਾਂ ਨੇ ਸ਼ਾਸਤ੍ਰੀਯ ਗ੍ਰੰਥਾਂ ਤੋਂ ਨਿਵੇਕਲਾ ਹੀ ਸਿਰਜਿਆ ਹੈ। ਉਨ੍ਹਾਂ ਨੇ ਸੂਰਜ ਦੀਆਂ ਰਾਸ਼ਾਂ

ਅਨੁਸਾਰ ਗ੍ਰੰਥ ਨੂੰ ਉਸਾਰਿਆ ਹੈ ਇਸ ਵਿਚ 12 ਰਾਸ਼ਾਂ, ਛੇ ਰੁੱਤਾਂ, ਦੋ ਐਨਾਂ ਅਤੇ 1152 ਅਧਿਆਇ ਹਨ। ਇਹ ਗ੍ਰੰਥ ਦਸ ਗੁਰੂ ਸਾਹਿਬਾਨਾਂ ਦੇ ਜੀਵਨ, ਪੰਜਾਬ ਦੇ ਇਤਿਹਾਸ, ਪੰਜਾਬ ਦੇ ਸਭਿਆਚਾਰ ਮੂਲ ਸਰੋਤ ਵਜੋਂ ਉਭਰਿਆ ਹੈ ਇਸ ਵਿਚ ਜਿੱਥੇ ਬੀਰ, ਸ਼ਾਂਤ, ਅਦਭੁੱਤ ਰਸਾਂ ਦੀ ਨਿਸ਼ਪਤੀ ਹੁੰਦੀ ਹੈ ਉੱਥੇ ਪ੍ਰਕ੍ਰਿਤੀ ਰੁੱਤਾਂ, ਤਿਉਹਾਰਾਂ, ਸਮਾਜਿਕ ਯਥਾਰਥ ਤੇ ਲੋਕ ਸਭਿਆਚਾਰ ਨੂੰ ਪੂਰੀ ਖ਼ੂਬਸੂਰਤੀ ਨਾਲ ਚਿਤਰਿਆ ਗਿਆ ਹੈ। ਇਹ ਗ੍ਰੰਥ ਪੰਜਾਬ ਦੇ ਇਤਿਹਾਸ ਤੇ ਸਭਿਆਚਾਰ ਦਾ ਵੱਡ-ਮੁੱਲਾ ਖ਼ਜ਼ਾਨਾ ਹੈ।

ਭਾਈ ਸੰਤੋਖ ਸਿੰਘ ਅਜਿਹੇ ਸ਼ਾਸਤ੍ਰੀਯ ਗ੍ਰੰਥਾਂ ਦੀ ਸਿਰਜਣਾ ਤਦੇ ਹੀ ਕਰ ਸਕੇ ਕਿਉਂ ਜੋ ਉਹ ਗਿਆਨੀ ਸੰਤ ਸਿੰਘ ਮੁਖ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸ਼ਗਿਰਦ ਸਨ ਅਤੇ ਕੈਥਲ ਨਰੇਸ਼ ਸਿੱਧੂ ਪਰਿਵਾਰ ਦੇ ਚਮਕਦੇ ਸਿਤਾਰੇ ਭਾਈ ਉਦੈ ਸਿੰਘ ਦੇ ਆਸਰਿਤ ਸਨ। ਕੈਥਲ ਨਰੇਸ਼ ਨੇ ਭਾਈ ਸੰਤੋਖ ਸਿੰਘ ਨੂੰ ਕੈਥਲ ਵਿਚ ਹਰ ਪ੍ਰਕਾਰ ਦਾ ਮਾਣ-ਇੱਜ਼ਤ, ਸੁੱਖ-ਸੁਵਿਧਾ, ਸ਼ਾਨੋ-ਸ਼ੌਕਤ ਪ੍ਰਦਾਨ ਕੀਤੀ। ਉਨ੍ਹਾਂ ਨੂੰ ਸ਼ੇਰਾਂ ਵਾਲੀ ਹਵੇਲੀ ਵਿਚ ਪਰਮ ਸਤਿਕਾਰ ਨਾਲ ਰਖਿਆ ਅਤੇ ਬਾਲਮੀਕੀ ਰਾਮਾਇਣ ਦੇ ਬ੍ਰਜ ਭਾਸ਼ਾ ਵਿਚ ਅਨੁਵਾਦ ਕਰਨ ਬਦਲੇ ਮੋਰਥਲੀ ਪਿੰਡ ਇਨਾਮ ਵਿਚ ਦਿੱਤਾ।

ਭਾਈ ਸੰਤੋਖ ਸਿੰਘ ਨੇ ਇਕ ਸੀਹਰਫ਼ੀ ਸ਼ੁੱਧ ਪੰਜਾਬੀ ਵਿਚ ਵੀ ਲਿਖੀ ਹੈ ਜੋ ਇਨ੍ਹਾਂ ਸਤਰਾਂ ਦੇ ਲੇਖਕ ਵਲੋਂ ਪੰਜਾਬੀ ਦੁਨੀਆਂ ਦੇ ਇਕ ਅੰਕ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ।

ਭਾਈ ਸੰਤੋਖ ਸਿੰਘ ਵਰਗੇ ਮਹਾਂਕਵੀ ਉੱਤੇ ਮੋਨੋਗ੍ਰਾਫ਼ ਲਿਖਣ ਦਾ ਵੰਗਾਰ ਭਰਿਆ ਕਾਰਜ ਡਾ. ਜੈ ਭਗਵਾਨ ਗੋਇਲ, ਪ੍ਰੋ. ਹਿੰਦੀ ਵਿਭਾਗ, ਕੁਰੁਕਸ਼ੇਤਰ ਯੂਨੀਵਰਸਿਟੀ, ਨੂੰ ਸੌਂਪਿਆ ਗਿਆ ਸੀ ਕਿਉਂਕਿ ਉਹ ਇਸ ਖੇਤਰ ਦੇ ਵਿਸ਼ੇਸ਼ਗ ਹਨ ਅਤੇ ਉਨ੍ਹਾਂ ਨੇ 'ਗੁਰ ਪ੍ਰਤਾਪ ਸੂਰਜ' ਉੱਤੇ ਖੋਜ-ਕਾਰਜ ਕੀਤਾ ਹੈ। ਡਾ. ਗੋਇਲ ਨੇ ਬੜੀ ਮਿਹਨਤ ਅਤੇ ਲਗਨ ਨਾਲ ਇਸ ਪੁਸਤਕ ਨੂੰ ਸਿਰੇ ਚਾੜ੍ਹਿਆ ਹੈ। ਯੂਨੀਵਰਸਿਟੀ ਪੱਧਰ ਤੇ ਇਸ ਨੂੰ ਪ੍ਰਕਾਸ਼ਿਤ ਕਰਨ ਦੀ ਵਿਸ਼ੇਸ਼ਗ ਰਾਇ ਡਾ. ਅਤਰ ਸਿੰਘ, ਮੁੱਖੀ, ਬਾਬਾ ਸ਼ੇਖ ਫਰੀਦ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਦਿੱਤੀ ਹੈ। ਮੈਂ ਇਨ੍ਹਾਂ ਸਿਰਮੌਰ ਵਿਦਵਾਨਾਂ ਦਾ ਤਹਿ ਦਿਲੋਂ ਮਸ਼ਕੂਰ ਹਾਂ। ਇਸ ਪੁਸਤਕ ਦੀ ਭਾਸ਼ਾ, ਵਾਕ ਬਣਤਰ ਦੀ ਸੁਧਾਈ ਕਰਨ ਦਾ ਕਾਰਜ, ਸ੍ਰੀ ਕਿਰਪਾਲ ਕਜ਼ਾਕ ਨੂੰ ਸੌਂਪਿਆ ਗਿਆ ਸੀ ਉਨ੍ਹਾਂ ਨੇ ਬੜੀ ਲਗਨ ਨਾਲ ਇਸ ਦਾ ਵਿਭਾਗੀ ਸੰਪਾਦਨ ਕੀਤਾ ਹੈ, ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ।

ਮੇਰਾ ਵਿਸ਼ਵਾਸ ਹੈ ਕਿ 'ਮਹਾਂਕਵੀ ਭਾਈ ਸੰਤੋਖ ਸਿੰਘ ਜੀਵਨ ਤੇ ਰਚਨਾ' ਪੁਸਤਕ ਨੂੰ ਪੰਜਾਬੀ ਜਗਤ ਆਪਣੀਆਂ ਪਲਕਾਂ ਉੱਤੇ ਰਖੇਗਾ।

ਅਜਮੇਰ ਸਿੰਘ
ਮੁਖੀ

ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਤਤਕਰਾ


| | | |
|---|---|---|
| | ਦੋ ਸ਼ਬਦ (ਵਾਈਸ ਚਾਂਸਲਰ) | (iii) |
| | ਕਾਵਿ-ਮਾਰਤੰਡ (ਵਿਭਾਗ ਦੇ ਮੁਖੀ ਵਲੋਂ) | (v) |
| 1. | ਜੀਵਨ-ਚਰਿਤ੍ਰ ਅਤੇ ਵਿਅਕਤੀਤੱਵ | 1 |
| 2. | ਰਚਨਾਵਾਂ | 9 |
| 3. | ਭਾਈ ਸੰਤੋਖ ਸਿੰਘ ਅਤੇ ਉਨ੍ਹਾਂ ਦਾ ਯੁੱਗ | 52 |
| 4. | ਭਾਈ ਸੰਤੋਖ ਸਿੰਘ ਦੇ ਅਧਿਆਤਮਕ ਵਿਚਾਰ | 62 |
| 5. | ਵਸਤੂ-ਵਰਣਨ ਅਤੇ ਦ੍ਰਿਸ਼ ਚਿੱਤਰਣ | 75 |
| 6. | ਪ੍ਰਕ੍ਰਿਤੀ ਚਿੱਤਰਣ | 82 |
| 7. | ਕਲਾ ਪੱਖ ਜਾਂ ਅਭਿਵਿਅਕਤੀ ਸ਼ਿਲਪ | 86 |
| 8. | ਅਲੰਕਾਰ-ਸੁੰਦਰਤਾ | 89 |
| 9. | ਛੰਦ-ਵਿਧਾਨ | 99 |
| | ਸਹਾਇਕ ਪੁਸਤਕ ਸੂਚੀ | 103 |

# 1

# ਜੀਵਨ-ਚਰਿੱਤ੍ਰ ਅਤੇ ਵਿਅਕਤੀਤੱਵ

ਕਾਵਿ ਵਿਚ ਜਿੱਥੇ ਉਨ੍ਹਾਂ ਦੇ ਵਰਣਿਤ ਵਸਤੂ ਪੱਖ ਦਾ ਮਹੱਤਵ ਹੈ, ਉੱਥੇ ਕਵੀ ਦੇ ਵਿਅਕਤੀਤੱਵ ਦਾ ਵੀ ਘੱਟ ਮਹੱਤਵ ਨਹੀਂ ਹੈ, ਕਿਉਂਕਿ ਕਵੀ ਆਪਣੇ ਜੀਵਨ ਦੇ ਅਨੁਭਵਾਂ ਨੂੰ ਤੇ ਅਨੁਭਵ ਕੀਤੀਆਂ ਹੋਈਆਂ ਘਟਨਾਵਾਂ ਅਤੇ ਤੱਥਾਂ ਨੂੰ, ਚੇਤਨ ਅਤੇ ਅਵਚੇਤਨ ਦੇ ਰਾਗ-ਵੈਰਾਗਾਂ ਨੂੰ ਕਾਵਿ ਵਿਚ ਪ੍ਰਗਟ ਕਰਦਾ ਹੈ। ਕਿਸੇ ਵੀ ਕਵੀ ਦੀ ਰਚਨਾ ਦੇ ਵਾਸਤਵਿਕ ਮੁਲਾਂਕਣ ਵਿਚ ਉਸ ਦੇ ਜੀਵਨ ਅਤੇ ਵਿਅਕਤੀਤੱਵ ਦਾ ਅਧਿਐਨ ਵੀ ਉਤਨਾ ਹੀ ਜ਼ਰੂਰੀ ਹੈ ਜਿਨ੍ਹਾਂ ਉਸ ਦੇ ਵਿਸ਼ਾ-ਵਸਤੂ ਦਾ ਵਿਸ਼ਲੇਸ਼ਣ।

ਭਾਈ ਸੰਤੋਖ ਸਿੰਘ ਅਨੁਸਾਰ, ਉਨ੍ਹਾਂ ਦੇ ਪਿਤਾ ਦਾ ਨਾਮ ਦੇਵਾ ਸਿੰਘ ਸੀ। ਭਾਈ ਕਾਨ੍ਹ ਸਿੰਘ ਦਾ ਕਥਨ ਹੈ ਕਿ ਇਨ੍ਹਾਂ ਦੇ ਪਿਤਾ ਨੂੰ ਵੇਦਾਂਤ ਅਤੇ ਗੁਰਬਾਣੀ ਦਾ ਚੰਗਾ ਗਿਆਨ ਪ੍ਰਾਪਤ ਸੀ। ਉਹ ਸਤਿਸੰਗੀ ਵਿਅਕਤੀ ਸਨ ਅਤੇ ਨਿਰਮਲੇ ਸੰਤਾਂ ਦੀ ਸੰਗਤ ਵਿਚ ਰਿਹਾ ਕਰਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀ ਵਿਦਵਤਾ ਅਤੇ ਸੰਤ-ਸੁਭਾਅ ਦਾ ਪ੍ਰਭਾਵ ਭਾਈ ਸੰਤੋਖ ਸਿੰਘ ਉੱਤੇ ਵੀ ਪਿਆ। ਨਿਰਮਲੇ ਸੰਤਾਂ ਦੇ ਸਿਧਾਂਤਾਂ ਤੋਂ ਵੀ ਉਹ ਇਸੇ ਲਈ ਪ੍ਰਭਾਵਿਤ ਹੋਏ ਜਾਪਦੇ ਹਨ।

ਸੰਤੋਖ ਸਿੰਘ ਜਾਤ ਦੇ 'ਛੀਪੇ' ਸਨ ਅਤੇ ਉਨ੍ਹਾਂ ਦਾ ਗੋਤ 'ਕਰੀਰ' ਸੀ। ਇਸ ਕਥਨ ਦੇ ਸੰਬੰਧ ਵਿਚ ਕਿਸੇ ਦਾ ਵੀ ਮਤਭੇਦ ਨਹੀਂ ਹੈ। ਉਨ੍ਹਾਂ ਦਾ ਵਿਆਹ ਜਗਾਧਰੀ ਦੇ ਇਕ ਖੱਤਰੀ 'ਰੂਹੀਲੇ' ਗੋਤ ਦੀ ਲੜਕੀ 'ਰਾਮ ਕੌਰ' ਨਾਲ ਹੋਇਆ ਸੀ।

ਉਨ੍ਹਾਂ ਦੇ ਜੀਵਨ-ਚਰਿੱਤ੍ਰ ਦੇ ਸੰਬੰਧ ਵਿਚ ਸਭ ਤੋਂ ਪ੍ਰਮੁੱਖ ਸਮੱਸਿਆ ਉਨ੍ਹਾਂ ਦੇ ਜਨਮ-ਸਥਾਨ ਅਤੇ ਜਨਮ-ਮਿਤੀ ਦਾ ਨਿਸ਼ਚਾ ਕਰਨ ਦੀ ਹੈ। ਉਨ੍ਹਾਂ ਦੇ ਜਨਮ-ਸਥਾਨ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਕਾਫ਼ੀ ਮਤ-ਭੇਦ ਹੈ। ਭਾਈ ਕਾਨ੍ਹ ਸਿੰਘ ਨੇ ਉਨ੍ਹਾਂ ਦਾ ਜਨਮ-ਸਥਾਨ ਅੰਮ੍ਰਿਤਸਰ ਲਿਖਿਆ ਹੈ। ਮੈਕਾਲਿਫ਼ ਦਾ ਵੀ ਇਹੋ ਮਤ ਹੈ ਕਿ ਉਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਚ ਹੀ ਹੋਇਆ। ਪਰੰਤੂ ਕੁਝ ਲੋਕਾਂ ਨੇ ਉਨ੍ਹਾਂ ਦਾ ਜਨਮ-ਸਥਾਨ 'ਬੂੜੀਆ' ਵੀ ਮੰਨਿਆ ਹੈ, ਜਿਸ ਦਾ ਅਧਾਰ ਭਾਈ ਸੰਤੋਖ ਸਿੰਘ ਦੀ ਇਹ ਨਿਮਨ ਲਿਖਤ ਪੰਕਤੀ ਹੈ।

'ਤਿਹ ਤੀਰ ਬੂੜੀਆ ਨਗਰ, ਇਕ ਕਵਿ ਨਿਕੇਤ ਲਖੀਏ ਤਹਾਂ ॥

(ਨਾ. ਪ੍ਰ. ਉੱਤਰਾਰਧ, ਅਧਿਆਇ 57 : 103)

ਭਾਈ ਵੀਰ ਸਿੰਘ ਨੇ ਇਨ੍ਹਾਂ ਦਾ ਜਨਮ-ਸਥਾਨ ਨੂਰਦੀ (ਜ਼ਿਲ੍ਹਾ ਅੰਮ੍ਰਿਤਸਰ) ਨਿਸ਼ਚਿਤ ਕੀਤਾ ਹੈ। ਉਨ੍ਹਾਂ ਦੇ ਕਥਨ ਅਨੁਸਾਰ ਵੱਡੇ ਹੋ ਕੇ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਵਿਦਿਆ

ਪ੍ਰਾਪਤ ਕੀਤੀ, ਇਸ ਤੋਂ ਬਾਅਦ ਉਨ੍ਹਾਂ ਨੂੰ ਪਿੰਡ ਦਾ ਇਕ ਵਿਅਕਤੀ ਦਿਆਲ ਸਿੰਘ ਆਪਣੇ ਨਾਲ ਦਿਆਲਗੜ੍ਹ ਵਿਖੇ ਲੈ ਗਿਆ ਅਤੇ ਉਹ ਕੁਝ ਸਮੇਂ ਤਕ ਉਥੇ ਹੀ ਰਹਿੰਦੇ ਰਹੇ। ਭਾਈ ਸੰਤੋਖ ਸਿੰਘ ਨੇ ਆਪਣੀ ਕਿਸੇ ਵੀ ਰਚਨਾ ਵਿਚ 'ਨੂਰਦੀ' ਪਿੰਡ ਦਾ ਉਲੇਖ ਨਹੀਂ ਕੀਤਾ। ਐਸੀ ਸਥਿਤੀ ਵਿਚ ਉਨ੍ਹਾਂ ਦਾ ਇਸ ਜਨਮ-ਸਥਾਨ ਨੂੰ ਸਵੀਕਾਰ ਕਰਨ ਵਿਚ ਕਈ ਪ੍ਰਕਾਰ ਦੇ ਸ਼ੱਕ ਪੈਦਾ ਹੋ ਜਾਂਦੇ ਹਨ।

ਭਾਈ ਕਾਨ੍ਹ ਸਿੰਘ ਨੇ ਇਨ੍ਹਾਂ ਦੇ ਪਿਤਾ ਨੂੰ ਬੂੜੀਆ ਪਿੰਡ ਦਾ ਰਹਿਣ ਵਾਲਾ ਮੰਨਿਆ ਹੈ ਪਰੰਤੂ ਅਜੇ ਤਕ ਵੀ ਵਿਸ਼ਵਾਸ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਦਾ ਜਨਮ ਬੂੜੀਆ ਵਿਚ ਹੀ ਹੋਇਆ ਸੀ। ਹਰਿਦੁਆਰ ਦੇ ਪਾਂਡੇ ਮੰਗਲਦੱਤ ਦੀਆਂ ਵਹੀਆਂ ਤੋਂ ਇਹ ਪ੍ਰਮਾਣਿਤ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਪਰਿਵਾਰ ਮੂਲ ਰੂਪ ਵਿਚ 'ਨੂਰਦੀ' ਪਿੰਡ ਦਾ ਹੀ ਰਹਿਣ ਵਾਲਾ ਸੀ।

ਇਸ ਤੋਂ ਇਹ ਸਿੱਧ ਤਾਂ ਹੋ ਜਾਂਦਾ ਹੈ ਕਿ ਇਨ੍ਹਾਂ ਦੇ ਪਰਿਵਾਰ ਦਾ ਜੱਦੀ ਨਿਵਾਸ-ਸਥਾਨ 'ਨੂਰਦੀ' ਹੀ ਸੀ ਪਰੰਤੂ ਭਾਈ ਸੰਤੋਖ ਸਿੰਘ ਦੇ ਜਨਮ-ਸਥਾਨ ਦੇ ਸੰਬੰਧ ਵਿਚ ਇਹ ਸ਼ੱਕ ਬਣਿਆ ਰਹਿੰਦਾ ਹੈ ਕਿ ਇਨ੍ਹਾਂ ਦਾ ਜਨਮ ਵੀ 'ਨੂਰਦੀ' ਵਿਚ ਹੀ ਹੋਇਆ ਅਤੇ ਉਹ ਖੁਦ ਬੂੜੀਆ ਆਏ, ਜਾਂ ਇਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਇਨ੍ਹਾਂ ਦੇ ਪਿਤਾ ਭਾਈ ਦੇਵਾ ਸਿੰਘ ਬੂੜੀਆ ਵਿਖੇ ਆ ਗਏ ਸਨ ਅਤੇ ਉੱਥੇ ਹੀ ਇਨ੍ਹਾਂ ਦਾ ਜਨਮ ਹੋਇਆ।

ਉਨ੍ਹਾਂ ਦਾ ਜਨਮ ਸਮਾਂ ਨਿਸ਼ਚਿਤ ਕਰਨ ਵਿਚ ਵੀ ਬਹੁਤਾ ਅਨੁਮਾਨ ਤੋਂ ਹੀ ਕੰਮ ਲੈਣਾ ਪੈਂਦਾ ਹੈ। ਭਾਈ ਕਾਨ੍ਹ ਸਿੰਘ ਅਤੇ ਭਾਈ ਵੀਰ ਸਿੰਘ ਨੇ ਇਨ੍ਹਾਂ ਦਾ ਜਨਮ ਸੰਮਤ 1845 ਬਿ. ਵਿਚ ਮੰਨਿਆ ਹੈ। ਮੈਕਾਲਿਫ ਨੇ ਵੀ ਇਨ੍ਹਾਂ ਦਾ ਜਨਮ 1788 ਈ. (ਸੰਮਤ 1845 ਬਿ.) ਲਿਖਿਆ ਹੈ।

ਭਾਈ ਸੰਤੋਖ ਸਿੰਘ ਨੇ ਆਪਣੀ ਪਹਿਲੀ ਰਚਨਾ 'ਨਾਮ ਕੋਸ਼' ਸੰਮਤ 1878 ਬਿ. ਵਿਚ ਪੂਰੀ ਕੀਤੀ ਸੀ। ਇਸ ਤੋਂ ਪਹਿਲਾਂ ਸੰਮਤ 1870 ਵਿਚ ਉਨ੍ਹਾਂ ਨੇ ਆਪਣੇ ਕਿਸੀ ਸਰਦਾਰ ਕੋਲ ਰਹਿਣ ਦਾ ਵੀ ਉਲੇਖ ਕੀਤਾ ਹੈ ਜੋ ਸੰਭਵ ਹੈ ਬੂੜੀਆ ਨਿਵਾਸ ਨਾਲ ਸੰਬੰਧਤ ਹੋਵੇ। ਇਸ ਸਮੇਂ ਤਕ ਉਹ ਚੰਗੀ ਕਾਵਿ-ਰਚਨਾ ਕਰਨ ਲੱਗ ਪਏ ਸਨ। ਉਨ੍ਹਾਂ ਨੂੰ ਸੰਸਕ੍ਰਿਤ ਭਾਸ਼ਾ, ਕਾਵਿ-ਸ਼ਾਸਤ੍ਰ ਅਤੇ ਵੇਦਾਂਤ ਆਦਿ ਦਾ ਵੀ ਕਾਫੀ ਗਿਆਨ ਹੋ ਗਿਆ ਸੀ। ਜੇਕਰ ਇਸ ਸਮੇਂ ਇਨ੍ਹਾਂ ਦੀ ਉਮਰ 25 ਵਰ੍ਹੇ ਵੀ ਮੰਨ ਲਈ ਜਾਵੇ, ਤਾਂ ਇਨ੍ਹਾਂ ਦਾ ਜਨਮ 1845 ਈ. ਦੇ ਨੇੜੇ ਦਾ ਹੀ ਬਣਦਾ ਹੈ। ਇਸ ਲਈ, ਕਿਸੇ ਨਿਸ਼ਚਿਤ ਪ੍ਰਮਾਣ ਦੇ ਅਭਾਵ ਵਿਚ ਇਨ੍ਹਾਂ ਦਾ ਜਨਮ-ਕਾਲ ਸੰਮਤ 1844-45 ਦੇ ਵਿਚਕਾਰ ਹੀ ਮੰਨ ਲਿਆ ਜਾਣਾ ਚਾਹੀਦਾ ਹੈ।

ਭਾਈ ਸੰਤੋਖ ਸਿੰਘ ਨੇ ਆਪਣੇ ਗੁਰੂ ਦਾ ਨਾਂ ਸੰਤ ਸਿੰਘ ਲਿਖਿਆ ਹੈ :

ਸ੍ਰੀਮਤਿ ਸਿਮਰਨ ਰਤਿ ਗੁਰੂ ਸੰਤ ਸਿੰਘ ਸ਼ੁਭ ਨਾਮ ॥
ਵਿਦਿਆ ਜਿਨ ਤੇਂ ਮੈਂ ਪੜੀ ਤਿਨ ਪਦ ਕਰੌਂ ਪ੍ਰਣਾਮ ॥

(ਨਾ. ਪ੍ਰ. ਉੱਤਰਾਰਧ-ਅਧਿਆਇ-57)

ਸੰਤ ਸਿੰਘ ਬੜੇ ਵਿਦਵਾਨ, ਭਗਵਾਨ ਦੇ ਸੱਚੇ ਭਗਤ, ਸੰਤ ਪ੍ਰੇਮੀ, ਧਾਰਮਿਕ ਬਿਰਤੀ ਵਾਲੇ ਅਤੇ ਸ੍ਰੇਸ਼ਠ ਕਵੀ ਸਨ। ਸੰਤ ਸਿੰਘ ਦੇ ਇਕ ਹੋਰ ਸ਼ਾਗਿਰਦ ਭਾਈ ਮੇਘ ਸਿੰਘ ਨੇ ਉਨ੍ਹਾਂ ਨੂੰ ਵਿਆਸ ਅਤੇ ਜਨਕ ਦੇ ਸਮਾਨ ਵਿਦਵਾਨ, ਅਤੇ ਭੀਸ਼ਮ ਦੇ ਸਮਾਨ ਧੀਰ ਅਤੇ ਬਲਵਾਨ ਕਿਹਾ ਹੈ। ਆਪ ਸ੍ਰੀ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਵਿਖੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਆਦਿ ਦੀ ਕਥਾ ਕਰਕੇ ਸਾਰੇ ਪੰਥਾਂ ਦੇ ਸਰੋਤਿਆਂ ਦਾ ਉਪਕਾਰ ਕਰਦੇ ਸਨ। ਸੰਤ ਸਿੰਘ ਦਾ ਸੰਸਕ੍ਰਿਤ ਅਤੇ ਬ੍ਰਜਭਾਸ਼ਾ ਉੱਤੇ ਪੂਰਣ ਅਧਿਕਾਰ ਸੀ। ਉਨ੍ਹਾਂ ਨੇ ਮਹਾਂਕਵੀ ਤੁਲਸੀਦਾਸ ਦੇ 'ਰਾਮਚਰਿਤਮਾਨਸ' ਦਾ ਵੀ ਬ੍ਰਜ ਭਾਸ਼ਾ ਵਿਚ ਅਨੁਵਾਦ ਕੀਤਾ ਸੀ। ਦਰਸ਼ਨ ਅਤੇ ਭਾਸ਼ਾ ਦੇ ਐਸੇ ਵਿਦਵਾਨ, ਕਾਵਿ-ਗਿਆਤਾ, ਉਦਾਰ-ਚਿੱਤ, ਪਰਉਪਕਾਰੀ ਗੁਰੂ ਤੋਂ ਵਿਦਿਆ ਪ੍ਰਾਪਤ ਕਰਨ ਦਾ ਸੁਭਾਗ, ਭਾਈ ਸੰਤੋਖ ਸਿੰਘ ਨੂੰ ਪ੍ਰਾਪਤ ਹੋਇਆ ਸੀ ਅਤੇ ਉਨ੍ਹਾਂ ਨੇ ਇਸ ਦਾ ਪੂਰਾ ਲਾਭ ਉਠਾਇਆ। ਇਨ੍ਹਾਂ ਦੇ ਦਿਲ ਵਿਚ ਆਪਣੇ ਇਸ ਵਿਦਵਾਨ ਗੁਰੂ ਪ੍ਰਤੀ ਬਹੁਤ ਜ਼ਿਆਦਾ ਸ਼ਰਧਾ ਅਤੇ ਆਦਰ ਸੀ। ਇਨ੍ਹਾਂ ਨੇ ਭਾਈ ਸੰਤੋਖ ਸਿੰਘ ਦੇ ਵਿਅਕਤੀਤੱਵ ਨੂੰ ਢਾਲਣ ਅਤੇ ਪ੍ਰਤਿਭਾ ਨੂੰ ਵਿਕਸਿਤ ਕਰਨ ਵਿਚ ਸੱਚੇ ਗੁਰੂ ਦਾ ਕਾਰਜ ਕੀਤਾ ਸੀ। ਇਨ੍ਹਾਂ ਦੀ ਸੇਵਾ ਵਿਚ ਰਹਿੰਦੇ ਹੋਏ ਭਾਈ ਸੰਤੋਖ ਸਿੰਘ ਨੇ ਭਾਰਤੀ ਦਰਸ਼ਨ, ਪੁਰਾਣ, ਕਾਵਿ ਸ਼ਾਸਤਰ, ਸੰਸਕ੍ਰਿਤ ਭਾਸ਼ਾ ਆਦਿ ਦਾ ਗੰਭੀਰ ਅਧਿਐਨ ਕੀਤਾ ਸੀ। 15 ਵਰ੍ਹੇ ਭਾਈ ਸੰਤ ਸਿੰਘ ਦੇ ਪਾਸ ਵਿਦਿਆ ਅਧਿਐਨ ਕਰਨ ਮਗਰੋਂ ਉਹ ਬੂੜੀਆ ਚਲੇ ਗਏ ਸਨ ਜਿਥੇ 1870 ਬਿਕ੍ਰਮੀ ਵਿਚ ਕਿਸੇ ਸਰਦਾਰ ਪਾਸ ਰਹਿਣ ਦਾ ਸੰਕੇਤ ਆਪ ਨੇ ਕੀਤਾ ਹੈ।[1]

ਭਾਈ ਵੀਰ ਸਿੰਘ ਨੇ ਇਨ੍ਹਾਂ ਦਾ ਦਿਆਲਗੜ੍ਹ ਦੇ ਸਰਦਾਰ ਸ੍ਰੀ ਭਗਵਾਨ ਸਿੰਘ ਦੇ ਆਸ਼ਰਿਤ ਰਹਿਣਾ ਮੰਨਿਆ ਹੈ ਜੋ ਉਚਿੱਤ ਨਹੀਂ ਜਾਪਦਾ ਕਿਉਂਕਿ ਬੂੜੀਆ ਅਤੇ ਦਿਆਲਗੜ੍ਹ ਦੋ ਵੱਖ ਵੱਖ ਸਥਾਨ ਹਨ ਅਤੇ ਜੇਕਰ ਇਹ ਦਿਆਲਗੜ੍ਹ ਰਹੇ ਹੁੰਦੇ ਤਾਂ ਉਹ ਇਸੇ ਥਾਂ ਦਾ ਨਾਂ ਕਿਉਂ ਨਾ ਲਿਖਦੇ ?

ਭਾਈ ਕਾਨ੍ਹ ਸਿੰਘ ਅਤੇ ਭਾਈ ਵੀਰ ਸਿੰਘ ਅਨੁਸਾਰ, ਉਹ 1884 ਬਿਕ੍ਰਮੀ ਵਿਚ ਕੈਥਲ ਚਲੇ ਗਏ ਸਨ ਜਿਥੇ 1886 ਬਿਕ੍ਰਮੀ ਵਿਚ ਇਨ੍ਹਾਂ ਨੇ 'ਗਰਬ-ਗੰਜਨੀ' ਨੂੰ ਪੂਰਨ ਕੀਤਾ। ਭਾਈ ਸੰਤੋਖ ਸਿੰਘ ਦੇ 'ਪਰਾਲਬਧ ਕਰ ਕਿਤ-ਕਿਤ ਰਹੇ' ਕਥਨ ਤੋਂ ਸੰਕੇਤ ਮਿਲਦਾ ਹੈ ਕਿ ਬੂੜੀਆ ਛੱਡਣ ਤੋਂ ਬਾਅਦ ਉਹ ਕਈ ਥਾਵਾਂ ਤੇ ਰਹੇ।

'ਗੁਰ ਪ੍ਰਤਾਪ ਸੂਰਜ' ਵਿਚ ਇਨ੍ਹਾਂ ਨੇ ਕਰਤਾਰਪੁਰ, ਹੜਿਆਇਆ, ਖਿਆਲਾ, ਬਾਰਨੇ, ਬਨੀਬਦਰ ਪੁਰ, ਮੁਕੰਦਪੁਰ, ਰਾਣੀ ਦਾ ਰਾਇਪੁਰ, ਚੋਕ੍ਹਾ, ਠਸਕਾ ਆਦਿ ਹੋਰ ਕਈ ਥਾਵਾਂ ਉੱਤੇ ਜਾਣ ਦਾ ਵੀ ਵਰਣਨ ਕੀਤਾ ਹੈ। ਇਹ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਤਿਹਾਸਿਕ ਸਮੱਗਰੀ ਇਕੱਠੀ ਕਰਨ ਲਈ ਆਪ ਦਿੱਲੀ, ਪਾਉਂਟਾ, ਆਨੰਦਪੁਰ, ਊਨਾ, ਪਟਿਆਲਾ ਆਦਿ ਥਾਵਾਂ ਉੱਤੇ ਵੀ ਗਏ ਹੋਣਗੇ।

ਭਾਈ ਵੀਰ ਸਿੰਘ ਦਾ ਕਥਨ ਹੈ ਕਿ 188) ਬਿਕ੍ਰਮੀ ਵਿਚ ਬੂੜੀਆ ਛੱਡਣ ਤੋਂ ਬਾਅਦ ਲਗਭਗ 4 ਵਰ੍ਹੇ ਤਕ ਉਹ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਦੇ ਆਸ਼ਰਿਤ

ਰਹੇ, ਕਿੰਤੂ ਸਾਨੂੰ ਇਸ ਵਿਚ ਸ਼ੱਕ ਹੈ । ਉਹ ਹੜਿਆਇਆ ਆਦਿ ਸਥਾਨਾਂ ਉੱਤੇ ਪਹੁੰਚਦੇ ਹੋਏ ਪਟਿਆਲਾ ਵੀ ਜ਼ਰੂਰ ਠਹਿਰੇ ਹੋਣਗੇ ਅਤੇ ਜ਼ਿਆਦਾ ਸੰਭਾਵਨਾ ਇਹੋ ਹੈ ਕਿ ਉਹ ਸਮਾਂ ਵੀ 1880 ਅਤੇ 1884 ਬਿਕ੍ਰਮੀ ਦੇ ਵਿਚਕਾਰ ਦਾ ਹੀ ਰਿਹਾ ਹੋਵੇਗਾ । ਪਰੰਤੂ ਇਥੇ ਉਹ ਚਾਰ ਵਰ੍ਹੇ ਤਕ ਰਹੇ ਹੋਣਗੇ, ਇਸ ਵਿਚ ਸਾਨੂੰ ਸ਼ੱਕ ਹੈ ।

ਇਨ੍ਹਾਂ ਦੀ ਪ੍ਰਸਿੱਧੀ ਸੁਣ ਕੇ ਕੈਥਲ ਦੇ ਨਰੇਸ਼ ਭਾਈ ਉਦੇ ਸਿੰਘ ਨੇ ਇਨ੍ਹਾਂ ਨੂੰ ਸਨਮਾਨ-ਪੂਰਬਕ ਬੁਲਾ ਕੇ ਆਪਣੇ ਪਾਸ ਰਖਿਆ । ਇਹ ਸਮਾਂ 1884 ਬਿਕ੍ਰਮੀ ਦੇ ਨੇੜੇ ਦਾ ਹੀ ਰਿਹਾ ਹੋਵੇਗਾ ਕਿਉਂਕਿ 1886 ਬਿਕ੍ਰਮੀ ਵਿਚ ਇਨ੍ਹਾਂ ਨੇ ਆਪਣੇ ਆਸ਼ਰਿਤ ਦਾਤਾ ਭਾਈ ਉਦੇ ਸਿੰਘ ਦੀ ਬੇਨਤੀ ਕਰਨ ਤੇ 'ਗਰਬ-ਗੰਜਨੀ' ਦੇ ਪੂਰਨ ਹੋਣ ਦਾ ਵਰਣਨ ਕੀਤਾ ਹੈ । ਇਸ ਰਚਨਾ ਦਾ ਅਰੰਭ ਉਥੇ ਹੀ ਹੋਇਆ ਸੀ ਅਤੇ ਇਸ ਨੂੰ ਸੰਪੂਰਨ ਕਰਨ ਵਿਚ ਦੋ ਵਰ੍ਹੇ ਤਾਂ ਲਗ ਹੀ ਗਏ ਹੋਣਗੇ ।

ਭਾਈ ਵੀਰ ਸਿੰਘ ਨੇ ਸੰਤੋਖ ਸਿੰਘ ਦਾ ਕ੍ਰਮਵਾਰ ਦਿਆਲਗੜ੍ਹ ਨਰੇਸ਼ ਭਗਵਾਨ ਸਿੰਘ, ਪਟਿਆਲਾ-ਨਰੇਸ਼ ਕਰਮ ਸਿੰਘ ਅਤੇ ਕੈਥਲ ਨਰੇਸ਼-ਉਦੇ ਸਿੰਘ ਦੇ ਪਾਸ ਰਹਿਣ ਦਾ ਵਰਣਨ ਕੀਤਾ ਹੈ । ਭਾਈ ਕਾਨ੍ਹ ਸਿੰਘ ਨੇ ਕੇਵਲ ਪਟਿਆਲਾ ਅਤੇ ਕੈਥਲ ਦੇ ਉਪਰੋਕਤ ਆਸਰਾਦਾਤਾਵਾਂ ਦਾ ਹੀ ਵਰਣਨ ਕੀਤਾ ਹੈ । ਮੈਕਾਲਿਫ਼ ਇਨ੍ਹਾਂ ਦੋਵਾਂ ਸਥਾਨਾਂ ਦੇ ਆਸਰਾਦਾਤਾਵਾਂ ਦੇ ਸੰਬੰਧ ਵਿਚ ਤਾਂ ਸਹਿਮਤ ਹੁੰਦਾ ਹੈ ਪਰੰਤੂ ਬੂੜੀਆ ਵਿਚ ਉਹ ਇਨ੍ਹਾਂ ਦਾ ਸਰਦਾਰ ਮੇਘ ਸਿੰਘ ਦੇ ਪਾਸ ਹੀ ਰਹਿਣਾ ਸਵੀਕਾਰ ਕਰਦਾ ਹੈ ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਥਲ ਵਿਚ ਉਨ੍ਹਾਂ ਨੂੰ ਰਾਜ-ਆਸਰਿਤ ਪ੍ਰਾਪਤ ਸੀ, ਕਿੰਤੂ ਬੂੜੀਆ ਅਤੇ ਪਟਿਆਲਾ ਵਿਚ ਵੀ ਉਹ ਰਾਜ-ਆਸਰਿਤ ਵਿਚ ਸਨ, ਇਹ ਸ਼ੱਕ ਵਾਲੀ ਗੱਲ ਹੈ । ਬੂੜੀਆ ਵਿਚ ਲੋਕਾਂ ਦਾ ਕਹਿਣਾ ਹੈ ਕਿ ਉਹ ਕਥਾ ਆਦਿ ਕਰਕੇ ਆਪਣਾ ਨਿਰਬਾਹ ਕਰਦੇ ਸਨ । ਮੇਘ ਸਿੰਘ ਨਾਂ ਦੇ ਇਕ ਧਨੀ ਸਰਦਾਰ ਤੋਂ ਵੀ ਇਨ੍ਹਾਂ ਨੂੰ ਸਹਾਇਤਾ ਮਿਲਦੀ ਰਹਿੰਦੀ ਸੀ । ਮੈਕਾਲਿਫ਼ ਸਾਹਿਬ ਨੇ ਵੀ ਇਨ੍ਹਾਂ ਦਾ ਮੇਘ ਸਿੰਘ ਪਾਸ ਰਹਿਣ ਦਾ ਵਰਣਨ ਕੀਤਾ ਹੈ । ਭਾਈ ਸੰਤੋਖ ਸਿੰਘ ਨੇ ਖ਼ੁਦ ਵੀ ਉਸ ਸਮੇਂ ਆਪਣਾ ਕਿਸੇ 'ਮਹਾਨ ਸਰਦਾਰ' ਪਾਸ ਠਹਿਰਨ ਦਾ ਸੰਕੇਤ ਤਾਂ ਕੀਤਾ ਹੈ ਪਰ ਰਾਜ-ਆਸਰਿਤ ਹੋਣ ਦਾ ਨਹੀਂ । ਸੰਭਵ ਹੈ ਉਹ 'ਮਹਾਨ ਸਰਦਾਰ' ਮੇਘ ਸਿੰਘ ਹੀ ਹੋਣ ।

ਪਟਿਆਲਾ ਦੇ ਆਪਣੇ ਕਿਸੀ ਆਸਰਾਦਾਤਾ ਦਾ ਨਾਂ ਉਨ੍ਹਾਂ ਨੇ ਨਹੀਂ ਲਿਖਿਆ ਅਤੇ ਨਾ ਹੀ ਕਰਮ ਸਿੰਘ ਦੇ ਸੰਬੰਧ ਵਿਚ ਪ੍ਰਸ਼ੰਸਾਤਮਿਕ ਜਾਂ ਮੰਗਲ-ਕਾਮਨਾ ਸੰਬੰਧੀ ਕੋਈ ਪਦ ਹੀ ਲਿਖਿਆ ਹੈ । ਭਾਈ ਸੰਤੋਖ ਸਿੰਘ ਦੇ ਵੰਸ਼ਜ (ਦਿਆਲ ਸਿੰਘ ਆਦਿ ਦੇ ਮਤ ਅਨੁਸਾਰ ਉਹ ਪਟਿਆਲਾ ਵਿਚ ''ਵੀਰ ਸਿੰਘ ਦੇ ਬੁੰਗੇ' ਵਿਚ ਰਹਿੰਦੇ ਸਨ । ਇਸ ਲਈ ਸਾਡਾ ਵਿਸ਼ਵਾਸ ਹੈ ਕਿ ਇੱਥੇ ਵੀ ਉਨ੍ਹਾਂ ਨੂੰ ਕਿਸੀ ਪ੍ਰਕਾਰ ਦਾ ਰਾਜ-ਆਸਰਾ ਪ੍ਰਾਪਤ ਨਹੀਂ ਸੀ ।

ਕੈਥਲ ਨਰੇਸ਼ ਮਹਾਰਾਜਾ ਉਦੇ ਸਿੰਘ ਦੇ ਆਸਰੇ ਵਿਚ ਉਨ੍ਹਾਂ ਨੇ 'ਗਰਬ

ਗੰਜਨੀ', 'ਬਾਲਮੀਕੀ ਰਮਾਇਣ ਭਾਸ਼ਾ', 'ਗੁਰ ਪ੍ਰਤਾਪ ਸੂਰਜ' ਆਦਿ ਜਿਹੜੀਆਂ ਰਚਨਾਵਾਂ ਨੂੰ ਲਿਖਿਆ, ਉਨ੍ਹਾਂ ਸਾਰੀਆਂ ਵਿਚ ਅਨੇਕ ਸਥਾਨਾਂ ਉੱਤੇ ਆਪਣੇ ਆਸਰਾ-ਦਾਤਾ ਦੇ ਨਾਂ ਦਾ ਵਰਣਨ ਕੀਤਾ ਹੈ। ਭਾਈ ਉਦੈ ਸਿੰਘ ਨੇ ਇਨ੍ਹਾਂ ਨੂੰ ਖ਼ੁਦ ਬੁਲਾ ਕੇ ਆਪਣੇ ਪਾਸ ਰਖਿਆ ਸੀ। ਭਾਈ ਸੰਤੋਖ ਸਿੰਘ ਨੇ ਉਦੈ ਸਿੰਘ ਦੇ ਵੰਸ਼, ਉਨ੍ਹਾਂ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਅਤੇ ਉਨ੍ਹਾਂ ਦੇ ਗੁਣਾਂ ਦਾ ਵਰਣਨ ਇਨ੍ਹਾਂ ਸਾਰੇ ਗ੍ਰੰਥਾਂ ਵਿਚ ਕੀਤਾ ਹੈ। ਉਦੈ ਸਿੰਘ ਦੀ ਦਾਨਸ਼ੀਲਤਾ ਅਤੇ ਬੀਰਤਾ ਦੀ ਪ੍ਰਸ਼ੰਸਾ ਕਰਦੇ ਹੋਏ ਅਤੇ ਉਨ੍ਹਾਂ ਦੀ ਮੰਗਲ-ਕਾਮਨਾ ਕਰਦੇ ਹੋਏ ਆਪਣੀ ਅਹਿਸਾਨਮੰਦੀ ਵੀ ਪ੍ਰਗਟ ਕੀਤੀ ਹੈ। ਇਨ੍ਹਾਂ ਅਨੁਸਾਰ ਭਾਈ ਉਦੈ ਸਿੰਘ ਇਕ ਸਾਹਿਤ-ਪ੍ਰੇਮੀ ਵਿਦਵਾਨ, ਨਿਮਰਤਾ ਵਾਲੇ, ਧਾਰਮਿਕ ਬਿਰਤੀ ਵਾਲੇ, ਗੁਣ-ਗ੍ਰਾਹੀ, ਉਦਾਰ ਅਤੇ ਦਾਨੀ ਵਿਅਕਤੀ ਸਨ। ਉਨ੍ਹਾਂ ਦੀ ਪ੍ਰੇਰਣਾ ਸਦਕਾ ਇਨ੍ਹਾਂ ਨੇ 'ਗਰਬ ਗੰਜਨੀ' (ਜਪੁਜੀ ਦਾ ਟੀਕਾ), 'ਬਾਲਮੀਕੀ ਰਮਾਇਣ' (ਅਨੁਵਾਦ) ਅਤੇ 'ਗੁਰ ਪ੍ਰਤਾਪ ਸੂਰਜ' ਗ੍ਰੰਥਾਂ ਦੀ ਰਚਨਾ ਕੀਤੀ।

ਕੈਥਲ ਵਿਚ ਆਪ ਜੀਵਨ ਦੇ ਅੰਤਿਮ ਦਿਨਾਂ ਤਕ ਸੁੱਖਪੂਰਬਕ ਰਹੇ। ਰਾਜ ਵਿਚ ਆਪ ਨੂੰ ਬੜਾ ਸਨਮਾਨ ਪ੍ਰਾਪਤ ਸੀ। ਰਹਿਣ ਲਈ ਇਕ ਵੱਡੀ ਹਵੇਲੀ ਮਿਲੀ ਹੋਈ ਸੀ, ਜਿਸ ਨੂੰ 'ਸ਼ੇਰਾਂ ਵਾਲੀ ਹਵੇਲੀ' ਕਿਹਾ ਜਾਂਦਾ ਸੀ। 'ਗਰਬ-ਗੰਜਨੀ' ਅਤੇ 'ਬਾਲਮੀਕੀ ਰਮਾਇਣ ਭਾਸ਼ਾ' ਤੋਂ ਖ਼ੁਸ਼ ਹੋ ਕੇ ਉਦੈ ਸਿੰਘ ਨੇ ਇਨ੍ਹਾਂ ਨੂੰ ਪੁਰਸਕਾਰ ਰੂਪ ਵਿਚ ਕੁਝ ਪਿੰਡ ਵੀ ਦਿੱਤੇ ਸਨ।

ਭਾਈ ਉਦੈ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਕੋਈ ਸੰਤਾਨ ਨਾ ਹੋਣ ਕਾਰਨ ਅੰਗਰੇਜ਼ਾਂ ਨੇ ਉਨ੍ਹਾਂ ਦੀ ਵੀਰ ਪਤਨੀ ਰਾਣੀ ਮਹਿਤਾਬ ਕੌਰ ਨੂੰ ਯੁੱਧ ਵਿਚ ਹਰਾ ਕੇ ਉਨ੍ਹਾਂ ਦੇ ਰਾਜ ਉੱਤੇ ਅਧਿਕਾਰ ਜਮਾ ਲਿਆ ਸੀ। ਉਸ ਸਮੇਂ ਕੈਥਲ ਵਿਚ ਜੋ ਭਿਅੰਕਰ ਲੁੱਟ ਮੱਚੀ, ਉਸ ਦਾ ਵਰਣਨ ਕਵੀ ਨੇ ਬੜੇ ਕਰੁਣਾਪੂਰਨ ਢੰਗ ਨਾਲ ਪੇਸ਼ ਕੀਤਾ ਹੈ। ਇਸ ਲੁੱਟ ਵਿਚ ਤਾਂ ਸੰਤਾਂ ਦੇ ਆਸ਼ਰਮਾਂ ਨੂੰ ਵੀ ਉਜਾੜ ਦਿੱਤਾ ਗਿਆ ਸੀ, ਪਰੰਤੂ ਗੁਰੂਦੇਵ ਦੀ ਕਿਰਪਾ ਨਾਲ ਆਪ ਨੂੰ ਕੋਈ ਹਾਨੀ ਨਹੀਂ ਹੋਈ। ਫਿਰ ਵੀ ਇਸ ਅਰਾਜਕਤਾ ਅਤੇ ਅਸ਼ਾਂਤੀ ਨਾਲ ਇਨ੍ਹਾਂ ਦਾ ਮਨ ਦੁੱਖੀ ਤੇ ਨਿਰਾਸ਼ ਹੋ ਗਿਆ ਸੀ।

ਇਨ੍ਹਾਂ ਦੀ ਮੌਤ ਕਦੋਂ ਅਤੇ ਕਿਥੇ ਹੋਈ, ਇਸ ਸੰਬੰਧ ਵਿਚ ਕੋਈ ਵੀ ਸਮਕਾਲੀਨ ਪ੍ਰਮਾਣ ਪ੍ਰਾਪਤ ਨਹੀਂ ਹੋਇਆ। ਭਾਈ ਕਾਨ੍ਹ ਸਿੰਘ ਅਨੁਸਾਰ, ਇਨ੍ਹਾਂ ਦੀ ਮੌਤ (ਸੰਮਤ 1900) ਕੈਥਲ ਵਿਚ ਹੋਈ। ਭਾਈ ਵੀਰ ਸਿੰਘ ਵੀ ਇਨ੍ਹਾਂ ਦੀ ਮੌਤ ਕੱਤਕ ਸੁਦੀ ਜਾਂ ਬਦੀ ਇਕਾਦਸ਼ੀ ਸੰਮਤ 1900 ਨੂੰ ਮੰਨਦੇ ਹਨ। ਪ੍ਰਚਲਿਤ ਦੰਤ-ਕਥਾਵਾਂ ਦੇ ਆਧਾਰ 'ਤੇ ਉਨ੍ਹਾਂ ਦੀ ਧਾਰਨਾ ਹੈ ਕਿ ਸੰਮਤ 1900 ਦੇ ਅੰਤ ਵਿਚ ਉਹ 'ਗੁਰ ਪ੍ਰਤਾਪ ਸੂਰਜ' ਨੂੰ ਸਮਾਪਤ ਕਰਕੇ ਉਸ ਨੂੰ ਸ੍ਰੀ ਹਰਿਮੰਦਿਰ ਸਾਹਿਬ (ਅੰਮ੍ਰਿਤਸਰ) ਭੇਟ ਕਰਨ ਗਏ ਸਨ। ਉੱਥੋਂ ਜਦੋਂ ਵਾਪਸ ਆਏ ਤਾਂ ਸਰੀਰ ਕਮਜ਼ੋਰ ਹੋ ਗਿਆ ਸੀ, ਜਿਹੜਾ ਪਹਿਲਾਂ ਨਾਲੋਂ ਵੱਧ ਕਮਜ਼ੋਰ ਹੋ ਚੁੱਕੀ ਸੀ। ਇਸ ਲਈ ਇਸ ਦੇ ਤੁਰੰਤ ਬਾਅਦ ਹੀ ਇਨ੍ਹਾਂ ਦਾ ਸਵਰਗਵਾਸ ਹੋ ਗਿਆ।

ਭਾਈ ਸੰਤੋਖ ਸਿੰਘ ਨੇ ਚੇਤਰ ਸੰਮਤ 1900 ਦੀ ਕੈਥਲ ਦੀ ਲੁੱਟ ਦਾ 'ਗੁਰ

ਪ੍ਰਤਾਪ ਸੂਰਜ' ਗ੍ਰੰਥ ਵਿਚ ਵਰਣਨ ਕੀਤਾ ਹੈ। ਇਸ ਗ੍ਰੰਥ ਦੀ ਸਮਾਪਤੀ ਸਾਵਣ ਸੰਮਤ 1900 ਵਿਚ ਹੋਈ। ਹਰਿਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਵਿਚ ਬਿਕ੍ਰਮੀ 1903 ਦੀ ਇਕ ਗਵਾਹੀ ਹੈ, ਜਿਸ ਵਿਚ ਉਨ੍ਹਾਂ ਨੇ ਵੱਡੇ ਭਾਈ ਬਸਤਾ ਸਿੰਘ ਅਤੇ ਉਨ੍ਹਾਂ ਦੀ ਪਤਨੀ ਦੇ ਉਥੇ ਜਾਣ ਦਾ ਵਰਣਨ ਤਾਂ ਹੈ ਪਰੰਤੂ ਉਸ ਵਰਣਨ ਵਿਚ ਇਨ੍ਹਾਂ ਦਾ ਆਪਣਾ ਨਾਂ ਨਹੀਂ ਹੈ। ਸੰਮਤ 1911, 1918 ਅਤੇ 1936 ਦੇ ਵੇਰਵਿਆਂ ਵਿਚ ਵੀ ਇਨ੍ਹਾਂ ਦਾ ਨਾਂ ਨਹੀਂ ਹੈ। ਇਸ ਤੋਂ ਇਹ ਸੰਭਾਵਨਾ ਹੁੰਦੀ ਹੈ ਕਿ ਇਨ੍ਹਾਂ ਦੀ ਮੌਤ ਸੰਮਤ 1903 ਤੋਂ ਪਹਿਲਾਂ ਹੀ ਹੋ ਚੁੱਕੀ ਸੀ। 1900 ਦੇ ਬਾਅਦ ਦੀ ਇਨ੍ਹਾਂ ਦੀ ਕੋਈ ਰਚਨਾ ਵੀ ਪ੍ਰਾਪਤ ਨਹੀਂ ਹੋਈ। ਇਸ ਲਈ ਅਸੀਂ ਸਵੀਕਾਰ ਕਰ ਸਕਦੇ ਹਾਂ ਕਿ ਇਨ੍ਹਾਂ ਦਾ ਦੇਹਾਂਤ ਸੰਮਤ 1900 ਵਿਚ ਕੈਥਲ ਵਿਚ ਹੀ ਹੋਇਆ।

**ਵਿਅਕਤੀਤੱਵ**

ਭਾਈ ਸੰਤੋਖ ਸਿੰਘ ਇਕ ਐਸੇ ਮਹਾਂ-ਗਿਆਤਾ, ਸ਼ਾਸਤਰਾਂ ਦੇ ਜਾਣਕਾਰ ਅਤੇ ਵਿਦਵਾਨ ਸਨ ਜਿਨ੍ਹਾਂ ਨੇ ਕਾਵਿ ਕਲਾ ਤੋਂ ਇਲਾਵਾ ਦਰਸ਼ਨ, ਜੋਤਿਸ਼, ਰਾਜਨੀਤੀ, ਸ਼ਸਤਰ-ਵਿਦਿਆ, ਯੁੱਧ-ਵਿਦਿਆ, ਘੋੜ-ਵਿਦਿਆ, ਵੈਦਿਕ, ਸੰਗੀਤ ਆਦਿ ਵਿਸ਼ਿਆਂ ਵਿਚ ਵੀ ਆਪਣੀ ਲਿਖਿਤ ਦਾ ਚਮਤਕਾਰ ਵਿਖਾਇਆ ਹੈ। ਉਨ੍ਹਾਂ ਦਾ ਗੰਭੀਰ ਅਤੇ ਵਿਸ਼ਾਲ ਅਧਿਐਨ ਸੀ। ਤਾਂ ਹੀ ਉਨ੍ਹਾਂ ਨੇ 'ਮਹਾਂਭਾਰਤ', 'ਰਮਾਇਣ', ਪੁਰਾਣਾਂ ਆਦਿ ਤੋਂ ਅਨੇਕ ਉਦਾਹਰਣਾਂ ਦਿੱਤੀਆਂ ਹਨ। ਹਿੰਦੀ ਦੇ ਅਨੇਕ ਪ੍ਰਸਿੱਧ ਕਵੀਆਂ ਦੇ ਪ੍ਰਸੰਗਾਂ ਦੀ ਛਾਪ ਵੀ ਇਨ੍ਹਾਂ ਦੇ ਕਾਵਿ ਵਿਚ ਸਪੱਸ਼ਟ ਦਿਖਾਈ ਦਿੰਦੀ ਹੈ। ਸਿੱਖ ਅਤੇ ਮੁਗ਼ਲ ਇਤਿਹਾਸ ਦਾ ਵੀ ਇਨ੍ਹਾਂ ਨੂੰ ਵਿਸ਼ਾਲ ਗਿਆਨ ਸੀ। ਉਸ ਦੇ ਆਧਾਰ ਤੇ ਇਨ੍ਹਾਂ ਨੇ 'ਨਾਨਕ ਪ੍ਰਕਾਸ਼' ਅਤੇ 'ਗੁਰ-ਪ੍ਰਤਾਪ ਸੂਰਜ' ਗ੍ਰੰਥਾਂ ਦੀ ਰਚਨਾ ਕੀਤੀ। ਵੇਦਾਂਤ ਉੱਤੇ ਇਨ੍ਹਾਂ ਨੂੰ ਏਨਾ ਅਧਿਕਾਰ ਪ੍ਰਾਪਤ ਸੀ ਕਿ ਭਗਤੀ, ਕਰਮ, ਯੋਗ, ਗਿਆਨ ਆਦਿ ਦਾ ਵਿਸਥਾਰ-ਪੂਰਬਕ ਵਿਵੇਚਨ ਕੀਤਾ ਅਤੇ 'ਗੁਰੂ ਗ੍ਰੰਥ ਸਾਹਿਬ', 'ਦਸਮ ਗ੍ਰੰਥ' ਅਤੇ ਭਾਈ ਗੁਰਦਾਸ ਆਦਿ ਦੀ ਗਵਾਹੀ ਦਿੰਦੇ ਹੋਏ ਸਿੱਖ ਮੱਤ ਦੇ ਦਾਰਸ਼ਨਿਕ ਦ੍ਰਿਸ਼ਟੀਕੋਣ ਦਾ ਸਹੀ ਰੂਪ ਵਿਚ ਵਰਣਨ ਕੀਤਾ। ਛੰਦ ਅਤੇ ਅਲੰਕਾਰ ਸ਼ਾਸਤਰ ਉੱਤੇ ਇਨ੍ਹਾਂ ਦਾ ਅਧਿਕਾਰ, ਇਨ੍ਹਾਂ ਦੇ ਕਾਵਿ ਵਿਚ ਕਿਧਰੇ ਵੀ ਵੇਖਿਆ ਜਾ ਸਕਦਾ ਹੈ। ਆਪ ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਦੇ ਤਾਂ ਮਹਾਂ ਪੰਡਿਤ ਸਨ ਹੀ, ਇਨ੍ਹਾਂ ਤੋਂ ਇਲਾਵਾ ਅਰਬੀ, ਫ਼ਾਰਸੀ, ਪਹਾੜੀ, ਲਹਿੰਦੀ ਆਦਿ ਭਾਸ਼ਾਵਾਂ ਦਾ ਵੀ ਇਨ੍ਹਾਂ ਨੂੰ ਵਿਸ਼ਾਲ ਗਿਆਨ ਸੀ। 'ਆਤਮ-ਪੁਰਾਣ', 'ਬਾਲਮੀਕੀ ਰਮਾਇਣ' ਅਤੇ 'ਅਮਰ ਕੋਸ਼' ਦਾ ਹਿੰਦੀ ਅਨੁਵਾਦ, ਉਨ੍ਹਾਂ ਦੇ ਸੰਸਕ੍ਰਿਤ ਗਿਆਤਾ ਹੋਣ ਦਾ ਪ੍ਰਤੱਖ ਉਦਾਹਰਣ ਪੇਸ਼ ਕਰਦਾ ਹੈ।

ਵਿਦਵਤਾ ਦੇ ਨਾਲ ਉਨ੍ਹਾਂ ਵਿਚ ਸੂਖਮ ਨਿਰੀਖਣ ਅਤੇ ਖੋਜ ਦੀ ਪ੍ਰਵਿਰਤੀ ਵੀ ਮੌਜੂਦ ਸੀ ਤਾਂ ਹੀ ਤਾਂ ਉਹ ਅਨੇਕ ਸਥਾਨਾਂ ਉੱਤੇ ਬਿਖਰੇ ਸਿੱਖ ਗੁਰੂਆਂ ਦੇ ਇਤਿਹਾਸ ਨੂੰ ਕ੍ਰਮਬੱਧ ਕਰ ਸਕੇ। ਉਨ੍ਹਾਂ ਦੀ ਬੁੱਧੀ ਏਨੀ ਤੇਜ਼ ਸੀ ਕਿ ਅਨੇਕਾਂ ਵਿਦਵਾਨਾਂ ਨੂੰ ਦਾਰਸ਼ਨਿਕ ਸ਼ਾਸਤਰ-ਚਰਚਾ ਵਿਚ ਹਰਾਉਣ ਵਾਲੇ ਉਨ੍ਹਾਂਦੇ ਬਿਰਤਾਂਤ ਅਜੇ ਤਕ ਕੈਥਲ ਵਿਚ ਪ੍ਰਚਲਿਤ

ਹਨ ।

ਜਿਸ ਪ੍ਰਕਾਰ ਦਰਖ਼ਤ ਫਲਾਂ ਨਾਲ ਲੱਦੇ ਝੁਕ ਜਾਂਦੇ ਹਨ, ਉਸੀ ਪ੍ਰਕਾਰ ਬੁੱਧੀਜਨ ਵਿੱਦਵਤਾ ਪ੍ਰਾਪਤ ਕਰਕੇ ਨਿਮਰਤਾ ਵਾਲੇ ਬਣ ਜਾਂਦੇ ਹਨ । ਭਾਈ ਸੰਤੋਖ ਸਿੰਘ ਇਤਨੇ ਪ੍ਰਤਿਭਾ-ਸੰਪੰਨ ਕਵੀ ਅਤੇ ਮਹਾਂ-ਵਿਦਵਾਨ ਹੁੰਦੇ ਹੋਏ ਵੀ ਆਪਣੇ ਆਪ ਨੂੰ ਅਲਪ-ਬੁੱਧੀ ਅਤੇ ਸਮਰੱਥਾ ਹੀਣ ਵਾਲੇ ਕਹਿ ਕੇ ਆਪਣੇ ਦੋਸ਼ਾਂ ਨੂੰ ਖਿਮਾ ਕਰਨ ਦੀ ਪ੍ਰਾਰਥਨਾ ਕਰਦੇ ਹਨ ।

ਉਹ ਖ਼ੁਦ ਆਪਣੇ ਆਪ ਨੂੰ ਸਿੱਖਾਂ ਦਾ ਦਾਸ, ਸਿੱਖਾਂ ਦੀ ਚਰਨ-ਧੂੜ ਪ੍ਰਾਪਤ ਕਰਨ ਵਾਲਾ ਕਹਿੰਦੇ ਹਨ । ਉਹ ਮਿਹਨਤੀ ਅਤੇ ਦ੍ਰਿੜ੍ਹ-ਸੰਕਲਪ ਵਾਲੇ ਵਿਅਕਤੀ ਸਨ । ਕੋਈ ਵੀ ਦੈਵਿਕ ਜਾਂ ਸਰੀਰਕ ਦੁੱਖ ਉਨ੍ਹਾਂ ਨੂੰ ਆਪਣੇ ਨਿਸ਼ਚੇ ਤੋਂ ਡਗਮਗਾ ਨਹੀਂ ਸੀ ਸਕਦਾ । 'ਗੁਰ-ਪ੍ਰਤਾਪ ਸੂਰਜ' ਗ੍ਰੰਥ ਲਿਖਣ ਸਮੇਂ ਉਨ੍ਹਾਂ ਨੂੰ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ । ਜਦੋਂ ਉਨ੍ਹਾਂ ਦੀ ਸਿਹਤ ਕਮਜ਼ੋਰ ਹੋ ਗਈ ਅਤੇ ਉਨ੍ਹਾਂ ਦੀ ਰਚਨਾ ਵਿਚ ਦੁਸ਼ਟਾਂ ਦੁਆਰਾ ਵਿਘਨ ਵੀ ਪਾਏ ਗਏ, ਉਦੋਂ ਵੀ ਉਹ ਸਾਹਸ, ਆਤਮ-ਵਿਸ਼ਵਾਸ ਅਤੇ ਧੀਰਜ ਨਾਲ ਆਪਣੇ ਕਾਰਜ ਵਿਚ ਲੱਗੇ ਰਹੇ ਅਤੇ ਆਪਣੀ ਇੱਛਾ-ਅਨੁਸਾਰ ਉਸ ਨੂੰ ਸਮਾਪਤ ਕਰਕੇ ਹੀ ਛੱਡਿਆ । ਕੈਥਲ ਵਿਚ ਜਿਸ ਸਮੇਂ ਚਾਰ ਚੁਫੇਰੇ ਘੋਰ ਅਰਾਜਕਤਾ, ਅਸ਼ਾਂਤੀ ਅਤੇ ਉਥਲ-ਪੁਥਲ ਮੱਚੀ ਹੋਈ ਸੀ ਉਸ ਸਮੇਂ ਵੀ ਉਹ ਆਪਣੇ ਕਾਰਜ ਵਿਚ ਪੂਰੇ ਮਨ ਨਾਲ ਲੱਗੇ ਰਹੇ ।

ਉਹ ਏਨੇ ਉੱਦਮੀ ਸਨ ਕਿ ਉਨ੍ਹਾਂਨੇ ਪ੍ਰਤਿਦਿਨ 'ਬਾਲਮੀਕੀ ਰਮਾਇਣ' ਦੇ ਇਕ ਇਕ ਅਧਿਆਇ ਦਾ ਬ੍ਰਜ ਭਾਸ਼ਾ ਵਿਚ ਅਨੁਵਾਦ ਕਰਕੇ ਸੰਪੂਰਨ ਗ੍ਰੰਥ ਨੂੰ ਦੋ ਵਰ੍ਹੇ ਤੋਂ ਵੀ ਘੱਟ ਸਮੇਂ ਵਿਚ ਪੂਰਨ ਕਰ ਦਿੱਤਾ ।

ਇਸੀ ਪ੍ਰਕਾਰ 9700 ਛੰਦਾਂ ਦਾ 'ਨਾਨਕ-ਪ੍ਰਕਾਸ਼' ਵੀ ਲਗਪਗ ਦੋ ਵਰ੍ਹੇ ਵਿਚ ਪੂਰਨ ਕਰ ਦਿੱਤਾ ਸੀ । ਇਸ ਨਾਲ ਜਿਥੇ ਇਕ ਪਾਸੇ ਉਨ੍ਹਾਂ ਦੀ ਕਾਵਿ-ਪ੍ਰਤਿਭਾ ਦਾ ਪਰਿਚੈ ਮਿਲਦਾ ਹੈ, ਉਥੇ ਉਨ੍ਹਾਂ ਦਾ ਮਿਹਨਤੀ, ਉਤਸ਼ਾਹੀ ਹੋਣਾ ਅਤੇ ਨਿਯਮ-ਬੱਧ ਕਾਰਜ ਕਰਨਾ ਵੀ ਸਿੱਧ ਹੁੰਦਾ ਹੈ ।

ਭਾਈ ਸੰਤੋਖ ਸਿੰਘ ਗ੍ਰਿਹਸਥੀ ਹੁੰਦੇ ਹੋਏ ਵੀ ਸੰਤ-ਸੁਭਾਅ, ਉਦਾਰ, ਕੋਮਲ-ਚਿਤ, ਨਿਆਂ-ਪ੍ਰੇਮੀ, ਸਮਦਰਸ਼ੀ, ਤਿਆਗੀ ਅਤੇ ਪਰਉਪਕਾਰੀ ਵਿਅਕਤੀ ਸਨ । ਉਨ੍ਹਾਂ ਨੇ ਕਥਾਕਾਰ ਦੇ ਚੰਗੇ ਗੁਣਾਂ ਦਾ ਵਰਣਨ ਕਰਦੇ ਹੋਏ ਕਥਾਕਾਰ ਲਈ ਸੰਤੋਖੀ ਹੋਣਾ ਵੀ ਜ਼ਰੂਰੀ ਕਿਹਾ ਹੈ । ਉਹ ਖ਼ੁਦ ਕਥਾ ਕਰਦੇ ਹੁੰਦੇ ਸਨ ਅਤੇ ਜੋ ਕੁਝ ਮਿਲ ਜਾਂਦਾ ਉਸੇ ਵਿਚ ਹੀ ਸੰਤੁਸ਼ਟ ਰਹਿੰਦੇ ਸਨ । ਗਰੀਬੀ ਦੀ ਮਾਰ ਉਨ੍ਹਾਂ ਨੂੰ ਆਪਣੇ ਨਿਸ਼ਚੇ ਤੋਂ ਡੁਲਾ ਨਾ ਸਕੀ । ਕੈਥਲ ਵਿਚ ਰਹਿੰਦੇ ਹੋਏ ਜਦੋਂ ਉਨ੍ਹਾਂ ਨੂੰ ਕਾਫ਼ੀ ਆਮਦਨ ਪ੍ਰਾਪਤ ਸੀ, ਉਸ ਸਮੇਂ ਵੀ ਉਹ ਪਰਉਪਕਾਰ ਦੇ ਕਾਰਜ ਕਰਦੇ ਰਹਿੰਦੇ ਸਨ । ਕਹਿੰਦੇ ਹਨ ਉਨ੍ਹਾਂ ਦੇ ਘਰ ਵਿਚ ਰਿਸ਼ਤੇਦਾਰਾਂ ਅਤੇ ਸਾਧੂ ਸੰਤਾਂ ਦਾ ਇਕੱਠ ਬਣਿਆ ਰਹਿੰਦਾ ਸੀ, ਜਿਨ੍ਹਾਂ ਦੀ ਉਹ ਦਿਲ ਖੋਲ੍ਹ ਕੇ ਸੇਵਾ ਕਰਦੇ ਸਨ । ਕੈਥਲ ਵਿਚ ਇਨ੍ਹਾਂ ਬਾਰੇ, ਐਸੇ

ਕਈ ਬਿਰਤਾਂਤ, ਹੁਣ ਤਕ ਪ੍ਰਚਲਿਤ ਹਨ ਜਿਨ੍ਹਾਂ ਤੋਂ ਇਨ੍ਹਾਂ ਦੀ ਵਿੱਦਵਤਾ, ਸੁਹਿਰਦਤਾ, ਨਿਆਂ-ਪ੍ਰਿਯਤਾ ਆਦਿ ਦਾ ਪਤਾ ਲਗਦਾ ਹੈ। ਕਥਾ ਸੁਣਾ ਕੇ ਅਤੇ ਵਿਦਿਆ ਦਾਨ ਦੇ ਕੇ ਉਹ ਲੋਕਾਂ ਦਾ ਹਿੱਤ ਕਰਦੇ ਸਨ।

ਉਨ੍ਹਾਂ ਦਾ ਇਸ਼ਟ-ਦੇਵ ਅਕਾਲ ਪੁਰਖ ਹੀ ਸੀ ਅਤੇ ਉਹ ਸਿੱਖ ਗੁਰੂ ਸਾਹਿਬਾਨਾਂ ਦੇ ਪੂਰਣ ਭਗਤ ਸਨ। ਉਨ੍ਹਾਂ ਵਿਚ ਕਿਸੀ ਪ੍ਰਕਾਰ ਦੀ ਕੱਟੜਤਾ ਜਾਂ ਸੰਕੋਚਤਾ ਦੇ ਦਰਸ਼ਨ ਨਹੀਂ ਹੁੰਦੇ। ਉਹ ਤਾਂ ਆਪਣੇ ਨੂੰ ਸਤਿਗੁਰੂ ਅਤੇ ਸੰਤਾਂ ਦੇ ਚਰਨਾਂ ਦਾ ਦਾਸ ਹੀ ਕਹਿੰਦੇ ਸਨ ਅਤੇ ਲੋਕ ਕਲਿਆਣ ਚਾਹੁੰਦੇ ਸਨ। ਅਹਿਸਾਨ ਦਾ ਭਾਵ ਵੀ ਉਨ੍ਹਾਂ ਵਿਚ ਘੱਟ ਨਹੀਂ ਸੀ। ਜਿਸ ਰਾਜਾ ਪਾਸ ਉਹ ਰਹਿੰਦੇ ਸਨ, ਉਸ ਦੇ ਕਲਿਆਣ ਲਈ ਪਰਮਾਤਮਾ ਅੱਗੇ ਬਾਰ ਬਾਰ ਪ੍ਰਾਰਥਨਾ ਕਰਦੇ ਰਹਿੰਦੇ ਸਨ।

ਉਨ੍ਹਾਂ ਦੇ ਵੰਸ਼ਜਾਂ ਤੋਂ ਪ੍ਰਾਪਤ ਸੂਚਨਾਵਾਂ ਤੇ ਆਧਾਰਿਤ ਅਨੁਮਾਨ ਹੈ ਕਿ ਉਹ ਦਰਮਿਆਨੇ ਕਦੋਂ ਤੇ ਗਠੀਲੇ ਸਰੀਰ ਵਾਲੇ ਪ੍ਰਭਾਵਸ਼ਾਲੀ ਵਿਅਕਤੀ ਸਨ। ਕੰਨਾਂ ਵਿਚ ਕੁੰਡਲ ਅਤੇ ਗਾਤਰੇ ਵਿਚ 'ਸ੍ਰੀ ਸਾਹਿਬ' ਪਹਿਨਦੇ ਸਨ ਅਤੇ ਸਿਰ ਉੱਤੇ ਛੋਟੀ ਜਿਹੀ 'ਦਸਤਾਰ' (ਪਟਕਾ) ਧਾਰਨ ਕਰਦੇ ਸਨ।

ਇਨ੍ਹਾਂ ਤੱਥਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਭਾਈ ਸੰਤੋਖ ਸਿੰਘ ਇਕ ਐਸੇ ਮਹਾਂਕਵੀ ਸਨ ਜੋ ਜਸ ਜਾਂ ਧਨ ਆਦਿ ਲਈ ਨਹੀਂ, ਸਗੋਂ ਆਤਮ ਸੁੱਖ ਅਤੇ ਲੋਕ-ਹਿੱਤ ਲਈ ਕਾਵਿ-ਰਚਨਾ ਕਰਦੇ ਸਨ। ਉਹ ਵਿਦਵਾਨ ਕਲਾਕਾਰ ਸਨ, ਜਿਨ੍ਹਾਂ ਵਿਚ ਮਹਾਂਕਵੀ ਵਾਲੇ ਸਾਰੇ ਗੁਣ ਮੌਜੂਦ ਸਨ ਅਤੇ ਉਨ੍ਹਾਂ ਦਾ ਵਿਅਕਤੀਤੱਵ ਬੜਾ ਤੇਜੱਸਵੀ ਅਤੇ ਪ੍ਰਭਾਵਸ਼ਾਲੀ ਸੀ। ਮੁੱਖ ਰੂਪ ਵਿਚ ਭਾਰਤੀ ਮਹਾਂਕਵੀ ਆਤਮਾ ਵਿਚ ਪਰਮਾਤਮਾ ਦੇ ਦਰਸ਼ਨ ਕਰਨ ਵਾਲੇ ਮਹਾਂ-ਮਾਨਵ ਦੇ ਲੱਛਣਾਂ ਨਾਲ ਸੁਸ਼ੋਭਿਤ ਰਹੇ ਹਨ। ਬਾਲਮੀਕ ਅਤੇ ਵਿਆਸ ਤੋਂ ਲੈ ਕੇ ਤੁਲਸੀ ਦਾਸ, ਸੂਰਦਾਸ ਅਤੇ ਗੁਰੂ ਨਾਨਕ ਤਕ ਇਸ ਪ੍ਰਕਾਰ ਦੇ ਮਹਾਂਕਵੀਆਂ ਦੀ ਜੋ ਇਕ ਪਰੰਪਰਾ ਚਲਦੀ ਆ ਰਹੀ ਹੈ, ਭਾਈ ਸੰਤੋਖ ਸਿੰਘ ਉਸੇ ਮਾਲ਼ਾ ਦੇ ਇਕ ਮੋਤੀ ਹਨ।

### ਹਵਾਲੇ

[1]ਤਿਹ ਤੀਰ ਬੂੜੀਆ ਨਗਰ ਇਕ ਕਵਿ ਨਿਕੇਤ ਲਖੀਐ ਤਹਾਂ ॥ 103 ॥

(ਨਾ. ਪ੍ਰ. ਉੱਤਰਾਰਧ, ਅਧਿਆਇ 57)

# 2
# ਰਚਨਾਵਾਂ

ਭਾਈ ਸੰਤੋਖ ਸਿੰਘ ਨੇ 'ਨਾਨਕ ਪ੍ਰਕਾਸ਼', 'ਗਰਬ ਗੰਜਨੀ', 'ਬਾਲਮੀਕੀ ਰਮਾਇਣ ਭਾਸ਼ਾ', 'ਆਤਮ ਪੁਰਾਣ' ਅਤੇ 'ਗੁਰ ਪ੍ਰਤਾਪ ਸੂਰਜ' ਆਦਿ ਪੰਜ ਰਚਨਾਵਾਂ ਦਾ ਤਾਂ ਖ਼ੁਦ ਵਰਣਨ ਕੀਤਾ ਹੈ[2] ਇਸ ਲਈ ਇਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਕਿਸੇ ਨੂੰ ਵੀ ਸ਼ੱਕ ਨਹੀਂ ਹੋ ਸਕਦਾ। ਇਨ੍ਹਾਂ ਰਚਨਾਵਾਂ ਵਿਚ ਭਾਈ ਸੰਤੋਖ ਸਿੰਘ ਦੇ ਨਾਂ ਦੀ ਛਾਪ ਹੈ। 'ਗਰਬ-ਗੰਜਨੀ', 'ਬਾਲਮੀਕੀ ਰਾਮਾਇਣ ਭਾਸ਼ਾ', ਅਤੇ 'ਗੁਰ ਪ੍ਰਤਾਪ ਸੂਰਜ' ਆਦਿ ਗ੍ਰੰਥਾਂ ਵਿਚ ਉਨ੍ਹਾਂ ਨੇ ਆਪਣੇ ਆਸਰਾ-ਦਾਤਾ ਭਾਈ ਉਦੈ ਸਿੰਘ ਦਾ ਵੀ ਪਰਿਚੈ ਦਿੱਤਾ ਹੈ।

ਇਸ ਵਿਵਰਣ ਵਿਚ ਉਨ੍ਹਾਂ ਨੇ 'ਨਾਮਕੋਸ਼' ਦਾ ਨਾਂ ਨਹੀਂ ਦਿੱਤਾ ਪਰੰਤੂ ਉਸ ਦੀ ਪ੍ਰਮਾਣਿਕਤਾ ਸ਼ੰਕਾ-ਰਹਿਤ ਹੈ, ਕਿਉਂਕਿ ਇਸ ਵਿਚ ਕਈ ਥਾਵਾਂ ਤੇ ਇਨ੍ਹਾਂ ਦੇ ਨਾਂ ਦੀ ਛਾਪ ਹੈ। ਇਸ ਦੀ ਭਾਸ਼ਾ-ਸ਼ੈਲੀ ਇਨ੍ਹਾਂ ਦੀਆਂ ਹੋਰ ਰਚਨਾਵਾਂ ਦੇ ਸਮਾਨ ਹੈ। ਇਸ ਗ੍ਰੰਥ ਦਾ ਅਰੰਭ ਵੀ ਹੋਰ ਗ੍ਰੰਥਾਂ ਦੀ ਤਰ੍ਹਾਂ '੧ਓ ਜੀ ਕੀ ਫਤਿਹ' ਨਾਲ ਕੀਤਾ ਗਿਆ ਹੈ, ਅਤੇ ਅਰੰਭ ਵਿਚ ਗੁਰੂਆਂ ਦੀ ਵੰਦਨਾ ਕੀਤੀ ਗਈ ਹੈ। ਇਹ ਇਕ ਕੋਸ਼ ਮਾਤਰ ਹੈ ਅਤੇ ਸੰਸਕ੍ਰਿਤ ਤੋਂ ਅਨੁਵਾਦਿਤ ਹੈ। ਸੰਭਵ ਹੈ, ਇਸ ਲਈ ਹੀ ਉਨ੍ਹਾਂ ਨੇ ਇਸ ਗ੍ਰੰਥ ਦਾ ਉਲੇਖ ਇਸ ਵਿਵਰਣ ਵਿਚ ਨਾ ਕੀਤਾ ਹੋਵੇ ਪਰ ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ ਅਤੇ ਮੈਕਾਲਿਫ ਆਦਿ ਵਿਦਵਾਨਾਂ ਨੇ ਇਸ ਨੂੰ ਭਾਈ ਸੰਤੋਖ ਸਿੰਘ ਦੀ ਪ੍ਰਮਾਣਿਕ ਰਚਨਾ ਮੰਨਿਆ ਹੈ। ਉਨ੍ਹਾਂ ਦੇ ਕੁਝ 'ਫੁਟਕਲ ਛੰਦ' ਵੀ ਮਿਲੇ ਹਨ, ਜੋ ਕਿਸੇ ਗ੍ਰੰਥ ਵਿਚ ਨਹੀਂ ਆਏ। ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੀਆਂ ਮੌਲਿਕ ਰਚਨਾਵਾਂ 'ਨਾਨਕ-ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਹੀ ਮਹੱਤਵਪੂਰਨ ਹਨ।

## (1) ਨਾਮਕੋਸ਼

ਇਹ ਗ੍ਰੰਥ ਉਨ੍ਹਾਂ ਨੇ ਬੂੜੀਆ ਨਿਵਾਸ ਸਮੇਂ ਸ਼ੁਰੂ ਕੀਤਾ ਸੀ ਅਤੇ 'ਸੁਧਾਸਰ' (ਅੰਮ੍ਰਿਤਸਰ) ਵਿਚ ਸੰਮਤ 1878 ਵਿਚ ਪੂਰਨ ਕੀਤਾ। ਸਾਰੀਆਂ ਉਪਲਬੱਧ ਪ੍ਰਤੀਆਂ ਵਿਚ ਰਚਨਾ-ਕਾਲ ਸੰਮਤ 1878 ਹੀ ਦਿੱਤਾ ਹੋਇਆ ਹੈ। ਛੰਦਾਂ ਦੀ ਸੰਖਿਆ ਡੇਢ ਹਜ਼ਾਰ ਤੋਂ ਉੱਪਰ ਹੈ। ਗ੍ਰੰਥ ਦਾ ਅਰੰਭ '੧ਓ' ਤੋਂ ਹੋਇਆ ਹੈ। ਉਸ ਦੇ ਬਾਅਦ ਕੁਝ ਛੰਦਾਂ ਵਿਚ ਆਪਣੇ ਇਸ਼ਟ ਦੇਵ, ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂਆਂ ਦੀ ਕ੍ਰਮ ਅਨੁਸਾਰ ਉਸਤਤ ਅਤੇ ਵੰਦਨਾ ਕੀਤੀ ਗਈ ਹੈ। ਹੋਰ ਸਰਗਾਂ ਦੇ ਸ਼ੁਰੂ ਵਿਚ ਵੀ ਇਸ ਪ੍ਰਕਾਰ ਦੇ ਉਸਤਤ ਸੰਬੰਧੀ ਕੁਝ ਛੰਦ ਆਏ ਹਨ। ਇਨ੍ਹਾਂ ਛੰਦਾਂ ਵਿਚ ਉਨ੍ਹਾਂ ਨੇ

ਗੁਰੂ ਨਾਨਕ ਦੇਵ ਨੂੰ 'ਦੰਭ ਖੰਡ-ਵਿਨਾਸਨ', 'ਗਤੀਕਾਰ', 'ਸਿੱਖ ਹਿਤਕਾਰੀ', ਗੁਰੂ ਹਰਿਗੋਬਿੰਦ ਸਿੰਘ ਨੂੰ 'ਨਿਸੰਗਧਾਰੀ', 'ਚੰਦ੍ਰਹਾਸ ਧਾਰੀ', 'ਹਿੰਦ ਦਾ ਆਲੰਬ', 'ਸੁਪੰਥ ਪ੍ਰਕਾਸੀ' ਅਤੇ ਕਲੀਗਧਰ ਗੁਰੂ ਗੋਬਿੰਦ ਸਿੰਘ ਨੂੰ 'ਦੁਖ ਹਤੂ' 'ਗਿਰ ਰਾਜਨ ਨਾਸੀ', 'ਦਾਸਨ ਕੇ ਗਤਿਦਾ ਅਵਿਨਾਸ਼ੀ' ਆਦਿ ਵਿਸ਼ੇਸ਼ਣਾਂ ਨਾਲ ਸੁਸ਼ੋਭਿਤ ਕੀਤਾ ਹੈ ਅਤੇ ਉਨ੍ਹਾਂ ਦੇ ਚਰਨਾਂ ਉੱਤੇ ਸਿਰ ਰਖ ਕੇ ਵੰਦਨਾ ਕੀਤੀ ਹੈ। ਇਨ੍ਹਾਂ ਦੇ ਇਹ ਵਰਣਨ ਅਲੰਕਾਰਿਕ ਸ਼ੈਲੀ ਵਿਚ ਹਨ। ਉਪਮਾ, ਰੂਪਕ ਆਦਿ ਅਲੰਕਾਰਾਂ ਦੇ ਨਾਲ ਅਨੁਪ੍ਰਾਸ ਦੀ ਸੁੰਦਰਤਾ ਵੀ ਵੇਖਣਯੋਗ ਹੈ। ਇਨ੍ਹਾਂ ਛੰਦਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦਾ ਭਾਸ਼ਾ ਅਤੇ ਛੰਦ-ਵਿਧਾਨ ਉੱਤੇ ਪੂਰਨ ਅਧਿਕਾਰ ਸੀ ਅਤੇ ਉਹ ਉੱਚ ਪਾਏ ਦੀ ਵਿਦਵੱਤਾ ਪੂਰਨ ਰਚਨਾ ਕਰਨ ਵਿਚ ਸਮਰੱਥ ਸਨ। 'ਨਾਮ ਕੋਸ਼' ਦੇ ਇਨ੍ਹਾਂ ਛੰਦਾਂ ਵਿਚ ਅੰਤਯਾਨੁਪ੍ਰਾਸ ਅਤੇ ਵ੍ਰਿਤਯਾਨੁਪ੍ਰਾਸ ਆਦਿ ਦਾ ਵੀ ਨਿਰਬਾਹ ਹੋਇਆ ਹੈ ਜਿਸ ਨਾਲ ਪੜ੍ਹਨ ਵਿਚ ਇਕ ਭਗਤੀ-ਪੂਰਨ ਵਾਤਾਵਰਨ ਬਣ ਜਾਂਦਾ ਹੈ। ਇਸ ਗ੍ਰੰਥ ਵਿਚ ਜ਼ਿਆਦਾਤਰ ਦੋਹਾ, ਚੌਪਈ, ਸਵੈਯਾ, ਕਬਿੱਤ ਆਦਿ ਛੰਦਾਂ ਦਾ ਪ੍ਰਯੋਗ ਹੋਇਆ ਹੈ।

ਇਹ ਸੰਸਕ੍ਰਿਤ ਦੇ 'ਅਮਰ ਕੋਸ਼' (ਅਮਰ ਸਿੰਘ) ਦਾ ਹਿੰਦੀ ਕਾਵਿ-ਅਨੁਵਾਦ ਹੈ। ਇਕ ਵਸਤੂ ਦੇ ਜਿੰਨੇ ਪ੍ਰਯਾਯਵਾਚੀ ਨਾਂ ਹਨ ਜਾਂ ਕਿਸੇ ਇਕ ਪਦ ਵਿਚ ਜੋ ਵੀ ਅਰਥ ਹਨ ਉਨ੍ਹਾਂ ਨੂੰ ਇਕ ਜਾਂ ਅਧਿਕ ਛੰਦਾਂ ਵਿਚ ਪੇਸ਼ ਕਰ ਦਿੱਤਾ ਗਿਆ ਹੈ। ਲੇਖਕ ਦਾ ਇਸ ਦੀ ਰਚਨਾ ਕਰਨ ਦਾ ਉੱਦੇਸ਼ ਆਪਣੇ ਸ਼ਬਦ-ਭੰਡਾਰ ਨੂੰ ਵਿਸ਼ਾਲ ਕਰਕੇ ਭਾਸ਼ਾ ਉੱਤੇ ਅਧਿਕਾਰ ਪ੍ਰਾਪਤ ਕਰਨਾ ਜਾਪਦਾ ਹੈ। ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਇਸ ਗ੍ਰੰਥ ਦਾ ਵਿਸ਼ੇਸ਼ ਮਹੱਤਵ ਨਹੀਂ ਹੈ।

### (2) ਗੁਰੂ ਨਾਨਕ ਪ੍ਰਕਾਸ਼

'ਗੁਰੂ ਨਾਨਕ ਪ੍ਰਕਾਸ਼' ਗੁਰੂ ਨਾਨਕ ਦੇ ਚਰਿਤਰ-ਗਾਇਨ, ਕਥਾ-ਵਰਣਨ, ਅਧਿਆਤਮਕ ਵਿਚਾਰਾਂ ਦਾ ਪ੍ਰਤਿਪਾਦਨ, ਸਮਨਵੈ-ਵਾਦੀ ਧਾਰਮਿਕ ਭਾਵਨਾ, ਯੁੱਗ-ਦਸ਼ਾ ਦੇ ਵਿਸ਼ਾਲ ਚਿਤਰਣ ਅਤੇ ਕਾਵਿ-ਕਲਾ ਆਦਿ ਸਭ ਦ੍ਰਿਸ਼ਟੀਆਂ ਤੋਂ ਇਕ ਮਹੱਤਵਪੂਰਨ ਰਚਨਾ ਹੈ।

'ਨਾਨਕ ਪ੍ਰਕਾਸ਼' ਉਨ੍ਹਾਂ ਨੇ ਬੂੜੀਆ ਨਿਵਾਸ ਦੇ ਸਮੇਂ ਕੱਤਕ ਪੂਰਨਮਾਸ਼ੀ 1880 ਬਿ. ਨੂੰ ਪੂਰਨ ਕੀਤੀ। ਇਹ ਗ੍ਰੰਥ ਪੂਰਵਾਰਧ ਅਤੇ ਉਤਰਾਰਧ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਪੂਰਵਾਰਧ ਵਿਚ 73 ਅਤੇ ਉੱਤਰਾਰਧ ਵਿਚ 57 ਅਧਿਆਇ ਹਨ। ਕੁਲ ਛੰਦ-ਸੰਖਿਆ 9700 ਹੈ।

ਗ੍ਰੰਥ ਦਾ ਅਰੰਭ, ਸਿੱਖ ਪਰੰਪਰਾ ਅਨੁਸਾਰ '੧ਓ ਸਤਿਗੁਰ ਪ੍ਰਸਾਦਿ' ਨਾਲ ਹੋਇਆ ਹੈ। ਸੰਪੂਰਨ ਪਹਿਲੇ ਅਧਿਆਇ ਵਿਚ 88 ਛੰਦਾਂ ਵਿਚ ਵਿਭਿੰਨ ਮੰਗਲਾਚਰਣ ਹਨ। ਮੰਗਲਾਚਰਣ ਦਾ ਕ੍ਰਮ ਇਸ ਪ੍ਰਕਾਰ ਹੈ, 'ਅਕਾਲ-ਪੁਰਖ', 'ਸਰਸਵਤੀ', 'ਇਸ਼ਟ ਦੇਵ-ਨਾਨਕ' ਅਤੇ ਹੋਰ ਨੌਂ ਗੁਰੂਆਂ ਦੇ ਅਲੱਗ ਅਲੱਗ ਮੰਗਲ, ਕਵੀ ਦੇ ਵਿੱਦਿਆ ਗੁਰੂ ਸੰਤ ਸਿੰਘ, ਨਾਮ-ਮਹਿਮਾ, ਨਾਮ-ਰਹਿਤ ਵਿਅਕਤੀਆਂ ਦੀ ਦਸ਼ਾ, ਨਾਮ-ਸਿਮਰਨ ਕਰਨ

ਵਾਲੇ ਵਿਅਕਤੀਆਂ ਪ੍ਰਹਿਲਾਦ, ਧਰੂ, ਹਨੂਮਾਨ ਆਦਿ ਭਗਤਾਂ, ਬਾਲਮੀਕ, ਨਾਰਦ, ਸਨਕ, ਅਗਸਤ ਆਦਿ ਰਿਸ਼ੀ-ਮੁਨੀਆਂ, ਤ੍ਰਿਲੋਚਨ, ਧੰਨਾ, ਕਬੀਰ ਆਦਿ ਸੰਤਾਂ ਦੇ ਮੰਗਲ, ਵਾਹਿਗੁਰੂ ਸ਼ਬਦ ਦਾ ਮਹੱਤਵ, ਵਿਆਖਿਆ ਅਤੇ ਕਥਾ ਨਿਰਦੇਸ਼ ਅੰਕਿਤ ਹਨ। ਇਸ ਗ੍ਰੰਥ ਦੇ ਹਰੇਕ ਅਧਿਆਇ ਦੇ ਸ਼ੁਰੂ ਵਿਚ ਗੁਰੂ ਚਰਨ ਮਹਿਮਾ, ਸ਼ਾਰਦਾ ਜਾਂ ਕਥਾ ਆਦਿ ਨਾਲ ਸੰਬੰਧਿਤ ਮੰਗਲਾਚਰਣ ਆਏ ਹਨ ਅਤੇ ਗ੍ਰੰਥ ਦਾ ਅੰਤ ਗੁਰੂਆਂ ਆਦਿ ਦੇ ਮੰਗਲਾਚਰਣ ਤੋਂ ਹੋਇਆ ਹੈ। ਇਨ੍ਹਾਂ ਮੰਗਲਾਂ ਵਿਚ ਸੰਤ-ਮਹਿਮਾ, ਨਿਮਰਤਾ, ਨਿਰਵਿਕਾਰ ਮਨ, ਨਾਮ ਦੀ ਸ਼ਕਤੀ, ਗੁਰਬਾਣੀ ਆਦਿ ਦੇ ਮਹੱਤਵ ਦਾ ਵੀ ਵਰਣਨ ਕੀਤਾ ਗਿਆ ਹੈ।

ਮੰਗਲਾਚਰਣ ਨਾਲ ਸੰਬੰਧਿਤ ਇਨ੍ਹਾਂ ਛੰਦਾਂ ਦੁਆਰਾ ਕਵੀ ਦੇ ਇਸ਼ਟ ਦੇਵ, ਗੁਰੂਆਂ ਦੇ ਚਰਿੱਤਰ ਅਤੇ ਮਹਿਮਾ, ਕਵੀ ਦੇ ਅਧਿਆਤਮਿਕ ਵਿਚਾਰ, ਭਗਤੀ-ਭਾਵਨਾ ਦੇ ਸਰੂਪ, 'ਨਾਮ' ਵਿਚ ਉਸ ਦੀ ਸ਼ਰਧਾ, ਪੌਰਾਣਿਕ ਅਤੇ ਇਤਿਹਾਸਕ ਗਿਆਨ ਆਦਿ ਦੀ ਕਾਫ਼ੀ ਜਾਣਕਾਰੀ ਮਿਲਦੀ ਹੈ। ਨਾਲ ਹੀ ਉਸ ਦੀ ਸਮਨਵੈ-ਭਾਵਨਾ ਉੱਤੇ ਵੀ ਪ੍ਰਕਾਸ਼ ਪੈਂਦਾ ਹੈ। ਕਵੀ ਨੇ ਸਿੱਖ ਗੁਰੂਆਂ ਦੇ ਨਾਲ, ਹਿੰਦੂ ਅਵਤਾਰਾਂ ਅਤੇ ਪੁਰਾਣ-ਪੁਰਸ਼ਾਂ ਦੀ ਵੀ ਵੰਦਨਾ ਸ਼ਰਧਾਪੂਰਵਕ ਕੀਤੀ ਹੈ ਜੋ ਉਸ ਦੀ ਉਦਾਰ ਧਰਮ-ਭਾਵਨਾ ਨੂੰ ਪ੍ਰਗਟ ਕਰਦੀ ਹੈ। ਧਰਮ-ਸਾਧਨਾ ਦੇ ਖੇਤਰ ਵਿਚ ਹਰਿ-ਨਾਮ ਸਿਮਰਨ ਨੂੰ ਕਵੀ ਨੇ ਸਭ ਤੋਂ ਅਧਿਕ ਮਹੱਤਵ ਦਿੱਤਾ ਹੈ। ਇਸ ਲਈ ਉਸ ਨੇ ਉਸ ਦੀ ਸ਼ਕਤੀ ਅਤੇ ਮਹਿਮਾ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਹੈ। 'ਵਾਹਿਗੁਰੂ' ਮੰਤਰ ਵਿਚ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ, ਇਸ ਲਈ ਇਸ ਸ਼ਬਦ ਦੀ ਵਿਸਥਾਰ ਨਾਲ ਵਿਆਖਿਆ ਕਰਦੇ ਹੋਏ ਇਸ ਦੇ ਮਹੱਤਵ ਦਾ ਉਲੇਖ ਕੀਤਾ ਗਿਆ ਹੈ। ਬ੍ਰਹਮ ਨੂੰ ਸਚਿੱਦਾਨੰਦ ਅਤੇ ਸਰਬ-ਵਿਆਪਕ ਰੂਪ ਵਿਚ ਚਿਤ੍ਰਿਤ ਕਰਕੇ ਉਨ੍ਹਾਂ ਨੇ ਉਸ ਦੀ '੧ੴ ਸਤਿਗੁਰ' ਅਤੇ 'ਵਾਹਿਗੁਰੂ ਜੀ ਕੀ ਫਤਹਿ' ਦੇ ਰੂਪਾਂ ਵਿਚ ਨਮਸਕਾਰ ਕੀਤੀ ਹੈ। ਪਹਿਲੀ ਨਮਸਕਾਰ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕ ਪਰੰਪਰਾ ਦਾ ਪਰਿਚੈ ਦੇਣ ਵਾਲੀ ਹੈ ਅਤੇ ਦੂਜੀ ਗੁਰੂ ਗੋਬਿੰਦ ਸਿੰਘ ਜੀ ਦੀ ਬੀਰ-ਭਾਵਨਾ ਦੀ। ਸਰਸਵਤੀ ਦੀ ਵੀ ਕਵੀ ਨੇ ਵਿਦਿਆ ਦੇਣ ਵਾਲੀ (ਸਰਸਵਤੀ), ਤੇਜਵਾਨ ਅਤੇ ਬਲ ਦੇਣ ਵਾਲੀ (ਚੰਡਿਕਾ) ਦੋਵਾਂ ਰੂਪਾਂ ਵਿਚ ਵੰਦਨਾ ਕੀਤੀ ਹੈ। ਜਿਸ ਤੋਂ ਸਪੱਸ਼ਟ ਹੈ ਕਿ ਕਵੀ ਭਗਤੀ ਅਤੇ ਸ਼ਕਤੀ ਦੋਵਾਂ ਦੇ ਮੇਲ ਵਿਚ ਵਿਸ਼ਵਾਸ ਰਖਦਾ ਹੈ। 'ਗੁਰੂ ਨਾਨਕ ਪ੍ਰਕਾਸ਼' ਵਿਚ ਭਗਤੀ ਭਾਵਨਾ ਦੀ ਪ੍ਰਧਾਨਤਾ ਹੈ ਅਤੇ ਕਵੀ ਦੀ ਦੂਜੀ ਰਚਨਾ 'ਗੁਰ ਪ੍ਰਤਾਪ ਸੂਰਜ' ਵਿਚ ਭਗਤੀ ਦੇ ਨਾਲ ਸ਼ਕਤੀ ਦੇ ਮਹੱਤਵ ਨੂੰ ਵੀ ਸਵੀਕਾਰ ਕੀਤਾ ਗਿਆ ਹੈ।

ਇਥੇ ਦੇਖਣ ਯੋਗ ਇਹ ਹੈ ਕਿ ਹਰੇਕ ਗੁਰੂ ਸਾਹਿਬ ਦੇ ਸੰਬੰਧ ਵਿਚ ਕਹੀ ਹੋਈ ਕਵੀ ਦੀ ਵੰਦਨਾਤਮਕ ਉਕਤੀ, ਉਕਤ ਗੁਰੂ ਸਾਹਿਬ ਦੀ ਚਰਿੱਤਰਗਤ ਵਿਸ਼ੇਸ਼ਤਾਵਾਂ ਦੇ ਅਨੁਸਾਰ ਹੈ। ਜਿਥੇ ਕਵੀ ਨੇ ਗੁਰੂ ਤੇਗ ਬਹਾਦਰ ਨੂੰ ਚੰਦ੍ਰਮਾ ਦੇ ਸਮਾਨ ਕਹਿ ਕੇ ਉਨ੍ਹਾਂ ਦੇ ਸ਼ਾਂਤ-ਸੀਤਲ ਚਰਿੱਤਰ ਨੂੰ ਪ੍ਰਗਟ ਕੀਤਾ ਹੈ, ਉਥੇ ਗੁਰੂ ਗੋਬਿੰਦ ਸਿੰਘ ਨੂੰ ਤਾਰਿਆਂ ਅਤੇ ਚੰਦ੍ਰਮਾ ਦੇ ਘੱਟ ਪ੍ਰਕਾਸ਼ ਨੂੰ ਦੂਰ ਕਰਨ ਵਾਲੇ ਪ੍ਰਚੰਡ ਸੂਰਜ ਅਤੇ ਸੱਪਾਂ ਨੂੰ ਖਾਣ ਵਾਲੇ ਗਰੁੜ ਦੇ ਸਮਾਨ ਕਹਿ ਕੇ ਉਨ੍ਹਾਂ ਦੇ ਚਰਿੱਤਰ ਦੇ ਤੇਜਸੱਵੀ ਅਤੇ ਦੁਸ਼ਟ-ਸੰਘਾਰਤਾ ਰੂਪ ਨੂੰ

ਚਿਤਰਿਤ ਕੀਤਾ ਹੈ।

ਕੁਝ ਬਿਨੈ ਦੇ ਪਦ ਵੀ ਇਨ੍ਹਾਂ ਮੰਗਲਾਂ ਵਿਚ ਆਏ ਹਨ, ਜਿਨ੍ਹਾਂ ਵਿਚ ਕਵੀ ਨੇ ਆਪਣੇ ਇਸ਼ਟਦੇਵ ਦੀ ਅਸੀਮਿਤ ਸ਼ਕਤੀ, ਮਹਾਤਮ, ਦਿਆਲਤਾ, ਅਤੇ ਆਪਣੀ ਦੀਨਤਾ ਆਦਿ ਦਾ ਵਰਣਨ ਕੀਤਾ ਹੈ। ਅਧਿਆਇ ਦੇ ਅੰਤ ਵਿਚ ਗੁਰੂ-ਕਥਾ ਦੀ ਨਦੀ ਦੇ ਰੂਪ ਵਿਚ ਇਕ ਸੁੰਦਰ ਸਾਂਗ-ਰੂਪਕ ਦੀ ਯੋਜਨਾ ਕੀਤੀ ਗਈ ਹੈ। ਉਨ੍ਹਾਂ ਦੇ ਕਥਨ ਅਨੁਸਾਰ, 'ਗੁਰੂ-ਕੀਰਤੀ' ਇਕ ਐਸੀ ਸੁੰਦਰ ਰਸ-ਪੂਰਣ ਨਦੀ ਹੈ ਜੋ ਸੁੱਖ ਨੂੰ ਦੇਣ ਵਾਲੀ ਅਤੇ ਦੁੱਖ ਨੂੰ ਦੂਰ ਕਰਨ ਵਾਲੀ ਹੈ। ਭਰਮ ਅਤੇ ਬੇਮੁੱਖਤਾ ਆਦਿ ਉਸ ਦੇ ਦੋ ਕਿਨਾਰੇ ਹਨ ਜਿਨ੍ਹਾਂ ਉੱਤੇ ਦੁਨਿਆਵੀ ਬੰਧਨ ਰੂਪੀ ਦਰੱਖਤ ਉੱਗ ਰਹੇ ਹਨ। ਗੁਰੂ-ਕਥਾ ਸੁਣਨ ਰੂਪੀ ਪ੍ਰਵਾਹ ਨਾਲ ਉਹ ਕਿਨਾਰੇ ਅਤੇ ਦਰੱਖਤ ਢਹਿ ਜਾਂਦੇ ਹਨ। ਕੰਨ ਰੂਪੀ ਦਰਾੜ ਦੇ ਵਿਚਕਾਰੋਂ ਨਿਕਲ ਕੇ ਪ੍ਰਵਾਹ ਹਿਰਦੇ ਰੂਪੀ ਸਮੁੰਦਰ ਵਿਚ ਜਾ ਕੇ ਠਹਿਰ ਜਾਂਦਾ ਹੈ, ਉਦੋਂ ਬੁੱਧੀ ਰੂਪੀ ਸਿੱਪ ਉਸ ਉੱਤੇ ਤੈਰ ਜਾਂਦੀ ਹੈ ਅਤੇ ਪ੍ਰੇਮ ਰੂਪੀ ਬੂੰਦ ਨੂੰ ਪ੍ਰਾਪਤ ਕਰਨ ਦੀ ਲਾਲਸਾ ਕਰਦੀ ਹੈ। ਜਦੋਂ ਪ੍ਰੇਮ ਦੀ ਸੁਆਂਤੀ ਬੂੰਦ ਉਸ ਨੂੰ ਛੂੰਹਦੀ ਹੈ ਤਾਂ ਉਹ ਸਥਿਰ ਹੋ ਕੇ ਬੈਠ ਜਾਂਦੀ ਹੈ।......ਗੁਰੂ ਕੀਰਤੀ ਰੂਪੀ ਨਦੀ ਦੇ ਸਤਿਸੰਗ ਰੂਪੀ ਘਾਟਾਂ ਉੱਤੇ ਪਹੁੰਚ ਕੇ ਗੁਰੂ-ਜੱਸ ਸ੍ਰਵਣ ਰੂਪੀ ਇਸ਼ਨਾਨ ਪ੍ਰਾਪਤ ਨਾ ਹੋਇਆ ਤਾਂ ਇਹ ਜੀਵਨ ਵਿਅਰਥ ਹੈ; 'ਸਾਕਤ' ਰੂਪੀ ਗਧੇ ਉਸ ਵਿਚ ਇਸ਼ਨਾਨ ਨਹੀਂ ਕਰਦੇ। ਉਹ ਤਾਂ ਵਿਸ਼ੇ-ਵਾਸਨਾ ਰੂਪੀ ਦੁਰਗੰਧ ਵਾਲੀ ਥਾਂ ਤੇ ਹੀ ਫਿਰਦੇ ਹਨ।

ਇਨ੍ਹਾਂ ਮੰਗਲਾਂ ਵਿਚ ਕਵੀ ਦਾ ਭਾਸ਼ਾ ਉੱਤੇ ਅਧਿਕਾਰ, ਅਲੰਕਾਰਿਕ ਗਿਆਨ ਅਤੇ ਵਿੱਦਵਤਾ ਆਦਿ ਦੀ ਵੀ ਜਾਣਕਾਰੀ ਮਿਲਦੀ ਹੈ। ਬਿਨੈ-ਭਾਵਨਾ ਅਤੇ ਕਥਾ ਨਿਰਦੇਸ਼ਨ ਨਾਲ ਸੰਬੰਧਿਤ ਕੁਝ ਮੰਗਲਾਂ ਨੂੰ ਛੱਡ ਕੇ ਹੋਰ ਸਾਰੇ ਛੰਦ ਅਲੰਕਾਰਿਕ ਸ਼ੈਲੀ ਵਿਚ ਲਿਖੇ ਗਏ ਹਨ। ਉਨ੍ਹਾਂ ਵਿਚ ਉਪਮਾ, ਰੂਪਕ, ਉਤਪ੍ਰੇਖਿਆ, ਵਿਅਤੀਰੇਕ ਆਦਿ ਸਾਦ੍ਰਿਸ਼ਮੂਲਕ ਅਰਥ ਅਲੰਕਾਰਾਂ ਤੋਂ ਇਲਾਵਾ ਅਨੁਪ੍ਰਾਸ, ਯਮਕ ਅਤੇ ਸਲੇਸ਼ ਆਦਿ ਸ਼ਬਦ-ਅਲੰਕਾਰਾਂ ਦਾ ਚਮਤਕਾਰ ਵੀ ਵੇਖਿਆ ਜਾ ਸਕਦਾ ਹੈ। ਇਹ ਰਚਨਾ ਉਸ ਸਮੇਂ ਲਿਖੀ ਗਈ ਜਦੋਂ ਹਿੰਦੀ ਵਿਚ ਰੀਤੀਬੱਧ ਅਤੇ ਅਲੰਕਾਰ ਸਹਿਤ ਕਾਵਿ ਰਚਨਾ ਦੀ ਬਹੁਤਾਤ ਸੀ ਅਤੇ ਅਲੰਕਾਰ-ਸ਼ਾਸਤਰ ਦਾ ਗਿਆਨ ਪ੍ਰਾਪਤ ਕਰਨਾ, ਅਲੰਕਾਰਾਂ ਦੇ ਲੱਛਣ ਜ਼ਬਾਨੀ ਯਾਦ ਕਰਨਾ ਜਾਂ ਅਲੰਕਾਰ ਸਹਿਤ ਰਚਨਾ ਕਵੀ-ਕਾਰਜ ਦਾ ਇਕ ਜ਼ਰੂਰੀ ਲੱਛਣ ਸਮਝਿਆ ਜਾਂਦਾ ਸੀ। ਉਸੇ ਪਰੰਪਰਾ ਦਾ ਨਿਰਬਾਹ ਕਰਨ ਲਈ ਭਾਈ ਸੰਤੋਖ ਸਿੰਘ ਨੇ ਇਨ੍ਹਾਂ ਅਲੰਕਾਰ ਸਹਿਤ ਛੰਦਾਂ ਦੀ ਰਚਨਾ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਉਸ ਨੂੰ ਵੀ ਅਲੰਕਾਰ ਸ਼ਾਸਤਰ ਦਾ ਗਿਆਨ ਹੈ ਅਤੇ ਉਹ ਵੀ ਅਲੰਕਾਰਿਕ ਸ਼ੈਲੀ ਵਿਚ ਕਾਵਿ-ਰਚਨਾ ਕਰ ਸਕਦਾ ਹੈ। ਇਹ ਦੂਜੀ ਗੱਲ ਹੈ ਕਿ ਅੱਗੇ ਚੱਲ ਕੇ ਸੰਪੂਰਨ ਗ੍ਰੰਥ ਵਿਚ ਉਹ ਸਹਿਜ, ਸਰਲ ਅਤੇ ਸੁਭਾਵਿਕ ਸ਼ੈਲੀ ਨੂੰ ਅਪਣਾਉਂਦੇ ਹਨ, ਜੋਕਿ ਐਸੇ ਧਰਮ ਪ੍ਰਧਾਨ ਕਥਾ-ਕਾਵਿਆਂ ਲਈ ਅਤਿ ਲਾਭਦਾਇਕ ਹੈ।

ਕਵੀ ਦੀ ਵਿਦਵੱਤਾ ਦੀ ਝਲਕ ਇਨ੍ਹਾਂ ਛੰਦਾਂ ਵਿਚ ਆਸਾਨੀ ਨਾਲ ਹੀ ਮਿਲ ਜਾਂਦੀ ਹੈ। 'ਵਾਹਿਗੁਰੂ' ਸ਼ਬਦ ਦੇ ਚਾਰ ਅੱਖਰਾਂ ਦੀ ਵਿਆਖਿਆ ਕਰਦੇ ਹੋਏ ਉਹ ਜਿਸ ਪ੍ਰਕਾਰ

ਚਾਰ ਲੋਕਾਂ, ਚਾਰ ਪਦਾਰਥਾਂ, ਚਾਰ ਪ੍ਰਕਾਰ ਦੇ ਗਿਆਨ, ਚਾਰ ਪ੍ਰਕਾਰ ਦੀਆਂ ਯੁਕਤੀਆਂ ਆਦਿ ਦੀ ਚਰਚਾ ਕਰਦਾ ਹੈ ਉਸ ਤੋਂ ਇਹ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕਵੀ ਸ਼ਾਸਤਰਾਂ ਦਾ ਭਰਪੂਰ ਗਿਆਤਾ ਹੈ ਅਤੇ ਭਾਰਤੀ ਸਾਹਿਤ, ਇਤਿਹਾਸ, ਪੁਰਾਣ, ਸਭਿਆਚਾਰ ਅਤੇ ਦਰਸ਼ਨ ਆਦਿ ਦਾ ਉਸ ਨੇ ਵਿਸ਼ਾਲ ਅਧਿਐਨ ਕੀਤਾ ਹੋਇਆ ਹੈ।

ਜੋ ਵੀ ਹੋਵੇ, ਇਹ ਮੰਗਲਾਚਰਣ ਨਿਸ਼ਚੇ ਹੀ ਕਵੀ ਦੇ ਅਧਿਆਤਮਿਕ ਵਿਚਾਰਾਂ, ਭਗਤੀ-ਭਾਵਨਾ, ਕਥਾਨਿਕ ਦੇ ਸਰੂਪ, ਕਵੀ ਦੀ ਕਾਵਿ ਸ਼ਕਤੀ ਨੂੰ ਸਮਝਣ ਲਈ ਸੰਕੇਤ ਦੁਆਰ ਦਾ ਕਾਰਜ ਕਰਦੇ ਹਨ। ਇਨ੍ਹਾਂ ਵਿਚ ਸਾਨੂੰ ਸਾਰੇ ਕਾਵਿ ਦੇ ਵਿਸ਼ੇ ਅਤੇ ਉਤਪਾਦਨ ਦੀ 'ਝਲਕ' ਜਿਹੀ ਮਿਲਦੀ ਹੈ। ਜਿਨ੍ਹਾਂ ਪ੍ਰਵਿਰਤੀਆਂ ਅਤੇ ਭਾਵਨਾਵਾਂ ਦਾ ਇਥੇ ਸਾਨੂੰ ਸੰਕੇਤ ਮਿਲਦਾ ਹੈ, ਗ੍ਰੰਥ ਵਿਚ ਉਨ੍ਹਾਂ ਦਾ ਵਿਸਥਾਰ ਅਤੇ ਪਸਾਰ ਹੋਇਆ ਹੈ।

'ਨਾਨਕ ਪ੍ਰਕਾਸ਼' ਗੁਰੂ ਨਾਨਕ ਦੇਵ ਜੀ ਦੇ ਜੀਵਨ ਉੱਤੇ ਆਧਾਰਿਤ ਇਹ ਕਥਾ-ਪ੍ਰਧਾਨ ਪ੍ਰਬੰਧ ਕਾਵਿ ਹੈ। ਇਸ ਲਈ ਇਸ ਵਿਚ ਇਕ ਤਾਂ ਬਿਰਤਾਂਤ-ਆਤਮਿਕਤਾ ਕਾਫ਼ੀ ਹੈ। ਦੂਜਾ ਅਰੰਭ ਤੋਂ ਅੰਤ ਤਕ ਧਰਮ-ਭਾਵਨਾ ਦਾ ਪ੍ਰਸਾਰ ਹੈ।

ਇਸ ਕਥਾ ਨੂੰ ਲਿਖਣ ਵਿਚ ਲੇਖਕ ਦੇ ਦੋ ਉਦੇਸ਼ ਮੁੱਖ ਰਹੇ ਹਨ। ਇਕ ਗੁਰੂ ਨਾਨਕ ਦੀ ਜੀਵਨ ਸੰਬੰਧੀ ਘਟਨਾਵਾਂ ਨੂੰ ਸ਼ਕਤੀ ਅਨੁਸਾਰ ਸਹੀ ਰੂਪ ਵਿਚ ਪੇਸ਼ ਕਰਨਾ। ਦੂਜਾ, ਉਨ੍ਹਾਂ ਦੀ ਜੀਵਨ ਕਥਾ ਦੇ ਮਾਧਿਅਮ ਦੁਆਰਾ ਗੁਰੂ ਨਾਨਕ ਦੇ ਅਧਿਆਤਮਿਕ ਵਿਚਾਰਾਂ ਦਾ ਵਰਣਨ ਕਰਨਾ। ਰਚਨਾ ਦੇ ਅੰਤ ਵਿਚ ਲੇਖਕ ਨੇ ਆਪਣੇ ਉਦੇਸ਼ ਨੂੰ ਸਪੱਸ਼ਟ ਕਰਦੇ ਹੋਏ ਲਿਖਿਆ ਵੀ ਹੈ ਕਿ ਉਨ੍ਹਾ ਨੇ ਇਸ ਕਥਾ ਵਿਚ ਯੋਗ, ਗਿਆਨ, ਵੈਰਾਗ, ਭਗਤੀ ਅਤੇ ਐਸੇ ਮਾਨਵੀ ਸ੍ਰੇਸ਼ਠ ਗੁਣਾਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਦੇ ਪੜ੍ਹਨ-ਸੁਣਨ ਨਾਲ ਮਨੁੱਖ ਸਤਿ, ਅਸਤ ਨੂੰ ਜਾਣਨ ਲੱਗਦਾ ਹੈ, ਗੁਣਾਂ ਨੂੰ ਧਾਰਨ ਕਰਦਾ ਹੈ ਅਤੇ ਖ਼ੁਸ਼ੀ-ਗਮੀ ਆਦਿ ਤੋਂ ਰਹਿਤ ਹੋ ਕੇ ਹਰਿ-ਸਿਮਰਨ ਕਰਨ ਲੱਗਦਾ ਹੈ।[3]

'ਨਾਨਕ ਪ੍ਰਕਾਸ਼' ਵਿਚ ਕਵੀ ਨੇ ਗੁਰੂ ਨਾਨਕ ਦੇ ਜਨਮ ਤੋਂ ਲੈ ਕੇ ਜੋਤੀ ਜੋਤਿ ਸਮਾਉਣ ਤਕ ਦੀਆਂ ਸਾਰੀਆਂ ਪ੍ਰਮੁੱਖ ਘਟਨਾਵਾਂ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਹੈ। ਵਿਸ਼ੇਸ਼ ਰੂਪ ਨਾਲ ਉਨ੍ਹਾਂ ਦੇ ਜਨਮ-ਉਤਸਵ, ਬਾਲਕ-ਰੂਪ, ਬਾਲ-ਲੀਲਾ, ਪਾਂਧੇ ਅਤੇ ਮੌਲਵੀ ਪਾਸ ਪੜ੍ਹਨ ਜਾਣਾ, ਜਨੇਊ ਧਾਰਨ ਕਰਨ ਦੀ ਰਸਮ, ਗਾਂਵਾਂ-ਮੱਝਾਂ ਨੂੰ ਚਰਾਉਣਾ, ਸੱਚਾ ਸੌਦਾ ਕਰਨ ਸੁਲਤਾਨਪੁਰ ਵਿਖੇ ਜਾਣਾ, ਮੋਦੀ ਦਾ ਕੰਮ ਕਰਨਾ, ਵਿਆਹ, ਸ੍ਰੀ ਚੰਦ ਅਤੇ ਲਖਮੀ ਚੰਦ ਦੇ ਜਨਮ, ਵੇਈਂ ਨਦੀ ਵਿਚ ਪ੍ਰਵੇਸ਼, ਉਦਾਸੀ ਵੇਸ ਧਾਰਨ ਕਰਨਾ, ਮਰਦਾਨੇ ਨੂੰ ਨਾਲ ਲੈ ਕੇ ਐਮਨਾਬਾਦ (ਲਾਲੋ ਪ੍ਰਸੰਗ), ਸੰਗਲਾਦੀਪ, ਕਾਵਰੂੰ ਦੇਸ਼, ਵਿਸੰਭਰ ਪੁਰੀ, ਵਿਸੀਹਰ ਦੀਪ, ਬ੍ਰਹਮਪੁਰ ਟਾਪੂ, ਮੱਕਾ (ਕਾਬਾ ਪ੍ਰਸੰਗ), ਨੌ ਖੰਡ, ਜੰਮੂ, ਲਾਹੌਰ, ਤਲਵੰਡੀ, ਕੁਰਕਸ਼ੇਤਰ, ਹਰਿਦੁਆਰ, ਬ੍ਰਜ, ਕਾਸ਼ੀ ਗੁਰੂ ਦੇਸ਼, ਕਸ਼ਮੀਰ, ਕਾਬੁਲ, ਕੰਧਾਰ, ਰੂਮ, ਕਲਾਵਤ, ਲੰਕਾ, ਸੱਤੇ ਦੀਪ, ਦਿੱਲੀ, ਬਟਾਲਾ,

ਸਿਆਲਕੋਟ, ਬਗਦਾਦ, ਖੁਰਮੇ, ਮੁਲਤਾਨ ਆਦਿ ਥਾਵਾਂ ਦੀਆਂ ਅਨੇਕਾਂ ਯਾਤਰਾਵਾਂ; ਕਾਲੂ-ਤ੍ਰਿਪਤਾ, (ਮਾਤਾ-ਪਿਤਾ), ਮੂਲੇ-ਚੰਦੂ (ਸੱਸ-ਸਹੁਰਾ), ਨਾਨਕੀ-ਜੈ ਰਾਮ, (ਭੈਣ-ਭਣਵੱਈਆ) ਮਰਦਾਨੇ ਆਦਿ ਦੇ ਦੇਹਾਂਤ ਅਤੇ ਅੰਤ ਵਿਚ ਕਰਤਾਰਪੁਰ ਨਿਵਾਸ ਅਤੇ ਲਹਿਣੇ ਜੀ ਦੀ ਸੇਵਾ ਤੋਂ ਖ਼ੁਸ਼ ਹੋ ਕੇ ਉਨ੍ਹਾਂ ਨੂੰ ਗੁਰ-ਗੱਦੀ ਦੇਣ ਦੀਆਂ ਪ੍ਰਮੁੱਖ ਘਟਨਾਵਾਂ ਦਾ ਵਰਣਨ ਕੀਤਾ ਹੈ।

'ਨਾਨਕ ਪ੍ਰਕਾਸ਼' ਭਾਈ ਸੰਤੋਖ ਸਿੰਘ ਦੀ ਪਹਿਲੀ ਕਾਵਿ ਰਚਨਾ ਹੈ। ਉਸ ਵਿਚ ਵਰਣਨਾਤਮਿਕਤਾ ਅਤੇ ਵੇਰਵਿਆਂ ਦੀ ਪ੍ਰਧਾਨਤਾ ਹੈ। ਕਲਾਤਮਿਕ ਸੁੰਦਰਤਾ ਘੱਟ ਹੈ। ਐਸੇ ਪ੍ਰਸੰਗਾਂ ਦੇ ਵਰਣਨ ਵਿਚ ਕਵੀ ਦੀ ਰੁਚੀ ਅਧਿਕ ਹੈ, ਜਿਨ੍ਹਾਂ ਵਿਚ ਗੁਰੂ ਨਾਨਕ ਦੇ ਅਵਤਾਰੀ ਰੂਪ ਦੀ ਸਥਾਪਨਾ ਹੋਵੇ ਅਤੇ ਉਨ੍ਹਾਂ ਦੇ ਅਧਿਆਤਮਿਕ ਸਿਧਾਂਤਾਂ ਦਾ ਵਰਣਨ ਹੋ ਸਕੇ। ਗੁਰੂ ਨਾਨਕ ਕਵੀ ਦੇ ਇਸ਼ਟ–ਦੇਵ ਹਨ, ਇਸ ਲਈ ਉਨ੍ਹਾਂ ਦੀ ਪਵਿੱਤਰ ਕਥਾ ਦਾ ਕਹਿਣ ਸੁਣਨ, ਉਸ ਦੀ ਧਰਮ-ਭਾਵਨਾ ਦਾ ਇਕ ਅੰਗ ਹੈ ਅਤੇ ਉਸ ਨੇ ਉਨ੍ਹਾਂ ਦੀ ਕਥਾ ਦਾ ਵਰਣਨ ਇਕ ਨਿਸ਼ਠਾਵਾਨ, ਵਿਸ਼ਵਾਸੀ ਭਗਤ ਦੀ ਤਰ੍ਹਾਂ ਹੀ ਕੀਤਾ ਹੈ। ਕਥਾ-ਪ੍ਰਸੰਗਾਂ ਦੇ ਮਾਧਿਅਮ ਨਾਲ ਉਨ੍ਹਾਂ ਦੇ ਸਿਧਾਂਤਾਂ ਦਾ ਵਰਣਨ ਕਰਨਾ ਵੀ ਗੌਣ ਉਦੇਸ਼ ਨਹੀਂ ਹੈ। ਇਹ ਸਾਰਾ ਗ੍ਰੰਥ ਅਤਿ-ਮਾਨਵੀ ਅਤੇ ਚਮਤਕਾਰ ਪੂਰਨ ਘਟਨਾਵਾਂ ਨਾਲ ਭਰਿਆ ਪਿਆ ਹੈ। 'ਨਾਨਕ ਪ੍ਰਕਾਸ਼' ਦੇ ਗੁਰੂ ਨਾਨਕ ਸਾਧਾਰਨ ਸੰਸਾਰੀ ਜੀਵ ਹੋ ਕੇ ਭੀ ਅਲੌਕਿਕ ਸ਼ਕਤੀ-ਸੰਪੰਨ ਦੈਵੀ ਪੁਰਸ਼ ਹਨ। ਧਰਤੀ ਦੀ ਪੁਕਾਰ ਤੇ ਪਾਪਾਂ ਦਾ ਨਾਸ਼ ਕਰਨ ਲਈ ਉਨ੍ਹਾਂ ਦੇ ਜਨਮ ਉੱਤੇ ਦੇਵਤਾ ਦਰਸ਼ਨਾਂ ਲਈ ਆਉਂਦੇ ਹਨ ਅਤੇ ਜਦੋਂ ਉਹ ਜੋਤੀ ਜੋਤਿ ਸਮਾਉਂਦੇ ਹਨ ਤਾਂ ਚਤੁਰਭੁਜ ਰੂਪ ਧਾਰਨ ਕਰਕੇ ਵਿਮਾਨ ਵਿਚ ਬੈਠਦੇ ਹਨ ਅਤੇ ਬ੍ਰਹਮਾ, ਵਿਸ਼ਣੂ, ਮਹੇਸ਼ ਉਨ੍ਹਾਂ ਨੂੰ ਮਿਲਣ ਆਉਂਦੇ ਹਨ।

ਅਸਲ ਵਿਚ, 'ਨਾਨਕ ਪ੍ਰਕਾਸ਼' ਦੇ ਸੰਪੂਰਨ ਕਥਾਨਿਕ ਵਿਚ ਪੌਰਾਣਿਕ ਵਾਤਾਵਰਨ ਨੂੰ ਪੇਸ਼ ਕੀਤਾ ਗਿਆ ਹੈ। ਦਾਸੀ ਨੂੰ ਉਨ੍ਹਾਂ ਦੇ ਪੈਰਾਂ ਦੇ ਤਲੇ ਨੂੰ ਚੱਟਣ ਨਾਲ ਦੈਵੀ-ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਸਾਰੇ ਬ੍ਰਹਮੰਡ ਨੂੰ ਵੇਖ ਲੈਂਦੀ ਹੈ, ਬਾਲ ਉਮਰ ਵਿਚ ਹੀ ਉਹ ਪਾਂਧੇ ਅਤੇ ਮੁੱਲਾਂ ਨੂੰ ਅਧਿਆਤਮਿਕ ਉਪਦੇਸ਼ ਦਿੰਦੇ ਹਨ, ਬਾਲਕਾਂ ਨੂੰ ਧਰਮ-ਕਥਾਵਾਂ ਸੁਣਾਉਂਦੇ ਹਨ, ਉਨ੍ਹਾਂ ਦੇ ਸੌਣ ਸਮੇਂ ਸ਼ੇਸ਼ਨਾਗ ਉਨ੍ਹਾਂ ਤੇ ਛਾਂ ਕਰਦਾ ਹੈ, ਉਨ੍ਹਾਂ ਦੇ ਸੰਪਰਕ ਨਾਲ ਸੁੱਕੇ ਦਰਖਤ ਹਰੇ ਹੋ ਜਾਂਦੇ ਹਨ, ਖੇਤ ਗਊਆਂ ਦੁਆਰਾ ਚਰਨ ਉੱਤੇ ਵੀ ਹਰੇ-ਭਰੇ ਰਹਿੰਦੇ ਹਨ, ਮੋਦੀਖਾਨੇ ਨੂੰ ਗਰੀਬਾਂ ਵਿਚ ਵੰਡਣ ਦੇਣ ਉੱਤੇ ਵੀ ਉਹ ਭਰਿਆ-ਪੂਰਿਆ ਜਾਂਦਾ ਹੈ।

ਉਦਾਸੀ ਵੇਸ਼ ਧਾਰਨ ਕਰਨ ਉੱਤੇ ਜਦੋਂ ਉਹ ਧਰਮ-ਉਪਦੇਸ਼ ਲਈ ਨਿਕਲਦੇ ਹਨ, ਫਿਰ ਤਾਂ ਥਾਂ ਥਾਂ ਤੇ ਉਹ ਆਪਣੀਆਂ ਕਰਾਮਾਤਾਂ ਵਿਖਾ ਕੇ ਲੋਕਾਂ ਨੂੰ ਮੋਹਿਤ ਕਰਦੇ ਵਿਖਾਏ ਗਏ ਹਨ। ਸਿੱਧਾਂ, ਪੰਡਿਤਾਂ, ਪੀਰਾਂ, ਫਕੀਰਾਂ ਆਦਿ ਨਾਲ ਵੀ ਸ਼ਾਸਤਰਾਰਥ ਘੱਟ ਹੁੰਦਾ ਹੈ, ਕਰਾਮਾਤਾਂ ਵਿਚ ਸ਼ਕਤੀ-ਪੀਖਿਆ ਜ਼ਿਆਦਾ। ਸ਼ਕਤੀ ਤੋਂ ਹਾਰ ਕੇ ਜਦੋਂ ਉਹ ਉਨ੍ਹਾਂ ਦੀ ਸਰਣ ਵਿਚ ਆਉਂਦੇ ਹਨ, ਉਦੋਂ ਗੁਰੂ ਜੀ ਉਨ੍ਹਾਂ ਨੂੰ ਧਰਮ-

ਉਪਦੇਸ਼ ਦਿੰਦੇ ਹਨ। ਕਿਧਰੇ ਉਹ ਤਪਦੇ ਕੜਾਹਿਆਂ ਨੂੰ ਠੰਡਾ ਕਰ ਦਿੰਦੇ ਹਨ। ਕਿਧਰੇ ਉਹ ਮਰੇ ਹੋਏ ਬਾਲਕ ਨੂੰ ਜਾਂ ਮਰੇ ਹੋਏ ਹਾਥੀ ਨੂੰ ਮੁੜ ਜੀਉਂਦਾ ਕਰ ਦਿੰਦੇ ਹਨ। ਸਰੀਰ ਨੂੰ ਨੌਂ ਯੋਜਨ ਫੈਲਾ ਲੈਂਦੇ ਹਨ। ਸੈਂਕੜੇ ਕੋਹਾਂ ਤੇ ਪਲ ਭਰ ਵਿਚ ਪਹੁੰਚ ਜਾਂਦੇ ਹਨ। ਡੰਡਾ ਮਾਰ ਕੇ ਦੀਵਾਰ ਵਿਚੋਂ ਪਾਣੀ ਕੱਢ ਲੈਂਦੇ ਹਨ। ਮਸਜਿਦ ਜਾਂ ਕਾਬੇ ਨੂੰ ਚਾਰੇ ਪਾਸੇ ਘੁਮਾ ਦਿੰਦੇ ਹਨ। ਗੰਗਾ ਦੀ ਧਾਰਾ ਨੂੰ ਜਿਥੇ ਚਾਹੁਣ ਲੈ ਆਉਂਦੇ ਹਨ। ਕਲਜੁਗ ਨਾਲ ਸੰਵਾਦ ਕਰਦੇ ਹਨ। ਗੰਗਾ ਤੋਂ ਪੂਜਾ ਕਰਾਉਂਦੇ ਹਨ। ਦਰੱਖਤ ਤੋਂ ਭੋਜਨ ਗਿਰਵਾ ਲੈਂਦੇ ਹਨ। ਲੱਖਾਂ ਅਕਾਸ਼-ਪਾਤਾਲਾਂ ਨੂੰ ਵਿਖਾ ਸਕਦੇ ਹਨ। ਪਹਿਲੇ ਜਨਮ ਦੀ ਅਤੇ ਆਉਣ ਵਾਲੇ ਜਨਮ ਦੀਆਂ ਕਥਾਵਾਂ ਸੁਣਾਉਂਦੇ ਹਨ, ਅਨਜਾਣੇ ਲੋਕਾਂ, ਦੀਪਾਂ ਦੀ ਯਾਤਰਾ ਕਰਦੇ ਹਨ, ਸੱਚਖੰਡ ਅਤੇ ਧ੍ਰੂ-ਲੋਕ ਵਿਚ ਪਹੁੰਚਦੇ ਹਨ, ਭਰਥਰੀ, ਧ੍ਰੂ, ਪ੍ਰਹਿਲਾਦ, ਵਿਭੀਖਣ, ਗੋਰਖ, ਮੰਗਲ ਨਾਥ, ਕਾਕ-ਭਸੁੰਡੀ, ਦੱਤਾ ਤ੍ਰੇਯ ਆਦਿ ਨਾਲ ਭੇਟ ਕਰਕੇ ਵਾਰਤਾਲਾਪ ਕਰਦੇ ਹਨ, ਨਾਰਦ ਵੀ ਉਨ੍ਹਾਂ ਨੂੰ ਮਿਲਣ ਆਉਂਦੇ ਹਨ : ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵੀ ; ਉਹ ਵਰ ਵੀ ਦਿੰਦੇ ਹਨ ਅਤੇ ਸਰਾਪ-ਗ੍ਰਸਤਾਂ ਦਾ ਉਧਾਰ ਵੀ ਕਰਦੇ ਹਨ। ਉਨ੍ਹਾਂ ਦੀ ਦੇਹ ਵੀ ਅਲੋਪ ਹੋ ਜਾਂਦੀ ਹੈ ਅਤੇ ਦੇਹ ਦੇ ਸਥਾਨ ਤੇ ਕੇਵਲ ਉਨ੍ਹਾਂ ਦੀਆਂ ਚਾਦਰਾਂ ਹੀ ਬਾਕੀ ਰਹਿ ਜਾਂਦੀਆਂ ਹਨ। ਅਸਲ ਵਿਚ, ਇਸ ਪ੍ਰਕਾਰ ਦੀਆਂ ਚਮਤਕਾਰਪੂਰਨ ਘਟਨਾਵਾਂ ਨਾਲ 'ਨਾਨਕ ਪ੍ਰਕਾਸ਼' ਭਰਿਆ ਪਿਆ ਹੈ।

ਗੁਰੂ ਨਾਨਕ ਨਾਲ ਸੰਬੰਧਿਤ ਇਨ੍ਹਾਂ ਚਮਤਕਾਰਪੂਰਨ ਘਟਨਾਵਾਂ ਤੋਂ ਇਲਾਵਾ ਵਿਚਕਾਰਲੀਆਂ ਘਟਨਾਵਾਂ ਦੇ ਰੂਪ ਵਿਚ ਹੋਰ ਪੌਰਾਣਿਕ ਕਥਾਵਾਂ ਵੀ ਆਈਆਂ ਹਨ। 'ਰਾਮਾਇਣ' ਅਤੇ 'ਮਹਾਂਭਾਰਤ' ਦੀ ਕਥਾ ਵੀ ਸੰਖੇਪ ਵਿਚ ਸੁਣਾਈ ਗਈ ਹੈ। ਬਾਵਨ, ਅਦਿਤੀ-ਕਸ਼ਯਪ, ਧ੍ਰੂ, ਪ੍ਰਹਿਲਾਦ, ਕ੍ਰਿਸ਼ਣ, ਲੋਮਸ-ਰਿਸ਼ੀ, ਅਹਿਲਿਆ, ਕਾਕ-ਭੁਸੁੰਡੀ, ਜਨਮੇਜਯ ਅਤੇ ਸ੍ਰਿਸ਼ਟੀ-ਰਚਨਾ ਆਦਿ ਨਾਲ ਸੰਬੰਧਿਤ ਅਨੇਕ ਪੌਰਾਣਿਕ ਪ੍ਰਸੰਗ 'ਨਾਨਕ ਪ੍ਰਕਾਸ਼' ਵਿਚ ਆਏ ਹਨ। ਇਨ੍ਹਾਂ ਕਥਾਵਾਂ ਦੀ ਯੋਜਨਾ ਆਮ ਤੌਰ ਤੇ ਕਿਸੀ ਸਿਧਾਂਤ ਦੀ ਸਥਾਪਨਾ ਦੇ ਲਈ ਹੀ ਕੀਤੀ ਗਈ ਹੈ। ਜਿਸ ਤਰ੍ਹਾਂ ਪ੍ਰਹਿਲਾਦ ਦੀ ਲੰਮੀ ਕਥਾ 'ਨਾਮ' ਦੀ ਮਹਿਮਾ ਦਾ ਵਰਣਨ ਕਰਨ ਲਈ ਹੀ ਲਿਖੀ ਗਈ ਹੈ। ਇਹ ਸਿੱਧ ਕਰਨ ਲਈ ਕਿ ਜਿਸ ਨੂੰ 'ਨਾਮ' ਦਾ ਆਧਾਰ ਪ੍ਰਾਪਤ ਹੈ, ਉਸ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ। ਕੀਚਕ ਅਤੇ ਰਾਵਣ ਆਦਿ ਦੇ ਕਥਾਨਿਕ ਦੁਰਾਚਾਰ ਦਾ ਭੈੜਾ ਪਰਿਣਾਮ ਵਿਖਾਉਣ ਦੇ ਲਈ ਦਿੱਤੇ ਗਏ ਹਨ। ਕਵੀ ਨੇ ਕਥਾ ਦੀ ਜ਼ਰੂਰਤ, ਤੱਥ ਦੇ ਮਹੱਤਵ ਆਦਿ ਨੂੰ ਧਿਆਨ ਵਿਚ ਰਖਦੇ ਹੋਏ ਹੀ ਐਸੇ ਪ੍ਰਸੰਗਾਂ ਨੂੰ ਮੁਨਾਸਿਬ ਅਨੁਸਾਰ ਵਿਸਥਾਰ ਦਿਤਾ ਹੈ। ਇਨ੍ਹਾਂ ਪ੍ਰਸੰਗਾਂ ਨਾਲ ਕਵਿ ਦੀ ਸਭਿਆਚਾਰਿਕ ਚੇਤਨਾ ਨੂੰ ਵੀ ਪੁਸ਼ਟ ਕੀਤਾ ਗਿਆ ਹੈ। ਜੋਗੀਆਂ, ਸਿੱਧਾਂ, ਨਾਥਾਂ, ਸੂਫੀਆਂ ਆਦਿ ਦੀਆਂ ਵਿਚਕਾਰਲੀਆਂ ਕਥਾਵਾਂ ਵੀ ਇਸ ਗ੍ਰੰਥ ਵਿਚ ਆਈਆਂ ਹਨ ਅਤੇ ਉਨ੍ਹਾਂ ਦਾ ਵਰਣਨ ਬੜੀ ਰੁਚੀ ਅਤੇ ਸਾਵਧਾਨੀ ਨਾਲ ਕੀਤਾ ਗਿਆ ਹੈ। ਕਵੀ ਦਾ ਧਿਆਨ ਮੁੱਖ ਕਥਾ ਉੱਤੇ ਹੀ ਕੇਂਦ੍ਰਿਤ ਰਿਹਾ ਹੈ, ਹੋਰ ਕਥਾਵਾਂ ਉਸ ਨੂੰ ਸ਼ਕਤੀ ਪ੍ਰਦਾਨ ਕਰਦੀਆਂ ਹਨ।

ਸੰਪੂਰਨ ਕਥਾਨਕ ਵਿਚ ਸੰਬੰਧਤਾ ਹੈ, ਸੰਤੁਲਨ ਹੈ, ਅਤੇ ਸਪਸ਼ਟਤਾ ਹੈ। ਪਰੰਤੂ ਧਰਮ-ਭਾਵਨਾ ਦੀ ਪ੍ਰਧਾਨਤਾ ਦੇ ਕਾਰਨ ਚਮਤਕਾਰ ਜ਼ਿਆਦਾ ਹਨ। ਇਤਿਹਾਸ ਨੂੰ ਪੌਰਾਣਿਕ ਰੂਪ ਦਿਤਾ ਗਿਆ ਹੈ। ਮਾਰਮਿਕਤਾ ਘੱਟ ਅਤੇ ਉਪਦੇਸ਼ਾਤਮਿਕਤਾ ਜ਼ਿਆਦਾ ਹੈ। ਕਾਲੂ-ਤ੍ਰਿਪਤਾ, ਨਾਨਕੀ-ਜੈ ਰਾਮ, ਮੂਲਾ-ਚੰਦੋ ਅਤੇ ਸੁਲੱਖਣੀ ਆਦਿ ਨਾਲ ਸੰਬੰਧਿਤ ਪ੍ਰਸੰਗਾਂ ਵਿਚ ਕਾਫੀ ਯਥਾਰਥਿਕਤਾ, ਸਜੀਵਤਾ ਅਤੇ ਮਾਰਮਿਕਤਾ ਹੈ।

ਕੁਲ ਮਿਲਾ ਕੇ ਇਹ ਰਚਨਾ ਅਪਭ੍ਰੰਸ਼ ਦੀਆਂ ਧਰਮ-ਭਾਵਨਾ ਵਾਲੀਆਂ ਕਥਾ-ਪ੍ਰਧਾਨ ਰਚਨਾਵਾਂ ਦੇ ਜ਼ਿਆਦਾ ਨੇੜੇ ਹੈ।

'ਨਾਨਕ ਪ੍ਰਕਾਸ਼' ਵਿਚ ਕਵੀ ਦਾ ਉਦੇਸ਼ ਗੁਰੂ ਨਾਨਕ ਦੇ ਚਰਿਤਰ ਅਤੇ ਉਨ੍ਹਾਂ ਦੀ ਮਹਿਮਾ ਦਾ ਵਰਣਨ ਕਰਨਾ ਹੀ ਹੈ, ਇਸ ਲਈ ਹਰ ਪਾਸੇ ਉਨ੍ਹਾਂ ਦੇ ਚਰਿੱਤਰ ਚਿਤਰਣ ਨੂੰ ਮਹੱਤਵ ਦਿਤਾ ਗਿਆ ਹੈ, 'ਨਾਨਕ ਪ੍ਰਕਾਸ਼' ਦੇ ਨਾਨਕ ਜਨਮ ਤੋਂ ਹੀ ਅਲੌਕਿਕ ਸ਼ਕਤੀ ਸੰਪੰਨ ਦੈਵੀ-ਪੁਰਸ਼ ਹਨ। ਮਾਨਵੀ ਰੂਪ ਵਿਚ ਉਹ ਸ਼ਾਂਤ ਸੁਭਾਉ, ਪਰਮ-ਸੰਤੋਸ਼ੀ, ਦੁੱਖ-ਸੁਖ ਵਿਚ ਸਮਾਨ-ਭਾਵ ਰੱਖਣ ਵਾਲੇ, ਮਾਨਵ-ਮਾਤਰ ਦਾ ਪਰਉਪਕਾਰ ਕਰਨ ਵਾਲੇ, ਸੰਸਾਰੀ ਵਸਤੂਆਂ ਪ੍ਰਤੀ ਉਦਾਸੀਨ, ਪਰਮ ਸੰਤ ਅਤੇ ਸ੍ਰੇਸ਼ਠ ਧਰਮ-ਗੁਰੂ ਹਨ। ਕਵੀ ਨੇ ਉਨ੍ਹਾਂ ਦਾ ਜ਼ਨਮ ਕੱਤਕ ਪੂਰਨਮਾਸ਼ੀ ਨੂੰ ਮੰਨਿਆ ਹੈ, ਉਨ੍ਹਾਂ ਦਾ ਸੁਭਾਅ ਅਤੇ ਚਰਿੱਤਰ ਵੀ ਪੂਰਨਮਾਸ਼ੀ ਦੀ ਤਰ੍ਹਾਂ ਸ਼ਾਂਤ, ਸੀਤਲ ਅਤੇ ਸੁਖਮਈ ਹੈ। ਜਦੋਂ ਕਿ ਆਪਣੇ ਉਪਦੇਸ਼ਾਂ ਦੁਆਰਾ ਉਹ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਇਕ ਅਦਭੁੱਤ ਕ੍ਰਾਂਤੀ ਪੈਦਾ ਕਰਦੇ ਹਨ। ਸਾਰੇ ਧਰਮਾਂ, ਮੱਤਾਂ ਅਤੇ ਪੰਥਾਂ ਦੇ ਬਾਹਰੀ ਭੇਖ ਅਤੇ ਮਿਥਿਆ ਅਡੰਬਰਾਂ ਦਾ ਵਿਰੋਧ ਕਰਦੇ ਹਨ ਪਰੰਤੂ ਉਨ੍ਹਾਂ ਵਿਚ ਕਿਸੀ ਵੀ ਵਰਗ ਜਾਂ ਵਿਅਕਤੀ ਦੇ ਪ੍ਰਤੀ ਕੋਈ ਕੁੜੱਤਣ ਜਾਂ ਗੁੱਸਾ ਨਹੀਂ ਹੈ। ਉਨ੍ਹਾਂ ਦੇ ਚਰਿੱਤਰ ਵਿਚ ਕੋਮਲਤਾ, ਦਿਆਲਤਾ ਅਤੇ ਸਹਿਨਸ਼ੀਲਤਾ ਹੈ। ਪਿਤਾ ਦੀ ਡਾਂਟ ਫਟਕਾਰ ਅਤੇ ਸੱਸ-ਸੁਹਰੇ ਅਤੇ ਪਤਨੀ ਦੇ ਕੌੜੇ ਬੋਲਾਂ ਨੂੰ ਸੁਣ ਕੇ ਵੀ ਉਹ ਸ਼ਾਂਤ ਰਹਿੰਦੇ ਹਨ। ਕੋਈ ਰੋਸ ਨਹੀਂ, ਦੁੱਖ ਨਹੀਂ।

ਉਹ ਕਿਸੀ ਵੀ ਵਿਅਕਤੀਗਤ ਕਾਰਨ ਤੋਂ ਉਪਰਾਮ ਨਹੀਂ ਹੁੰਦੇ। ਨਾ ਸ਼ੋਕ ਤੋਂ ਦੁੱਖੀ ਹੁੰਦੇ ਹਨ ਅਤੇ ਨਾ ਸੁੱਖ ਤੋਂ ਖ਼ੁਸ਼। ਦੁੱਖੀ ਤਾਂ ਪੀੜਿਤ ਮਨੁੱਖਤਾ ਦੇ ਲਈ, ਸੁਖੀ ਹਨ ਤਾਂ ਉਨ੍ਹਾਂ ਦੇ ਕਲਿਆਣ ਵਿਚ। ਕਵੀ ਨੇ ਉਨ੍ਹਾਂ ਦੇ ਚਰਿੱਤਰ ਨੂੰ ਅਤਿਅੰਤ ਉੱਦਾਰ, ਪ੍ਰਭਾਵਸ਼ਾਲੀ ਅਤੇ ਮਹਾਨ ਦਰਸਾਇਆ ਹੈ। ਉਨ੍ਹਾਂ ਦੇ ਚਰਿੱਤਰ ਦੀ ਇਕ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਦੇ ਆਚਰਣ ਅਤੇ ਉਪਦੇਸ਼ਾਂ ਦੀ ਸਮਾਨਤਾ, ਇਕਰੂਪਤਾ, ਮਨੁੱਖ-ਮਾਤਰ ਦੀ ਸਮਾਨਤਾ, ਏਕਤਾ ਵਿਚ ਵਿਸ਼ਵਾਸ, ਅਤੇ ਉਸ ਦੀ ਅਧਿਆਮਿਕ ਚੇਤਨਾ ਨੂੰ ਵਿਕਸਿਤ ਕਰਕੇ ਉਸ ਦੀ ਮੰਗਲ-ਕਾਮਨਾ। ਗੁਰੂ ਨਾਨਕ ਦਾ ਚਰਿੱਤਰ ਇਕ ਆਦਰਸ਼ ਚਰਿੱਤਰ ਹੈ। ਦੈਵੀ ਚਰਿੱਤਰ ਹੈ।

ਗੁਰੂ ਨਾਨਕ ਦੇ ਇਲਾਵਾ 'ਨਾਨਕ ਪ੍ਰਕਾਸ਼' ਵਿਚ ਕਾਲੂ, ਤ੍ਰਿਪਤਾ, ਨਾਨਕੀ, ਜੈ ਰਾਮ, ਮੂਲਾ ਚੰਦੂ, ਸੁਲੱਖਣੀ, ਬਾਲਾ ਮਰਦਾਨਾ, ਰਾਇ ਬੁਲਾਰ, ਆਦਿ ਪਾਤਰਾਂ ਦੇ ਚਰਿੱਤਰ ਨੂੰ ਵੀ ਕਾਫ਼ੀ ਵਿਸਥਾਰ ਨਾਲ ਚਿਤਰਿਆ ਗਿਆ ਹੈ। ਇਨ੍ਹਾਂ ਵਿਚੋਂ ਤ੍ਰਿਪਤਾ, ਕਾਲੂ, ਮੂਲਾ, ਚੰਦੂ ਰਾਣੀ ਅਤੇ ਸੁਲੱਖਣੀ ਦਾ ਚਰਿੱਤਰ ਬਹੁਤ ਹੀ ਸੁਭਾਵਿਕ ਅਤੇ

ਸਜੀਵ ਬਣ ਗਿਆ ਹੈ। ਤ੍ਰਿਪਤਾ ਇਕ ਪਿਆਰ ਵਾਲੀ, ਮਮਤਾ ਭਰੀ, ਭੋਲੀ ਭਾਲੀ ਮਾਂ ਹੈ, ਜੋ ਪੁੱਤਰ ਦੇ ਸੁਖ ਦੇ ਲਈ ਹਰ ਸਮੇਂ ਚਿੰਤਿਤ ਰਹਿੰਦੀ ਹੈ ਅਤੇ ਉਸ ਨਾਲ ਮਿਲਣ ਲਈ ਬੇਚੈਨ ਰਹਿੰਦੀ ਹੈ। ਨਾਨਕੀ ਵੀ ਇਕ ਮੋਹਵੰਤੀ ਭੈਣ ਹੈ, ਪਰੰਤੂ ਨਾਲ ਹੀ ਉਸ ਨੂੰ ਨਾਨਕ ਦੇ ਦੇਵੀ ਰੂਪ ਵਿਚ ਵੀ ਵਿਸ਼ਵਾਸ ਹੈ, ਇਸ ਲਈ ਉਸ ਦੇ ਚਰਿੱਤਰ ਦਾ ਮਨੋਵਿਗਿਆਨਕ ਢੰਗ ਨਾਲ ਚਿਤਰਣ ਨਹੀ ਹੋ ਸਕਿਆ। ਇਨ੍ਹਾਂ ਪਾਤਰਾਂ ਵਿਚ ਸਭ ਤੋਂ ਜ਼ਿਆਦਾ ਸੁਭਾਵਿਕ ਅਤੇ ਸਜੀਵ ਚਰਿੱਤਰ ਕਾਲੂ ਦਾ ਹੈ। ਉਸ ਦੇ ਮਨ ਵਿਚ ਪੁੱਤਰ ਦੇ ਲਈ ਬੇਹੱਦ ਪਿਆਰ ਹੈ, ਪਰੰਤੂ ਉਹ ਵਿਵਹਾਰਿਕ ਬੁੱਧੀ ਦਾ ਵਿਅਕਤੀ ਹੈ, ਜਾਣਦਾ ਹੈ ਕਿ ਦੁਨੀਆਂ ਦੇ ਸਾਰੇ ਕੰਮ ਪੈਸੇ ਨਾਲ ਚਲਦੇ ਹਨ ਪਰੰਤੂ ਪੁੱਤਰ ਦੀ ਧਨ ਪ੍ਰਤੀ ਬੇ-ਮੁਖਤਾ ਅਤੇ ਸੰਸਾਰੀ ਜੀਵਨ ਪ੍ਰਤੀ ਉਦਾਸੀਨਤਾ ਤੋਂ ਉਹ ਚਿੰਤਿਤ ਹੈ ਅਤੇ ਇਸੇ ਲਈ ਕਦੀ ਕਦੀ ਅਪ੍ਰਸੰਨਤਾ, ਕਾਰਨ ਰੋਸ ਵੀ ਪ੍ਰਗਟ ਕਰਦਾ ਹੈ। ਬਾਰ ਬਾਰ ਸਮਝਾਉਣ ਉੱਤੇ ਵੀ ਉਹ ਆਪਣੇ ਗੁੱਸੇ ਨੂੰ ਦਬਾ ਨਹੀਂ ਸਕਦਾ। ਇਸ ਪ੍ਰਕਾਰ ਮੂਲ ਅਤੇ ਚੰਦੂਰਾਣੀ ਦਾ ਚਰਿੱਤਰ ਵੀ ਬਹੁਤ ਸਜੀਵ ਬਣ ਗਿਆ ਹੈ। ਉਹ ਵੀ ਨਾਨਕ ਦੀ ਉਦਾਸੀਨਤਾ ਤੋਂ ਦੁੱਖੀ ਹਨ। ਆਪਣੀ ਪੁੱਤਰੀ ਸੁਲੱਖਣੀ ਦੇ ਭਵਿੱਖ ਪ੍ਰਤੀ ਚਿੰਤਿਤ ਹਨ। ਨਾਨਕ ਦੇ ਉਦਾਸੀ ਬਣ ਜਾਣ ਕਾਰਨ ਉਨ੍ਹਾਂ ਨੂੰ ਆਪਣੇ ਸਾਕਾਂ ਸੰਬੰਧੀਆਂ ਤੋਂ ਜੋ ਕੁਝ ਸੁਣਨਾ ਪਿਆ ਹੈ, ਉਸ ਦੀ ਵੀ ਉਨ੍ਹਾਂ ਨੂੰ ਗਿਲਾਨੀ ਹੈ, ਇਸ ਲਈ ਨਾਨਕ ਪ੍ਰਤੀ ਉਨ੍ਹਾਂ ਦੀ ਕੁੜੱਤਣ ਬਾਰੇ ਵਿਵਹਾਰ ਦੇ ਕਈ ਮਨੋਵਿਗਿਆਨਕ ਕਾਰਨ ਹਨ। ਸੁਲੱਖਣੀ ਦਾ ਚਰਿੱਤਰ ਇਕ ਸਾਧਾਰਨ ਹਿੰਦੂ ਇਸਤਰੀ ਦਾ ਚਰਿੱਤਰ ਹੈ। ਦੰਪਤੀ ਜੀਵਨ ਪ੍ਰਤੀ ਪਤੀ ਦੀ ਉਦਾਸੀਨਤਾ ਦੇ ਕਾਰਨ ਉਸ ਦਾ ਦੁਖੀ ਰਹਿਣਾ ਸੁਭਾਵਿਕ ਹੈ। ਸ਼ੁਰੂ ਵਿਚ ਉਸ ਦੇ ਸੁਭਾ ਵਿਚ ਜੋ ਖਿਝ ਵਿਖਾਈ ਦਿੰਦੀ ਹੈ, ਉਸ ਦਾ ਇਕ ਮਨੋਵਿਗਿਆਨਕ ਕਾਰਨ ਹੈ। ਬਾਅਦ ਵਿਚ ਪਤੀ ਦੇ ਘਰ ਰਹਿਣ ਉੱਤੇ ਉਸ ਵਿਚ ਬਦਲਾਓ ਵੀ ਆਉਂਦਾ ਹੈ ਅਤੇ ਉਹ ਪਤੀ ਦੀ ਸੇਵਾ ਵੀ ਕਰਨ ਲਗਦੀ ਹੈ ਪਰੰਤੂ ਫਿਰ ਪਤੀ ਦੇ ਉਦਾਸੀ ਭੇਸ ਧਾਰਨ ਕਰ ਲੈਣ ਉੱਤੇ, ਬੇਵਸ ਹੋ ਕੇ ਉਸ ਨੂੰ ਆਪਣੇ ਮਾਤਾ-ਪਿਤਾ ਦੇ ਘਰ ਜਾਣਾ ਪੈਂਦਾ ਹੈ। ਉੱਥੇ ਭਰਜਾਈ ਅਤੇ ਹੋਰ ਸੰਬੰਧੀਆਂ ਤੋਂ ਤਾਹਨੇ ਮਿਹਣੇ-ਸੁਣਨੇ ਪੈਂਦੇ ਹਨ ਅਤੇ ਉੱਥੇ ਆਪਣੇ ਪੁੱਤਰਾਂ ਪ੍ਰਤੀ ਚਿੰਤਿਤ ਰਹਿਣਾ, ਉਸ ਦੇ ਚਰਿੱਤਰ ਦਾ ਕੌੜਾ ਯਥਾਰਥ ਹੈ। ਉਸ ਦੇ ਚਰਿੱਤਰ ਦਾ ਮੁਲਾਂਕਣ ਕਰਦੇ ਸਮੇਂ ਇਸ ਤੱਥ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਜਦੋਂ ਗੁਰੂ ਜੀ ਉਸ ਨੂੰ ਨਾਲ ਲੈ ਕੇ ਕਰਤਾਰਪੁਰ ਵਿਖੇ ਸੁਖ-ਪੂਰਬਕ ਰਹਿਣ ਲਗਦੇ ਹਨ ਤਾਂ ਉਸ ਦੀ ਕੁੜੱਤਣ, ਗਿਲਾਨੀ ਅਤੇ ਰੋਸ, ਸਮਾਪਤ ਹੋ ਜਾਂਦੇ ਹਨ। ਉਹ ਇਕ ਸਾਧਾਰਨ ਸੰਸਾਰੀ ਇਸਤਰੀ ਹੈ ਅਤੇ ਉਸ ਦਾ ਚਰਿੱਤਰ ਚਿਤਰਣ ਬੜਾ ਹੀ ਮਨੋ-ਵਿਗਿਆਨਕ ਢੰਗ ਨਾਲ ਚਿਤਰਿਆ ਗਿਆ ਹੈ।

ਇਸ ਪ੍ਰਕਾਰ 'ਨਾਨਕ ਪ੍ਰਕਾਸ਼' ਵਿਚ ਆਦਰਸ਼ ਪਾਤਰ ਵੀ ਹਨ ਤੇ ਸਾਧਾਰਨ ਵੀ। ਜ਼ਿਆਦਾਤਰ ਪਾਤਰ ਗੁਰੂ ਜੀ ਦੇ ਭਗਤ ਹਨ, ਜਾਂ ਬਣ ਜਾਂਦੇ ਹਨ। ਚਰਿੱਤਰ-ਚਿਤਰਣ ਦੇ ਜਿਸ ਆਦਰਸ਼ ਨੂੰ ਲੈ ਕੇ ਕਵੀ ਨੇ ਇਸ ਪ੍ਰਬੰਧ ਕਾਵਿ ਦੀ ਰਚਨਾ ਕੀਤੀ

ਹੈ, ਉਸ ਵਿਚ ਪੂਰਨ ਤੌਰ ਤੇ ਸਫ਼ਲ ਰਿਹਾ ਹੈ, ਭਾਰਤੀ ਮਹਾਂ-ਕਾਵਾਂ ਵਿਚ ਨਾਇਕ ਰੂਪ ਦੀ ਕਲਪਣਾ ਗੁਰੂ ਨਾਨਕ ਜੈਸੇ ਪੂਜਨੀਕ ਪਾਤਰਾਂ ਦੀ ਹੀ ਕੀਤੀ ਗਈ ਹੈ।

**ਯੁੱਗ ਚਿੱਤਰ**

ਇਸ ਰਚਨਾ ਦੀ ਇਕ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਉਸ ਯੁੱਗ ਦੀ ਧਾਰਮਿਕ, ਸਭਿਆਚਾਰਿਕ, ਸਮਾਜਿਕ ਅਤੇ ਰਾਜਨੀਤਿਕ ਦਸ਼ਾ ਦਾ ਵਿਸ਼ਾਲ ਚਿਤਰਣ ਹੋਇਆ ਹੈ।

ਗੁਰੂ ਨਾਨਕ ਦੇ ਅਵਤਾਰ ਹੋਣ ਕਾਰਨ ਉੱਤੇ ਪ੍ਰਕਾਸ਼ ਪਾਉਂਦੇ ਹੋਏ ਅਤੇ ਕਲਜੁਗ ਦਾ ਵਰਣਨ ਕਰਦੇ ਹੋਏ ਕਵੀ ਨੇ ਤਤਕਾਲੀ ਸ਼ਾਸਕਾਂ ਦੀ ਧਰਮ-ਕੱਟੜਤਾ, ਅਨੀਤੀ ਅਤੇ ਅਤਿਆਚਾਰਾਂ ਦਾ ਹੀ ਵਰਣਨ ਕੀਤਾ ਹੈ।

ਯੁੱਗ ਦੀ ਧਾਰਮਿਕ ਦਸ਼ਾ ਦਾ ਚਿਤਰਣ ਜ਼ਿਆਦਾ ਵਿਸਤਾਰ ਅਤੇ ਸਜੀਵਤਾ ਨਾਲ ਕੀਤਾ ਗਿਆ ਹੈ। ਕਵੀ ਨੇ ਦਰਸਾਇਆ ਹੈ ਕਿ ਉਸ ਸਮੇਂ ਦੇਸ਼ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਕਈ ਮੱਤ, ਪੰਥ ਅਤੇ ਸੰਪਰਦਾਇ ਸਨ। ਸਿੱਧ, ਨਾਥ-ਜੋਗੀ, ਤਪੱਸਵੀ, ਜਤੀ, ਦੇਵੀ ਉਪਾਸ਼ਕ, ਵੈਸ਼ਣਵ, ਸ਼ੈਵ, ਸੂਫੀ, ਕਾਜ਼ੀ, ਮੁੱਲਾਂ, ਪੀਰ-ਫਕੀਰ ਕਈ ਤਰ੍ਹਾਂ ਦੇ ਸਾਧਕ-ਉਪਾਸਕ ਸਨ।

'ਗੁਰੂ ਨਾਨਕ ਪ੍ਰਕਾਸ਼' ਅਨੁਸਾਰ, ਸਮਾਜ ਵਿਚ ਜਾਤ ਪਾਤ ਦਾ ਬੜਾ ਮਹੱਤਵ ਸੀ। ਇੱਥੇ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਚਾਰ ਵਰਣਾਂ ਦਾ ਵਰਣਨ ਹੋਇਆ ਮਿਲਦਾ ਹੈ ਅਤੇ ਇਹ ਵੀ ਪਤਾ ਲਗਦਾ ਹੈ ਕਿ ਬ੍ਰਾਹਮਣਾਂ ਦਾ ਸਮਾਜ ਵਿਚ ਵਿਸ਼ੇਸ਼ ਸਥਾਨ ਸੀ। ਪੁਰਾਣੇ ਰੀਤੀ-ਰਿਵਾਜਾਂ ਦਾ ਵੀ ਸਮਾਜ ਵਿਚ ਦ੍ਰਿੜ੍ਹਤਾ ਨਾਲ ਪਾਲਣ ਹੁੰਦਾ ਸੀ। ਮੱਧਵਰਗੀ ਪਰਿਵਾਰਾਂ ਦੇ ਕੁਲ, ਗੋਤ ਅਤੇ ਜਾਤ ਦੇ ਗਠਨ ਉੱਤੇ ਵੀ ਚਾਨਣਾ ਪਾਇਆ ਹੈ। ਇਸ ਪ੍ਰਕਾਰ ਦੇ ਵਰਣਨਾਂ ਵਿਚ ਉਸ ਯੁੱਗ ਦੀ ਸਮਾਜਿਕ ਵਿਵਸਥਾ ਅਤੇ ਮੱਧ-ਵਰਗੀ ਪਰਿਵਾਰਾਂ ਦੇ ਰੀਤੀ-ਰਿਵਾਜਾਂ, ਪੂਰਬਾਂ, ਤਿਉਹਾਰਾਂ, ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਦੇਵਤਾ-ਪੂਜਾ, ਵਿਸ਼ਵਾਸਾਂ ਆਦਿ ਦਾ ਪੂਰਾ ਚਿੱਤਰ ਉੱਭਰ ਕੇ ਸਾਹਮਣੇ ਆ ਜਾਂਦਾ ਹੈ। ਕਵੀ ਨੇ ਵੱਖ ਵੱਖ ਪ੍ਰਦੇਸ਼ਾਂ, ਵੱਖ ਵੱਖ ਜਾਤੀਆਂ, ਵਰਣਾਂ ਅਤੇ ਧਰਮਾਂ ਦੇ ਵਿਸ਼ਵਾਸਾਂ ਅਤੇ ਵਿਵਹਾਰਾਂ ਦਾ ਵਿਸ਼ਾਲਤਾ ਨਾਲ ਚਿਤਰਣ ਕੀਤਾ।

ਮੱਧ ਯੁੱਗ ਵਿਚ ਇਸਤਰੀ ਦੀ ਕੀ ਦਸ਼ਾ ਸੀ ਇਸ ਉੱਤੇ ਵੀ ਚਾਨਣਾ ਪਾਇਆ ਗਿਆ ਹੈ। ਨਾਨਕੀ, ਕਾਲੂ ਅਤੇ ਮੂਲੇ ਦੇ ਪਰਿਵਾਰ ਦੇ ਚਿੱਤਰ ਮੱਧ-ਯੁਗੀਨ ਹਿੰਦੂ ਪਰਿਵਾਰਾਂ ਦੇ ਯਥਾਰਥਿਕ ਉਦਾਹਰਣ ਹਨ। ਇਸੇ ਤਰ੍ਹਾਂ ਲੋਕਾਂ ਦੀ ਆਰਥਿਕ ਸਥਿਤੀ ਅਤੇ ਉਨ੍ਹਾਂ ਦੇ ਕੰਮ ਕਾਰ ਕਿਸਾਨ, ਵਿਉਪਾਰੀ ਅਤੇ ਕਰਮਚਾਰੀ ਆਦਿ ਕੁਝ ਕੰਮਾਂ ਦਾ ਉਲੇਖ ਵੀ ਇਥੇ ਹੋਇਆ ਹੈ।

**ਅਧਿਆਤਮਿਕ ਵਿਚਾਰ**

'ਗੁਰੂ ਨਾਨਕ ਪ੍ਰਕਾਸ਼' ਮੂਲ ਰੂਪ ਵਿਚ ਇਕ ਭਗਤੀ-ਕਾਵਿ ਹੈ। ਗੁਰੂ ਜੀ ਉਦੇਸ਼

ਪੂਰਨ, ਹਿੰਦੂਆਂ, ਮੁਸਲਮਾਨਾਂ, ਸਿੱਧਾਂ, ਨਾਥਾਂ, ਸੂਫੀਆਂ ਦੇ ਪ੍ਰਮੁੱਖ ਧਰਮ ਸਥਾਨਾਂ ਦੀ ਯਾਤਰਾ ਕਰਦੇ ਹਨ ਅਤੇ ਇਨ੍ਹਾਂ ਧਰਮਾਂ ਅਤੇ ਮੱਤਾਂ ਦੇ ਧਰਮ-ਗੁਰੂਆਂ ਪੰਡਿਤਾਂ, ਪੀਰਾਂ, ਮੁੱਲਾਂ, ਕਾਜ਼ੀਆਂ, ਸੂਫੀਆਂ, ਸਿੱਧਾਂ ਆਦਿ ਨਾਲ ਧਾਰਮਿਕ ਵਿਸ਼ਿਆਂ ਉੱਤੇ ਚਰਚਾ ਕਰਦੇ ਹਨ। ਉਨ੍ਹਾਂ ਦੇ ਅਡੰਬਰਾਂ ਅਤੇ ਪਾਖੰਡ ਭਰੇ ਬੇ-ਅਰਥ ਸਾਧਨਾ-ਪ੍ਰਣਾਲੀਆਂ ਆਦਿ ਦੀ ਬੇ-ਅਰਥਤਾ ਸਿੱਧ ਕਰਕੇ ਉਨ੍ਹਾਂ ਨੂੰ ਸਹਜ ਸਾਧਨਾ-ਮਾਰਗ, ਹਰਿ-ਸਿਮਰਨ ਅਤੇ ਸੰਤ-ਸੇਵਾ ਆਦਿ ਦਾ ਉਪਦੇਸ਼ ਦਿੰਦੇ ਹਨ।

ਸਿੱਖ-ਮੱਤ ਦੇ ਅਨੁਕੂਲ ਗੁਰੂ ਨਾਨਕ ਦੇ ਅਧਿਆਤਮਿਕ ਵਿਚਾਰਾਂ ਦਾ ਵੀ ਇਸ ਵਿਚ ਵਿਸਥਾਰ ਪੂਰਬਕ ਵਰਣਨ ਕੀਤਾ ਗਿਆ ਹੈ। ਕਵੀ ਨੇ ਇਸ ਵਿਚ ਪਰਮਾਤਮਾ, ਆਤਮਾ, ਜਗਤ, ਮਾਇਆ, ਸਰੀਰ ਆਦਿ ਦੇ ਸਰੂਪ ਦਾ ਵਿਸਥਾਰ ਪੂਰਬਕ ਵਰਣਨ ਕੀਤਾ ਹੈ। ਹੱਠ-ਯੋਗ, ਸਾਂਖ ਆਦਿ ਦਰਸ਼ਨਾਂ ਅਤੇ ਭਗਤੀ ਦੇ ਵਿਭਿੰਨ ਭੇਦਾਂ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਹੈ, ਅਤੇ ਇਸ ਸਭ ਵਿਚ ਭਗਤੀ ਦੀ ਵਿਸ਼ੇਸ਼ਤਾ ਨੂੰ ਸਥਾਪਿਤ ਕੀਤਾ ਹੈ। ਭਗਤੀ, ਵੈਰਾਗ ਅਤੇ ਗਿਆਨ ਦੇ ਸੁਮੇਲ ਉੱਤੇ ਵੀ ਜ਼ੋਰ ਦਿੱਤਾ ਹੈ। (ਭਗਤਿ ਵਿਰਾਗ ਗਿਆਨ ਗੁਨ ਸਾਨੀ।)

ਗੁਰੂ ਨਾਨਕ ਆਪਣੇ ਉਪਦੇਸ਼ਾਂ ਵਿਚ ਵਾਰ ਵਾਰ ਸੰਸਾਰ ਦੇ ਸੰਬੰਧਾਂ ਦੀ ਸਾਰਹੀਣਤਾ, ਸ਼ਰੀਰ ਦੀ ਖਿਣ-ਭੰਗੁਰਤਾ, ਭੌਤਿਕ ਐਸ਼-ਇਸ਼ਰਤ ਦੀ ਨਾਸ਼ਮਾਨਤਾ ਆਦਿ ਉੱਤੇ ਪ੍ਰਕਾਸ਼ ਪਾ ਕੇ ਮਨੁੱਖ ਨੂੰ ਹੰਕਾਰ, ਕਾਮ, ਕ੍ਰੋਧ ਮੋਹ, ਤ੍ਰਿਸ਼ਨਾ ਆਦਿ ਦੇ ਤਿਆਗ, ਮਨ ਨੂੰ ਵਸ ਵਿਚ ਕਰਨ, ਸਤਿਸੰਗਤ, ਸੰਤ-ਸੇਵਾ, ਭਾਣਾ ਮੰਨਣਾ, ਵੰਡ ਖਾਣਾ ਅਤੇ ਹਰਿ ਸਿਮਰਨ ਕਰਨਾ ਅ ਦਿ ਦਾ ਉਪਦੇਸ਼ ਦਿੰਦੇ ਹਨ। ਵਿਸ਼ੇ-ਵਿਕਾਰਾਂ ਵਿਚ ਜੀਵਾਂ ਦੀ ਦਸ਼ਾ, ਸੰਤ-ਮਹਿਮਾ, ਗੁਰਬਾਣੀ ਅਤੇ ਹਰਿ ਨਾਮ ਦੀ ਮਹਿਮਾ ਦੀ ਇਸ ਗ੍ਰੰਥ ਵਿਚ ਥਾਂ ਥਾਂ ਤੇ ਚਰਚਾ ਕੀਤੀ ਗਈ ਹੈ, ਇਨ੍ਹਾਂ ਦੇ ਮਹੱਤਵ ਨੂੰ ਸਥਾਪਿਤ ਕਰਨ ਲਈ ਅਨੇਕਾਂ ਕਲਪਿਤ, ਇਤਿਹਾਸਿਕ ਜਾਂ ਪੌਰਾਣਿਕ ਪ੍ਰਸੰਗਾਂ ਦੀ ਯੋਜਨਾ ਕੀਤੀ ਗਈ ਹੈ। ਅਨੇਕਾਂ ਉਦਾਹਰਣਾਂ ਸਹਿਤ ਰੂਪਕਾਂ ਦੀ ਯੋਜਨਾ ਕਰਕੇ ਅਤੇ ਅਨੇਕਾ ਉਪਮਾਨਾ ਦੇ ਮਾਧਿਅਮ ਰਾਹੀਂ ਅਧਿਆਤਮਿਕ ਤੱਤਾਂ ਦਾ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਗਿਆ ਹੈ। ਕਿਧਰੇ ਕਿਧਰੇ ਤਾਂ ਇਸ ਤਰ੍ਹਾਂ ਦੇ ਸਥਾਨਾਂ ਉੱਤੇ ਉਪਮਾਵਾਂ ਦੀ ਝੜੀ ਲਗਾ ਦਿੱਤੀ ਗਈ ਹੈ। ਅਧਿਆਤਮਿਕ ਤੱਤਾਂ ਦਾ ਵਿਵੇਚਨ ਵਿਭਿੰਨ ਕਥਾ ਪ੍ਰਸੰਗਾਂ ਵਿਚ ਥੋੜ੍ਹਾ ਥੋੜ੍ਹਾ ਕਰਕੇ ਹੋਇਆ ਹੈ, ਜਿਸ ਨਾਲ ਕਥਾਨਿਕ ਦੇ ਪ੍ਰਵਾਹ ਵਿਚ ਰੁਕਾਵਟ ਪੈਦਾ ਨਹੀਂ ਹੁੰਦੀ।

ਅਸਲੀ ਯੋਗ ਕੀ ਹੈ ? ਅਸਲੀ 'ਗਿਆਨੀ ਧਿਆਨੀ ਅਤੇ ਇਸ਼ਨਾਨੀ' ਕੌਣ ਹੈ ? ਸੁਖਦਾਇਕ ਘਰ, ਗਤੀ ਅਤੇ ਮਾਰਗ ਕੀ ਹੈ ? ਅਸਲੀ ਮਾਤਾ-ਪਿਤਾ ਕੌਣ ਹੈ ? ਜਗਤ ਦਾ ਜੰਜਾਲ ਕਿਸ ਤਰ੍ਹਾਂ ਖ਼ਤਮ ਹੁੰਦਾ ਹੈ ? ਬੁੱਧੀ ਉੱਜਲ ਕਿਵੇਂ ਹੁੰਦੀ ਹੈ ? ਮੋਹ-ਮਾਇਆ ਦਾ ਨਾਸ਼ ਕਿਵੇਂ ਹੁੰਦਾ ਹੈ ? ਭਵ ਸਾਗਰ ਤੋਂ ਮੁਕਤੀ ਕਿਵੇਂ ਮਿਲਦੀ ਹੈ ? ਮਨ ਨੂੰ ਵੱਸ ਵਿਚ ਕਿਵੇਂ ਕੀਤਾ ਜਾਂਦਾ ਹੈ ? ਸੱਚੀ ਖੇਤੀ ਵਿਉਪਾਰ, ਨੌਕਰੀ, ਸੌਦਾਗਰੀ ਕਿਹੜੀ ਹੁੰਦੀ ਹੈ ਆਦਿ ਅਨੇਕ ਪ੍ਰਸ਼ਨਾਂ ਦੇ ਗੁਰੂ ਜੀ ਉੱਤਰ ਦਿੰਦੇ ਹਨ

ਅਤੇ ਇਸ ਤਰ੍ਹਾਂ ਮਨੁਖ ਦੇ ਜੀਵਨ ਅਤੇ ਆਚਰਣ ਵਿਚ ਸਤਿ, ਸੰਜਮ, ਸੰਤੋਖ ਦਇਆ ਖਿਮਾ, ਅਹਿੰਸਾ, ਸੇਵਾ, ਤਿਆਗ ਅਤੇ ਪ੍ਰਭੂ-ਪਿਆਰ ਦੇ ਮਹੱਤਵ ਦਾ ਵਰਣਨ ਕਰਦੇ ਹਨ ।

ਬਾਲਕ ਰੂਪ ਵਿਚ ਗੁਰੂ ਨਾਨਕ ਗੋਪਾਲ ਪਾਂਧੇ, ਮੁੱਲਾਂ ਅਤੇ ਵੈਦ ਨੂੰ ਜੋ ਉਪਦੇਸ਼ ਦਿੰਦੇ ਹਨ, ਉਹ ਵਰਣਨ ਜੋਗ ਹੈ ।

**ਪਾਂਧੇ ਨੂੰ ਉਪਦੇਸ਼**

ਸਰੀਰ ਰੂਪੀ ਦੀਪਕ ਵਿਚ ਵਿਸ਼ੇ-ਵਿਕਾਰ ਰੂਪੀ ਬੱਤੀ ਪਾ ਕੇ ਮੋਹ ਦੇ ਤੇਲ ਨੂੰ ਜਲਾਓ, ਬੁੱਧੀ ਦਾ ਕਾਗਜ਼ ਬਣਾ ਕੇ, ਭਾਵ ਦੀ ਕਲਮ ਮਨ ਰੂਪੀ ਹੱਥ ਵਿਚ ਪਕੜ ਕੇ ਚਿੱਤ ਰੂਪੀ ਲੇਖਕ ਨੂੰ 'ਸਤਿਨਾਮ' ਅੱਖਰ ਲਿਖਣਾ ਚਾਹੀਦਾ ਹੈ, ਕਿਉਂਕਿ ਅੰਤ ਸਮੇਂ ਵਿਚ ਨਾਮ ਹੀ ਕੰਮ ਆਵੇਗਾ । ਕਮਲ ਵਿਚ ਜਿਸ ਪ੍ਰਕਾਰ ਭੌਰਾ ਲਿਪਤ ਰਹਿੰਦਾ ਹੈ, ਉਸ ਪ੍ਰਕਾਰ ਜੀਵ ਨੂੰ ਸੰਸਾਰੀ ਸੁਖਾਂ ਵਿਚ ਲੀਨ ਨਹੀਂ ਹੋਣਾ ਚਾਹੀਦਾ । ਜਿਸ ਬ੍ਰਹਮਾ ਨੇ ਤਨ, ਮਨ, ਧਨ ਦਿੱਤਾ ਹੈ ਉਸ ਨੂੰ ਭੁਲਾ ਕੇ ਸੰਸਾਰ ਦੇ ਸੁਖਾਂ ਵਿਚ ਭਟਕਣਾ ਠੀਕ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਡੱਡੂ ਦਾ ਕਮਲ ਨੂੰ ਛੱਡ ਕੇ ਚਿੱਕੜ ਵਿਚ ਫਸਿਆ ਰਹਿਣਾ । ਵਾਸਨਾ-ਸਹਿਤ ਕਾਮਨਾ ਵਾਲੇ ਕਰਮ ਸਵਰਗ ਅਤੇ ਨਰਕ ਨੂੰ ਦੇਣ ਵਾਲੇ ਹੁੰਦੇ ਹਨ । ਪਰਮਾਤਮਾ ਦੇ ਨਾਮ ਨੂੰ ਭੁਲਾ ਦੇਣ ਵਾਲੇ ਅਗਿਆਨੀ ਨੂੰ ਵਾਸ਼ਨਾਵਾਂ ਵਿਚ ਲਿਪਤ ਰਹਿਣ ਨਾਲ ਅਨੇਕਾਂ ਨਰਕਾਂ ਦੇ ਦੁਖ ਭੋਗਦੇ ਪੈਂਦੇ ਹਨ । ਪੁੱਤਰ, ਇਸਤਰੀ, ਧਨ, ਰਾਜ-ਸੁਖ ਸਾਰੇ ਨਾਂ ਦੇ ਬਿਨਾਂ ਵਿਅਰਥ ਹਨ, ਸਤਿਗੁਰ ਦੇ ਉਪਦੇਸ਼ ਰੂਪੀ ਨੇਤਰਾਂ ਨਾਲ ਜੀਵ ਕਾਲ ਰੂਪੀ ਸੱਪ ਤੋਂ ਬਚ ਸਕਦਾ ਹੈ, ਨਾਮ ਪ੍ਰਾਪਤੀ ਨਾਲ ਤਨ ਅਤੇ ਧਨ ਦੀ ਪ੍ਰੀਤੀ ਛੁੱਟ ਜਾਂਦੀ ਹੈ, ਸਰੀਰ ਦੇ ਮਿਥਿਆ-ਤੱਤ ਦਾ ਗਿਆਨ ਹੋਣ ਨਾਲ ਜਗਤ ਕਾਰਜ ਤੋਂ ਬਿਰਤੀ ਹੱਟ ਜਾਂਦੀ ਹੈ ਅਤੇ ਆਤਮਕ-ਸਰੂਪ ਦਾ ਗਿਆਨ ਹੁੰਦਾ ਹੈ; ਸਤਿਸੰਗਤ ਕਰਨ ਨਾਲ ਵੀ ਭਰਮ ਦਾ ਨਾਸ਼ ਹੁੰਦਾ ਹੈ, ਹੰਕਾਰ ਨੂੰ ਤਿਆਗ ਕੇ, ਸੁਖ-ਦੁਖ ਵਿਚ ਸਮਾਨ-ਭਾਵ ਰਖਣ ਵਾਲੇ ਇਕ ਰਸ ਜੀਵ ਹੀ ਸੰਸਾਰ ਤੋਂ ਵੱਖ ਹੋ ਕੇ ਵਾਸਨਾਵਾਂ ਨੂੰ ਤਿਆਗ ਕੇ, ਨਾਮ ਸਿਮਰਨ ਕਰਨ ਅਤੇ ਉੱਚੇ ਸਦਾਚਾਰ ਨਾਲ ਆਵਾਗਮਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ ।

(ਪ੍ਰ. ਅਧਿਆਇ 6)

**ਮੁੱਲਾਂ ਨੂੰ ਉਪਦੇਸ਼**

ਇਹ ਸੰਸਾਰ, ਬੱਦਲ ਰੂਪੀ ਛਾਂ ਅਤੇ ਬਾਜ਼ੀਗਰ ਦੇ ਤਮਾਸ਼ੇ ਦੀ ਤਰ੍ਹਾਂ ਮਿਥਿਆ ਹੈ । ਸੁਫਨੇ ਵਾਂਗ ਹੈ। ਇਸ ਨੂੰ ਸੱਚ ਮੰਨਣ ਵਾਲੇ ਅੰਤ ਸਮੇਂ ਪਛਤਾਉਂਦੇ ਹਨ । ਮਿਥਿਆ ਜਾਨਣ ਵਾਲੇ ਇਸ ਉੱਤੇ ਵਿਸ਼ਵਾਸ ਨਹੀਂ ਰਖਦੇ । ਅਸੀਂ ਬਚਪਨ ਖੇਡਣ-ਕੁੱਦਣ ਵਿਚ, ਜੁਆਨੀ ਸੁਖ ਭੋਗਣ ਵਿਚ ਗੁਆ ਦਿੰਦੇ ਹਾਂ, ਬੁਢਾਪੇ ਵਿਚ ਜਦੋਂ ਇੰਦ੍ਰੀਆਂ ਠੀਕ ਕੰਮ ਨਹੀਂ ਕਰਦੀਆਂ, ਉਦੋਂ ਹਰਿ-ਨਾਮ ਦਾ ਸਿਮਰਨ ਕਿਵੇਂ ਹੋਵੇਗਾ ? ਮੌਤ ਦਾ ਫਰਿਸ਼ਤਾ ਹਰ ਸਮੇਂ ਸਿਰ ਉੱਤੇ ਘੁੰਮਦਾ ਰਹਿੰਦਾ ਹੈ, ਉਸ ਦੇ ਡਰ ਨਾਲ ਸੰਸਾਰ ਦੇ ਵਿਸ਼ਿਆਂ ਵਿਚ ਮੇਰਾ

ਮਨ ਨਹੀਂ ਲਗਦਾ । ਬਿਨਾਂ ਹਰਿ-ਪ੍ਰੇਮ ਜੀਵਨ ਬੇ-ਅਰਥ ਹੈ, ਇਸ ਲਈ ਵਿਸ਼ੇ-ਵਾਸਨਾ ਨੂੰ ਤਿਆਗ ਕੇ 'ਹਰਿਨਾਮ' ਜਪਣਾ ਚਾਹੀਦਾ ਹੈ ।

(ਪੂ. ਅਧਿਆਇ 8

**ਵੈਦ ਨੂੰ ਉਪਦੇਸ਼**

ਮਨੁੱਖ ਦਾ ਅਸਲੀ ਰੋਗ ਹਉਮੈ ਹੈ, ਉਹੀ ਆਵਾਗਮਨ ਦਾ ਕਾਰਨ ਹੈ, ਇਸ ਤੋਂ ਮੁਕਤ ਹੋ ਕੇ ਜਨਮ-ਮਰਨ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ । ਆਤਮਾ ਨੂੰ ਸਰੀਰ ਤੋਂ ਅਲਗ ਕਰਕੇ ਵੇਖਣਾ ਚਾਹੀਦਾ ਹੈ । ਆਤਮਾ ਨਿਰਵਿਕਾਰ ਹੈ, ਪਰਾਏ ਗੁਣ, ਪਰਾਇਆ ਧਨ ਆਦਿ ਸਰੀਰ ਦੇ ਰੋਗ ਹਨ । ਸਭ ਨਾਲ ਮਿੱਤਰਤਾ-ਭਾਵ, ਇਨ੍ਹਾਂ ਦੀ ਦਵਾਈ ਹੈ । ਵਿਸ਼ੇ-ਵਾਸਨਾ, ਤ੍ਰਿਸ਼ਨਾ, ਖਾਂਸੀ, ਅਤੇ ਕਾਮ-ਕ੍ਰੋਧ ਮੋਹ ਆਦਿ, ਪਿੱਤ, ਵਾਯੂ, ਕਫ ਤਿੰਨ ਦੋਸ਼ ਹਨ, ਇਨ੍ਹਾਂ ਸਾਰਿਆਂ ਦਾ ਇਲਾਜ ਹੈ ਸਤਿਗੁਰ ਦੇ ਬਚਨ, ਗੁਰੂ ਸੇਵਾ ਅਤੇ ਸਤਿਸੰਗ । ਇਨ੍ਹਾਂ ਨਾਲ ਮਨੁੱਖ ਰੋਗ-ਮੁਕਤ ਹੋ ਸਕਦਾ ਹੈ ।

(ਪੂ. ਅਧਿਆਇ 13)

ਇਨ੍ਹਾਂ ਉਪਦੇਸ਼ਾਂ ਦਾ ਇਸ ਲਈ ਵਰਣਨ ਕੀਤਾ ਗਿਆ ਹੈ ਕਿ ਸੰਪੂਰਨ 'ਨਾਨਕ ਪ੍ਰਕਾਸ਼' ਦੇ ਅਧਿਆਤਮਿਕ ਵਿਚਾਰਾਂ ਦਾ ਵੀ ਅਸਲ ਵਿਚ ਇਹੀ ਸਾਰ-ਤੱਤ ਹੈ । ਗੁਰੂ ਨਾਨਕ ਜੀਵਨ-ਭਰ ਵੱਖ ਵੱਖ ਪ੍ਰਦੇਸ਼ਾਂ ਅਤੇ ਭਿੰਨ ਭਿੰਨ ਧਰਮਾਂ ਮੱਤਾਂ ਦੇ ਲੋਕਾਂ ਨੂੰ ਇਹੋ ਉਪਦੇਸ਼ ਦਿੰਦੇ ਰਹੇ ਸਨ । 'ਨਾਨਕ ਪ੍ਰਕਾਸ਼' ਵਿਚ ਇਨ੍ਹਾਂ ਹੀ ਗੱਲਾਂ ਨੂੰ ਵੱਖ ਵੱਖ ਪ੍ਰਸੰਗਾਂ ਵਿਚ ਦੁਹਰਾਇਆ ਗਿਆ ਹੈ ।

**ਸਮਨਵੈ-ਭਾਵਨਾ**

'ਗੁਰੂ ਨਾਨਕ ਪ੍ਰਕਾਸ਼' ਵਿਚ ਗੁਰੂ ਨਾਨਕ ਦੇ ਉਪਦੇਸ਼ਾਂ ਦੀ ਪ੍ਰਮਾਣਿਕਤਾ ਦੇ ਰੂਪ ਵਿਚ ਕਵੀ ਨੇ ਥਾਂ ਥਾਂ ਤੇ 'ਨਾਨਕ ਬਾਣੀ' ਨੂੰ ਵਰਣਨ ਕੀਤਾ ਹੈ ਅਤੇ ਵਿਭਿੰਨ ਪ੍ਰਸੰਗਾਂ ਨਾਲ ਉਸ ਦਾ ਮੇਲ ਕਰਵਾ ਕੇ ਉਸ ਦੀ ਵਿਆਖਿਆ, ਅਤੇ ਮਹੱਤਵ ਦੀ ਸਥਾਪਨਾ ਕੀਤੀ ਹੈ । ਭਾਈ ਸੰਤੋਖ ਸਿੰਘ ਨੇ ਵੈਸ਼ਣਵ ਅਤੇ ਸ਼ੈਵ ਮਤ ਦੇ ਅਨੇਕ ਤੱਤਾਂ ਦਾ ਵਰਣਨ ਇਸ ਰਚਨਾ ਵਿਚ ਕੀਤਾ ਹੈ ।

ਸਿੱਖ ਮੱਤ ਵਿਚ ਗੁਰੂ ਨਾਨਕ ਅਤੇ ਦੂਸਰੇ ਗੁਰੂਆਂ ਨੇ ਸਪੱਸ਼ਟ ਰੂਪ ਵਿਚ ਅਵਤਾਰ-ਵਾਦ ਦਾ ਖੰਡਨ ਕੀਤਾ ਹੈ । ਪਰੰਤੂ 'ਨਾਨਕ ਪ੍ਰਕਾਸ਼' ਅਵਤਾਰਵਾਦੀ ਭਾਵਨਾ ਉੱਤੇ ਹੀ ਆਧਾਰਿਤ ਹੈ । ਇਥੇ ਗੁਰੂ ਨਾਨਕ ਨੂੰ ਅਵਤਾਰ ਰੂਪ ਵਿਚ ਹੀ ਸਥਾਪਿਤ ਕੀਤਾ ਗਿਆ ਹੈ । ਕਵੀ ਨੇ ਉਨ੍ਹਾਂ ਨੂੰ ਬ੍ਰਹਮਾ, ਸ਼ਿਵ ਅਤੇ ਵਿਸ਼ਨੂੰ ਦੇ ਤੱਤਾਂ ਨਾਲ ਬਣਿਆ ਕਿਹਾ ਹੈ । (ਪੂ. 4/19, 5/1) । ਸੰਪੂਰਨ ਗ੍ਰੰਥ ਵਿਚ ਬਾਰ ਬਾਰ ਉਨ੍ਹਾਂ ਦੇ ਅਵਤਾਰ-ਤੱਤ ਦੀ ਸਥਾਪਨਾ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਬ੍ਰਹਮਾ, ਸ਼ਿਵ ਅਤੇ ਵਿਸ਼ਨੂੰ ਤੋਂ ਉਚਤਮ ਦਰਸਾਇਆ ਗਿਆ ਹੈ । ਉਨ੍ਹਾਂ ਦੇ ਸਰੀਰ ਤਿਆਗ ਤੋਂ ਪਹਿਲਾਂ ਸ਼ਿਵ, ਬ੍ਰਹਮਾ, ਵਿਸ਼ਨੂੰ ਉਨ੍ਹਾਂ ਦੇ ਦਰਸ਼ਨਾਂ ਲਈ ਆਉਂਦੇ ਹਨ ਅਤੇ ਜਿਸ ਸਮੇਂ ਗੁਰੂ ਨਾਨਕ ਸਰੀਰ ਤਿਆਗ ਕੇ ਵਿਮਾਨ ਉੱਤੇ ਬਿਰਾਜਮਾਨ ਹੁੰਦੇ ਹਨ, ਉਸ ਸਮੇਂ ਕਵੀ ਨੇ ਉਨ੍ਹਾਂ ਦੇ ਜਿਸ ਚਤੁਰਭੁਜ ਰੂਪ ਦਾ ਵਰਣਨ ਕੀਤਾ ਹੈ, ਉਹ ਵਿਸ਼ਨੂੰ ਰੂਪ ਦੇ ਸਮਾਨ ਹੈ ।

ਗੁਰੂ ਨਾਨਕ ਦੇਵ ਆਪ ਇੱਥੇ ਸ਼ਿਵ, ਬ੍ਰਹਮਾ ਅਤੇ ਵਿਸ਼ਨੂੰ ਨਾਲ ਸੰਬੰਧਿਤ ਕਥਾਵਾਂ ਬੜੇ ਪ੍ਰੇਮ ਪੂਰਬਕ ਢੰਗ ਨਾਲ ਸੁਣਾਉਂਦੇ ਸਨ। ਉਹ ਤ੍ਰਿਦੇਵ ਮਹਿਮਾ ਅਤੇ ਉਨ੍ਹਾਂ ਦੀ ਅਭੇਦਤਾ ਦਾ ਵੀ ਵਰਣਨ ਕਰਦੇ ਹਨ। ਅਧਿਆਇ 66 ਵਿਚ ਵਿਸ਼ਨੂੰ ਦੀ ਉਪਾਸਨਾ ਦਾ ਮਹੱਤਵ ਦਰਸਾਇਆ ਗਿਆ ਹੈ। ਕਾਕ-ਭੁਸ਼ੰਡੀ ਦੇ ਪ੍ਰਸੰਗ ਵਿਚ ਕਿਹਾ ਗਿਆ ਹੈ ਕਿ ਉਹ ਸ਼ਿਵ-ਪ੍ਰੇਮੀ ਸੀ ਅਤੇ ਵਿਸ਼ਨੂੰ-ਧ੍ਰੋਹੀ। ਇਕ ਦਿਨ ਸ਼ਿਵ ਉਸ ਨੂੰ ਖੁਦ ਨਰਕ ਵਿਚ ਡਿੱਗਣ ਅਤੇ ਜਮ ਦੀ ਫਾਂਸੀ ਝੱਲਣ ਦਾ ਸਰਾਪ ਦਿੰਦੇ ਹਨ (ਪੂ 65/33-43)। ਮਰਦਾਨੇ ਨੂੰ ਗੁਰੂ ਜੀ ਰਾਮਾਇਣ ਦਾ ਉਹ ਪ੍ਰਸੰਗ ਵੀ ਸੁਣਾਉਂਦੇ ਹਨ ਜਦੋਂ ਖੁਦ ਰਾਮ ਨੇ ਸ਼ਿਵ ਦੀ ਉਪਾਸਨਾ ਕੀਤੀ ਸੀ। ਕਾਕ-ਭੁਸੰਡੀ ਦੇ ਇਸ ਪ੍ਰਸੰਗ ਨਾਲ 'ਰਾਮ ਚਰਿਤ ਮਾਨਸ ਦੇ 'ਸ਼ਿਵ ਧ੍ਰੋਹੀ ਮਮ ਦਾਸ ਕਹਾਵੈ, ਤੇ ਨਰ ਸਪਨੇਹਿ ਮੋਹਿ ਨ ਭਾਵੈ' ਕਥਨ ਦੀ ਮਾਨੋ ਪੂਰਤੀ ਕਰਦੇ ਹੋਏ ਦਿਖਾਈ ਦਿੰਦੇ ਹਨ। ਅਰਥਾਤ ਜਿਸ ਪ੍ਰਕਾਰ ਰਾਮ ਨੂੰ ਸ਼ਿਵ-ਧ੍ਰੋਹੀ, ਪ੍ਰੇਮੀ ਨਹੀਂ ਸੀ ਭਾਉਂਦਾ ਇਸ ਪ੍ਰਕਾਰ ਇੱਥੇ ਸ਼ਿਵ ਨੂੰ ਵਿਸ਼ਨੂੰ-ਧ੍ਰੋਹੀ ਵੀ ਪਿਆਰਾ ਨਹੀਂ ਹੈ। ਪ੍ਰਹਿਲਾਦ ਦੇ ਪ੍ਰਸੰਗ ਵਿਚ ਬ੍ਰਹਮਾ ਦੀ ਮਹਿਮਾ ਦਾ ਵਰਣਨ ਹੋਇਆ ਹੈ, ਅਤੇ ਇਸ ਤਰ੍ਹਾਂ ਕਵੀ ਨੇ ਬ੍ਰਹਮਾ, ਸ਼ਿਵ ਅਤੇ ਵਿਸ਼ਨੂੰ ਤਿੰਨਾਂ ਦੀ ਮਹਿਮਾ ਦਾ ਵਰਣਨ ਕੀਤਾ ਹੈ ਅਤੇ ਉਨ੍ਹਾਂ ਦੀ ਉਪਾਸਨਾ ਵਿਚ ਸੁਮੇਲ ਦੀ ਸਥਾਪਨਾ ਕੀਤੀ ਹੈ। ਬ੍ਰਹਮਾ ਅਤੇ ਵਿਸ਼ਨੂੰ ਉਸਤਤ-ਅਸ਼ਟਕ ਜਿਸ ਪ੍ਰਕਾਰ ਇਸ ਰਚਨਾ ਵਿਚ ਆਏ ਹਨ, ਭਾਵੇਂ ਉਹ ਉਨ੍ਹਾਂ ਦੇ ਭਗਤਾਂ ਦੁਆਰਾ ਹੀ ਕਹੇ ਗਏ ਹਨ, ਫਿਰ ਵੀ ਉਹ ਕਵੀ ਦੇ ਉਨ੍ਹਾਂ ਪ੍ਰਤੀ ਵਿਸ਼ਵਾਸ ਦੀ ਹੀ ਜਾਣਕਾਰੀ ਦੇਣ ਵਾਲੇ ਹਨ। ਕਵੀ ਦੁਆਰਾ ਦੇਵੀ-ਉਸਤਤ ਦਾ ਅਸ਼ਟਕ ਵੀ ਇਥੇ ਦੇਖਿਆ ਜਾ ਸਕਦਾ ਹੈ। (ਅ. 27)

'ਨਾਨਕ ਪ੍ਰਕਾਸ਼' ਵਿਚ ਸਗੁਣ ਅਤੇ ਨਿਰਗੁਣ ਦੀ ਅਭੇਦਤਾ ਦਾ ਵਰਨਣ ਅਤੇ ਸਾਧਨਾਂ ਦੇ ਖੇਤਰ ਵਿਚ ਗਿਆਨ, ਭਗਤੀ ਤੇ ਵੈਰਾਗ ਦਾ ਸੁਮੇਲ ਕੀਤਾ ਗਿਆ ਹੈ ਜਦੋਂ ਕਿ ਕਵੀ ਨੇ 'ਨਾਮ' ਨੂੰ ਸਭ ਤੋਂ ਵੱਡਾ ਕਿਹਾ ਹੈ। ਪਰੰਤੂ ਨਾਲ ਹੀ ਗਿਆਨ, ਵੈਰਾਗ ਅਤੇ ਯੋਗ ਦਾ ਵੀ ਵਿਸ਼ਾਲਤਾ ਨਾਲ ਵਰਣਨ ਕੀਤਾ ਹੈ ਅਤੇ ਸਾਧਨਾ ਦੇ ਖੇਤਰ ਵਿਚ ਉਨ੍ਹਾਂ ਦੇ ਸਹੀ ਰੂਪ ਦਾ ਮਹੱਤਵ ਸਵੀਕਾਰ ਕੀਤਾ ਹੈ। ਉਨ੍ਹਾਂ ਨੇ ਯੋਗ ਦਾ ਮਹੱਤਵ ਦਸਦੇ ਹੋਏ ਉਸ ਦਾ ਵੀ 'ਨਾਮ' ਦੇ ਨਾਲ ਸੰਬੰਧ ਸਥਾਪਿਤ ਕੀਤਾ ਹੈ (ਅ.62:41)। 'ਤਪ' ਨੂੰ ਵੀ 'ਨਾਮ' ਨਾਲ ਹੀ ਸਾਰਥਕ ਮੰਨਿਆ ਹੈ। ਸਿੱਧਾਂ, ਨਾਥਾਂ, ਗਿਆਨੀਆਂ, ਭਗਤਾਂ, ਸੂਫੀਆਂ ਅਤੇ ਪੀਰਾਂ-ਫਕੀਰਾਂ ਨੂੰ ਵੀ ਹਰਿ-ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

ਕਵੀ ਨੇ ਆਪਣੇ ਇਸ਼ਟ ਦੇਵ ਗੁਰੂ ਨਾਨਕ ਤੋਂ ਇਲਾਵਾ ਹੋਰ ਹਿੰਦੂ ਦੇਵੀ-ਦੇਵਤਿਆਂ ਅਤੇ ਅਵਤਾਰਾਂ ਪ੍ਰਤੀ ਜਿਸ ਪ੍ਰਕਾਰ ਨਾਲ ਆਪਣੀ ਸ਼ਰਧਾ ਪ੍ਰਗਟ ਕੀਤੀ ਹੈ, ਉਹ ਵੀ ਉਨ੍ਹਾਂ ਦੀ ਸਮਨਵੈ-ਭਾਵਨਾ ਦੀ ਜਾਣਕਾਰੀ ਦੇਣ ਵਾਲੀ ਹੈ। ਕਵੀ ਨੇ ਅਨੇਕ ਸਥਾਨਾਂ ਉੱਤੇ ਗੁਰੂ ਜੀ ਨੂੰ ਰਾਮ ਅਤੇ ਕ੍ਰਿਸ਼ਨ ਅਵਤਾਰ ਦੇ ਬਰਾਬਰ ਦਰਸਾਇਆ ਹੈ। ਉਨ੍ਹਾਂ ਦੀਆਂ ਅਨੇਕ ਲੀਲ੍ਹਾਵਾਂ ਦੀ 'ਰਾਮਾਵਤਾਰ' ਅਤੇ 'ਕ੍ਰਿਸ਼ਨਾਵਤਾਰ' ਦੀਆਂ ਲੀਲ੍ਹਾਵਾਂ ਨਾਲ ਇਕ-ਰੂਪਤਾ ਹੈ। 'ਨਾਨਕ ਪ੍ਰਕਾਸ਼' ਵਿਚ ਬਾਵਨ, ਅਦਿਤੀ, ਕਸ਼ਯਪ, ਧ੍ਰੂਵ,

ਪ੍ਰਹਿਲਾਦ, ਲੋਮਸ ਰਿਸ਼ੀ, ਕਾਕ-ਭੁਸੰਡੀ ਅਨੇਕ ਰਿਸ਼ੀ ਮੁਨੀਆਂ, ਭਗਤਾਂ ਅਤੇ ਅਵਤਾਰਾਂ ਆਦਿ ਨਾਲ ਸੰਬੰਧਿਤ ਪੌਰਾਣਿਕ ਕਥਾਵਾਂ ਕਾਫ਼ੀ ਮਾਤਰਾ ਵਿਚ ਵਰਣਨ ਹੋਈਆਂ ਹਨ। ਨਾਰਦ ਮੁਨੀ ਵੀ ਕਈ ਵਾਰ ਹਾਜ਼ਰ ਹੁੰਦੇ ਹਨ। ਹਿੰਦੂਆਂ ਦੇ ਅਨੇਕ ਅਨੁਸ਼ਠਾਨਾਂ ਅਤੇ ਸੰਸਕਾਰਾਂ ਦੀ ਵੀ ਚਰਚਾ ਕੀਤੀ ਗਈ ਹੈ। ਅਸਲ ਵਿਚ, ਇਸ ਗ੍ਰੰਥ ਦਾ ਸਾਰਾ ਵਾਤਾਵਰਨ ਪੌਰਾਣਿਕਤਾ ਤੋਂ ਹੈ, ਜੋ ਕਵੀ ਦੀ ਸਮਨਵੈ-ਭਾਵਨਾ ਨੂੰ ਹੀ ਪ੍ਰਗਟ ਕਰਦਾ ਹੈ। ਭਾਈ ਸੰਤੋਖ ਸਿੰਘ ਨਿਰਮਲੇ ਸੰਪਰਦਾਇ ਨਾਲ ਸੰਬੰਧਿਤ ਸਨ ਅਤੇ ਉਨ੍ਹਾਂ ਨੇ ਜਮਨਾ ਕਿਨਾਰੇ ਬੂੜੀਆ ਵਿਚ ਰਹਿੰਦੇ ਹੋਏ ਇਸ ਗ੍ਰੰਥ ਦੀ ਰਚਨਾ ਕੀਤੀ ਜਿੱਥੋਂ ਹਿੰਦੂਆਂ ਦੇ ਪ੍ਰਸਿੱਧ ਤੀਰਥ-ਸਥਾਨ ਕੁਰਕਸ਼ੇਤਰ, ਪੇਹਵਾ, ਕੈਥਲ ਅਤੇ ਕਪਾਲ-ਮੋਚਨ ਬਹੁਤ ਨੇੜੇ ਪੈਂਦੇ ਹਨ। 'ਗੁਰੂ ਨਾਨਕ ਪ੍ਰਕਾਸ਼' ਵਿਚ ਭਾਰਤੀ ਧਰਮ, ਦਰਸ਼ਨ ਅਤੇ ਸਭਿਆਚਾਰ ਦਾ ਬੜਾ ਹੀ ਸਜੀਵ ਅਤੇ ਵਿਸ਼ਾਲ ਵਰਣਨ ਹੋਇਆ ਹੈ ਅਤੇ ਉਹ ਇਕ ਜੀਉਂਦੀ ਸਭਿਆਚਾਰਿਕ ਚੇਤਨਾ ਤੋਂ ਪ੍ਰੇਰਿਤ ਰਚਨਾ ਹੈ। ਆਪਣੀ ਸਭਿਆਚਾਰਿਕ ਚੇਤਨਾ ਅਤੇ ਸਮਨਵੈ-ਭਾਵਨਾ ਦੇ ਕਾਰਨ ਇਸ ਰਚਨਾ ਦਾ ਉਸ ਯੁੱਗ ਦੇ ਸਾਹਿਤ ਵਿਚ ਵਿਸ਼ੇਸ਼ ਇਤਿਹਾਸਕ ਮਹੱਤਵ ਹੈ, ਜਦੋਂ ਸ਼ਿੰਗਾਰ ਅਤੇ ਅਲੰਕਾਰਾਂ ਦੀ ਪ੍ਰਧਾਨਤਾ ਸਹਿਤ ਰੀਤੀ-ਕਾਵਿ ਲਿਖਿਆ ਜਾ ਰਿਹਾ ਸੀ।

**ਭਾਵ-ਅਭਿਵਿਅੰਜਨਾ**

'ਗੁਰੂ ਨਾਨਕ ਪ੍ਰਕਾਸ਼' ਧਰਮ-ਪ੍ਰਧਾਨ ਕਥਾਤਮਿਕ ਕਾਵਿ ਹੈ ਅਤੇ ਉਸ ਵਿਚ ਘਟਨਾ-ਪ੍ਰਧਾਨ ਬਿਰਤਾਂਤਾਂ ਦੀ ਬਹੁਲਤਾ ਹੈ, ਜਾਂ ਫਿਰ ਅਧਿਆਤਮਿਕ ਤੱਤਾਂ ਅਤੇ ਨੈਤਿਕ ਮੁੱਲਾਂ ਦੀ ਚਰਚਾ ਦਾ ਵਿਸਥਾਰ ਹੈ। ਭਾਵਾਂ ਅਤੇ ਮਨੋਵੇਗਾਂ ਦੇ ਸੂਖਮ ਅਤੇ ਪ੍ਰਭਾਵਮਈ ਪ੍ਰਗਟਾ ਵਲ ਕਵੀ ਨੇ ਜ਼ਿਆਦਾ ਧਿਆਨ ਨਹੀਂ ਦਿੱਤਾ। ਫਿਰ ਵੀ, ਵਿਚ ਵਿਚ ਮਨੁੱਖੀ ਮਨੋਵੇਗਾਂ-ਸੰਵੇਦਨਾਵਾਂ ਦੀ ਰਸਮਈ ਅਤੇ ਪ੍ਰਭਾਵਮਈ ਅਭਿਵਿਅਕਤੀ ਹੋਈ ਹੈ।

ਧਰਮ-ਪ੍ਰਧਾਨ ਰਚਨਾ ਹੋਣ ਕਾਰਨ ਇਸ ਵਿਚ ਸ਼ਾਂਤ-ਰਸ ਦੀ ਹੀ ਪ੍ਰਧਾਨਤਾ ਹੈ। ਵੈਰਾਗ, ਗਿਆਨ ਅਤੇ ਭਗਤੀ ਨਾਲ ਸੰਬੰਧਿਤ ਇਸ ਤਰ੍ਹਾਂ ਦੇ ਅਨੇਕ ਪ੍ਰਸੰਗ ਅਤੇ ਉਕਤੀਆਂ ਇਸ ਗ੍ਰੰਥ ਵਿਚ ਮਿਲਦੀਆਂ ਹਨ ਜਿਨ੍ਹਾਂ ਵਿਚ ਸ਼ਾਂਤ-ਰਸ ਦਾ ਪੂਰਨ ਤੌਰ ਤੇ ਵਰਣਨ ਹੋਇਆ ਹੈ।

ਰਾਇ ਬੁਲਾਰ ਜਦੋਂ ਕਿ ਮੁਸਲਮਾਨ ਹਨ, ਪਰੰਤੂ ਉਹ ਗੁਰੂ ਜੀ ਦੀ ਮਹਾਨਤਾ ਤੋਂ ਜਾਣੂ ਹਨ ਅਤੇ ਉਨ੍ਹਾਂ ਦੇ ਸ਼ਰਧਾਵਾਨ ਭਗਤ ਹਨ। ਉਨ੍ਹਾਂ ਦੀ ਭਗਤੀ ਭਾਵਨਾ ਦਾ ਕਵੀ ਨੇ ਅਨੇਕ ਸਥਾਨਾਂ ਤੇ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਹੈ। ਬਹੁਤ ਸਮੇਂ ਤੋਂ ਬਾਅਦ ਜਦੋਂ ਗੁਰੂ ਜੀ ਤਲਵੰਡੀ ਵਿਖੇ ਆਉਂਦੇ ਹਨ ਤਾਂ ਉਨ੍ਹਾਂ ਦੇ ਦਰਸ਼ਨਾਂ ਨਾਲ ਰਾਇ ਬੁਲਾਰ ਦੀ ਜੋ ਭਾਵ ਦਸ਼ਾ ਹੋਈ, ਕਵੀ ਨੇ ਉਸ ਦਾ ਬਹੁਤ ਹੀ ਭਾਵਪੂਰਨ ਚਿਤਰਣ ਕੀਤਾ ਹੈ।

(ਪੂ. ਅ. 41)

ਕਵੀ ਨੇ ਆਪਣੀ ਨਿਮਰਤਾ ਦਾ ਅਤੇ ਆਪਣੇ ਇਸ਼ਟ-ਦੇਵ ਦੀ ਮਹਾਨਤਾ ਅਤੇ

ਦਿਆਲਤਾ ਆਦਿ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ :

ਤੋ ਸੋ ਨਹੀਂ ਦਾਤਾ ਕੋਊ, ਮੋਸੋ ਨ ਭਿਖਾਰੀ ਦੀਨ,
ਤੋਸੋ ਨ ਦਿਆਲੁ, ਦੁਖੀ ਮੋਸੋ ਨ ਅਲਾਈਏ ॥
ਮੋਸੋ ਸੋ ਨਹੀਂ ਕ੍ਰਿਤਘਨ, ਤੋਸੋ ਉਪਕਾਰੀ ਨਾਹੀ,
ਮੋਸੋ ਨ ਅਨਾਥ, ਨਾਥ ਤੋਸੋ ਨ ਬਤਾਈਏ ॥
ਔਗੁਣ ਨ ਮੋਸੋ ਕੋਊ, ਗੁਨਵਾਨ ਤੋਸੋ ਨਹੀਂ,
ਜਪ ਤਪ ਬ੍ਰਤ ਮੋ ਮੈ ਏਕ ਨਹਿ ਪਾਈਏ ॥
ਕਵਿ ਆਯੋ ਹੈ ਸਰਨ ਗਹੇ ਧਾਇ ਕੈ ਚਰਨ,
ਗੁਰੂ ਤਾਰਨ ਤਰਨ ਨਿਜ ਹਾਥ ਦੈ ਬਚਾਈਏ ॥

(ਪ੍ਰ. 1/27)

ਵਾਤਸਲ, ਸ਼ਿੰਗਾਰ, ਬੀਰ, ਰੌਦਰ, ਭਿਆਨਕ, ਅਦਭੁਤ, ਵੀਭਤਸ ਆਦਿ ਨਾਲ ਸੰਬੰਧਤ ਹੋਰ ਮਨੋਵੇਗਾਂ ਦੀ ਵੀ ਇਸ ਗ੍ਰੰਥ ਵਿਚ ਬਹੁਤ ਸੁੰਦਰ ਅਭਿਵਿਅਕਤੀ ਹੋਈ ਹੈ। ਪਰੰਤੂ ਉਹ ਲਗਭਗ ਸਾਰੇ ਸ਼ਾਂਤ-ਰਸ ਦੇ ਹੀ ਭਾਗ ਬਣ ਕੇ ਆਏ ਹਨ।

ਗੁਰੂ ਨਾਨਕ ਦੇਵ ਦੇ ਬਚਪਨ ਅਤੇ ਬਾਲ-ਉਮਰ ਦੇ ਚਿਤਰਣ ਵਿਚ ਵਾਤਸਲ ਰਸ ਦੀ ਸੁੰਦਰ ਝਾਕੀ ਮਿਲਦੀ ਹੈ। ਉਨ੍ਹਾਂ ਦੀ ਬਾਲ-ਉਮਰ ਦਾ ਇਕ ਚਿਤਰ ਵੇਖੋ ਕਿੰਨਾ ਸਜੀਵ ਅਤੇ ਪ੍ਰਭਾਵਸ਼ਾਲੀ ਬਣਿਆ ਹੋਇਆ ਮਿਲਦਾ ਹੈ :

ਲੋਚਨ ਅਮਲ ਕਮਲ ਚਲ ਜੈਸੇ। ਨਾਸਾ ਤਿਲ ਪ੍ਰਸੂਨ ਨਹਿੰ ਵੈਸੇ। 3।
ਬਨੀ ਬਾਜਨੀ ਕਿੰਕਨੀ ਚਾਰੀ। ਕਟਿ ਮਹਿੰ ਪਾਈ ਅਤਿ ਛਬਿ ਚਾਰੀ। 4।
ਕਰ ਮਹਿ ਕਟ ਪਦ ਨੂਪਰ ਸੋਹੈਂ। ਜੋ ਦੇਖੇ ਤਿਸ ਕੋ ਮਨ ਮੋਹੈਂ।
ਦੁਇ ਦੁਇ ਦਸਨ ਅਧਰ ਦੁਤਿ ਹੋਤੀ। ਸੰਪੁਟ ਬਿਦ੍ਰੁਮ ਜਿਉਂ ਜੁਗ ਮੋਤੀ। 5।
ਅਙਣ ਮਹਿ ਰਿਙਣ ਗਤਿ ਕਾਰੀ। ਚਰਣਾਂਬੁਜ ਖੈਂਚਤਿ ਬਲਹਾਰੀ।
ਹੇਰਤਿ ਹਸਤਿ ਹਸਾਵਤਿ ਔਰੀ। ਕਿਲਕਤ ਮੁਖ ਤੇ ਮਾਧੁਰ ਠੌਰੀ। 6।
ਬੋਲੇ ਬਚਨ ਤੋਤਰੇ ਮੀਠੇ। ਸੁਨਹਿ ਨਾਰਿ ਨਰ ਲਾਗਹਿੰ ਈਠੇ।
ਹੇਰਹਿ ਮਾਤ ਤਾਤ ਅਨੁਰਾਗਹਿ। ਫਿਰਤਿ ਭੂਮਿਕਾ ਮ੍ਰਿਤਕਾ ਲਾਗਹਿ। 7।

(ਉਹੀ, ਪ੍ਰ. ਅ. 5)

ਇੱਥੇ ਨਾਨਕ ਦੇਵ ਦੀਆਂ ਸੁੰਦਰ ਅੱਖਾਂ, ਨੱਕ, ਘੁੰਘਰੂ, ਦੰਦ, ਸੁਰਮਾ, ਤੋਤਲੇ ਬੋਲ, ਤੜਾਗੀ, ਮਿੱਟੀ-ਘੱਟੇ ਨਾਲ ਭਰੇ ਹੋਏ ਸਰੀਰ ਆਦਿ ਦਾ ਮਨੋਹਰ ਚਿੱਤਰ ਅੰਕਿਤ ਕੀਤਾ ਗਿਆ ਹੈ।

ਨਾਨਕ ਦੇਵ ਦੇ ਪਾਠਸ਼ਾਲਾ ਜਾਣ ਅਤੇ ਗਊਆਂ-ਮੱਝਾਂ ਚਰਾਉਣ ਦਾ ਚਿਤਰ ਵੀ ਅਤਿਅੰਤ ਸੁਭਾਵਿਕ ਅਤੇ ਮਨੋਹਰ ਹੈ। ਹੱਥਾਂ ਵਿਚ ਕੰਗਣ ਪਹਿਣੇ ਕੈਦਾ ਹੱਥ ਵਿਚ ਫੜੀ ਲੱਕ ਬੰਨ੍ਹੀ ਤੜਾਗੀ, ਕੰਨਾਂ ਵਿਚ ਕੁੰਡਲ ਅਤੇ ਸਿਰ ਉੱਤੇ ਪਰਾ ਬੰਨ੍ਹੀ ਹੋਈ, ਕੋਮਲ ਚਰਨਾਂ ਨਾਲ, ਸੁੰਦਰ ਅੱਖਾਂ ਵਾਲੇ ਨਾਨਕ, ਵਾਰ ਵਾਰ ਜਮਾਤੀਆਂ ਨੂੰ ਪੁਕਾਰਦੇ ਹੋਏ ਪਾਠਸ਼ਾਲਾ ਜਾ ਰਹੇ ਹਨ। (ਨਾ. ਪ੍ਰਕਾਸ਼ ਪ੍ਰ. 6 : 6)

ਇਸ ਪ੍ਰਕਾਰ ਸਵੇਰੇ ਆਪਣੇ ਹੱਥਾਂ ਨਾਲ ਗਊਆਂ-ਮੱਝਾਂ ਨੂੰ ਖੋਲ੍ਹ ਕੇ, ਹੱਥ ਵਿਚ ਡੰਗੋਰੀ ਲੈ ਕੇ ਉਨ੍ਹਾਂ ਨੂੰ ਹੱਕਦੇ ਹੋਏ ਚਰਾਉਣ ਜਾਂਦੇ ਹਨ। ਉਸ ਦੇਸ਼ ਦਾ ਵੀ ਇੱਥੇ ਸਜੀਵ ਚਿਤਰਣ ਕੀਤਾ ਗਿਆ ਹੈ। (ਪੂ. ਅ. 10 : 50)

ਭਾਈ ਸੰਤੋਖ ਸਿੰਘ ਨੇ 'ਨਾਨਕ ਪ੍ਰਕਾਸ਼' ਵਿਚ ਗੁਰੂ ਨਾਨਕ ਦੇ ਮਾਤਾ ਪਿਤਾ ਦੇ ਪਿਆਰ ਦਾ ਕਾਫੀ ਮਨੋਵਿਗਿਆਨਕ ਅਤੇ ਭਾਵਪੂਰਨ ਵਰਣਨ ਕੀਤਾ ਹੈ। ਜਦੋਂ ਨਾਨਕ ਘਰ ਬਾਰ ਤਿਆਗ ਕੇ ਚਲੇ ਜਾਂਦੇ ਹਨ ਅਤੇ ਬਹੁਤ ਲੰਮੇ ਸਮੇਂ ਬਾਅਦ ਪਰਤਣ ਤੇ ਉਨ੍ਹਾਂ ਦੇ ਮਾਤਾ ਪਿਤਾ ਉਨ੍ਹਾਂ ਨੂੰ ਵੇਖਦੇ ਹਨ ਤਾਂ ਬਿਰਹੋਂ ਨਾਲ ਬੇਚੈਨ ਅਤੇ ਵਿਆਕੁਲ ਮਾਤਾ ਪਿਤਾ ਦੀ ਜੋ ਦਸ਼ਾ ਹੋਈ ਉਸ ਦਾ ਕਵੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਹੈ।

ਪੁੱਤਰ ਦੇ ਮਿਲਣ ਉੱਤੇ ਉਨ੍ਹਾਂ ਦੀ ਮਾਤਾ ਦੀ ਮਮਤਾ, ਪਿਆਰ ਅਤੇ ਬਿਰਹਾ ਵਾਲੀ ਵੇਦਨਾ ਦਾ ਸ੍ਰੋਤ ਬੰਨ੍ਹ ਤੋੜ ਕੇ ਵਹਿ ਜਾਂਦਾ ਹੈ। ਅੱਥਰੂਆਂ ਨਾਲ ਬਸਤਰ ਭਿੱਜ ਜਾਂਦੇ ਹਨ, ਮਾਂ ਬਾਰ ਬਾਰ ਪੁੱਤਰ ਦਾ ਮੁਖ ਵੇਖਦੀ ਹੈ, ਮੱਥਾ ਚੁੰਮਦੀ ਹੈ, ਪਿਆਰ ਨਾਲ ਸਿਰ ਉੱਤੇ ਹੱਥ ਫੇਰਦੀ ਹੈ ਅਤੇ ਉਸ ਨੂੰ ਗਲ ਨਾਲ ਘੁੱਟ ਲੈਂਦੀ ਹੈ। (ਉਹੀ, ਉ. 15 : 15)

ਗੁਰੂ ਨਾਨਕ ਦੇ ਵਿਆਹ ਅਤੇ ਸ੍ਰੀ ਚੰਦ ਦੇ ਜਨਮ ਆਦਿ ਦੇ ਮੌਕੇ ਤੇ ਨਾਨਕ ਦੇ ਮਾਤਾ ਪਿਤਾ ਦੀ ਖੁਸ਼ੀ ਦਾ ਆਨੰਦ ਅਤੇ ਉਨ੍ਹਾਂ ਦੇ ਸਾਧੂ ਜਣ ਜਾਣ ਤੇ ਕਾਲੂ ਦੇ ਦੁੱਖ ਅਤੇ ਵਿਆਕੁਲਤਾ ਆਦਿ ਦਾ ਕਵੀ ਨੇ ਮਨੋਵਿਗਿਆਨਕ ਅਤੇ ਸਜੀਵ ਚਿਤਰਣ ਕੀਤਾ ਹੈ। 'ਆਨੰਦ ਉਦਧਿ ਮਿਲਿ ਕੇਲ ਕਰੈ ਮੀਨ ਜਿਵ' ਇਸ ਤਰ੍ਹਾਂ ਦੀਆਂ ਪੰਕਤੀਆਂ ਵਿਚ ਉਨ੍ਹਾਂ ਦੀ ਖੁਸ਼ੀ-ਆਨੰਦ ਦਾ ਗਹਿਰਾ ਅਤੇ ਸਾਰਥਕ ਵਰਣਨ ਹੋਇਆ ਹੈ।

'ਨਾਨਕ ਪ੍ਰਕਾਸ਼' ਦਾ ਸ਼ਿੰਗਾਰ ਚਿਤਰਣ ਸੀਮਤ ਅਤੇ ਮਰਿਆਦਾ ਘੇਰੇ ਵਿਚ ਹੋਇਆ ਹੈ। ਉਸ ਵਿਚ ਪੇਸ਼ ਚਿਤਰਣ ਨਾ ਤਾਂ ਰਿਤੀ ਕਾਲ ਦੇ ਸਮੇਂ ਦੀ ਵਿਸ਼ੇ-ਵਾਸਨਾ ਅਤੇ ਰਸੀਆ-ਪਣ ਦਾ ਹੈ ਅਤੇ ਨਾ ਹੀ ਸੂਰ ਦੀ ਤਰ੍ਹਾਂ ਲੀਨਤਾ, ਮਨੋਵਿਗਿਆਨਿਕਤਾ, ਮਧੁਰਤਾ ਅਤੇ ਗਹਿਰਾਈ ਹੈ। ਉਹ ਜ਼ਿਆਦਾਤਰ ਰੂਪ-ਚਿਤਰਣ ਤਕ ਹੀ ਸੀਮਤ ਰਿਹਾ ਹੈ। ਨਾਨਕ ਦੀ ਜੁਆਨੀ ਆਉਣ ਦਾ ਚਿਤਰਣ ਬੜਾ ਵਿਸ਼ਾਲ ਚਿਤਰਿਆ ਹੈ। ਇਸ ਪ੍ਰਸੰਗਕ ਕਥਾ ਵਿਚ ਦ੍ਰੋਪਦੀ ਦਾ ਰੂਪ-ਚਿਤਰਣ ਵੇਖਣ ਯੋਗ ਹੈ। (ਨਾ. ਪ੍ਰ. ਉ. ਅ. 24)

ਇਥੇ ਅਨੇਕ ਪਰੰਪਰਾਗਤ ਉਪਮਾਨਾਂ ਦੁਆਰਾ ਉਸ ਦੀ ਗੁੱਤ, ਭਰਵੱਟਿਆਂ, ਅੱਖਾਂ, ਦੰਦ, ਮੁੱਖ, ਪਟੇ, ਢਿੱਡ ਦੀ ਧੁੰਨੀ, ਕਟਾਖ, ਮੁੱਖ-ਸ਼ੋਭਾ, ਚਾਲ ਆਦਿ ਦਾ ਵਰਣਨ 'ਰੀਤੀ ਪੱਧਤੀ' ਉੱਤੇ ਹੀ ਹੋਇਆ ਹੈ, ਫਿਰ ਵੀ ਉਹ ਦ੍ਰੋਪਦੀ ਦੀ ਸੁੰਦਰਤਾ ਦਾ ਇਕ ਐਸਾ ਸਜੀਵ ਚਿੱਤਰ ਪੇਸ਼ ਕਰਦਾ ਹੈ ਜਿਸ ਨੂੰ ਵੇਖ ਕੇ ਕੀਚਕ ਦਾ ਮਨ ਪਤੰਗੇ ਦੀ ਤਰ੍ਹਾਂ ਚੰਚਲ ਹੋ ਉਠਦਾ ਹੈ। ਉਸ ਨਾਲ ਰਾਤ ਨੂੰ ਮਿਲਣ ਦਾ ਇਕਰਾਰ ਲੈ ਕੇ ਮਿਲਣ ਵਾਲੀ ਥਾਂ ਉੱਤੇ ਕੀਚਕ ਦੇ ਮਿਲਣ ਦੀ ਤਿਆਰੀ ਦਾ ਵਰਣਨ ਕਵੀ ਨੇ ਅਤਿਅੰਤ ਭਾਵਪੂਰਣ ਅਤੇ

ਮਨੋਵਿਗਿਆਨਕ ਢੰਗ ਨਾਲ ਕੀਤਾ ਹੈ। ਉਸ ਦੀ ਇੰਤਜ਼ਾਰ ਕਰਦੇ ਹੋਇਆਂ, ਸੁਗੰਧ ਨਾਲ ਸਰੀਰ ਨੂੰ ਸਜਾਉਣਾ, ਗਲਵੱਕੜੀ ਲਈ ਬੇਚੈਨ ਹੋਣਾ, ਝੁਕ ਝੁਕ ਕੇ ਉਸ ਦਾ ਰਾਹ ਵੇਖਣਾ, ਸੁੰਦਰ ਆਸਨ ਵਿਛਾਉਣਾ, ਫੁੱਲ-ਮਾਲਾ ਪਹਿਨਣਾ, ਦੇਹ ਨੂੰ ਚਮਕਾਉਣਾ, ਉਸ ਦੀ ਬੇਚੈਨੀ ਵਿਆਕੁਲਤਾ, ਖੁਸ਼ੀ ਆਦਿ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਹੋਇਆ ਹੈ। (ਪੂ. 24 : 45-46)

ਸੰਜੋਗ ਅਤੇ ਵਿਜੋਗ ਦੀ ਵਿਵਿੰਨ ਮਧੁਰਤਾ (ਪੂਰਨ ਅਨੁਭਵਾਂ) ਦਾ ਵਰਣਨ ਕੁਝ ਕੁ ਥਾਵਾਂ ਤੇ ਸਾਧਾਰਨ ਜਿਹਾ ਹੀ ਹੋਇਆ ਹੈ। ਦੂਜਾ ਇਸ ਰਸ ਦਾ ਮੇਲ ਸ਼ਾਂਤ ਰਸ ਵਿਚ ਹੀ ਹੋ ਜਾਂਦਾ ਹੈ ਕਿਉਂਕਿ ਸ੍ਰੀ ਨਾਨਕ ਅੰਤ ਵਿਚ ਇਸ ਪ੍ਰਕਾਰ ਦੇ ਵਿਸ਼ੇ-ਵਿਕਾਰ ਦੇ ਭੋਗਣ ਦੇ ਭੈੜੇ ਨਤੀਜਿਆਂ ਤੇ ਰੋਸ਼ਨੀ ਪਾਉਂਦੇ ਹੋਏ ਪਰਮਾਤਮਾ-ਭਗਤੀ ਦਾ ਉਪਦੇਸ਼ ਦਿੰਦੇ ਹੋਏ ਵਿਖਾਏ ਗਏ ਹਨ।

ਇਸ ਰਚਨਾ ਵਿਚ ਬੀਰ ਰਸ ਦੇ ਧਰਮ ਵੀਰ ਅਤੇ ਦਇਆ ਵੀਰ ਰੂਪ ਦੀ ਹੀ ਅਭਿਵਿਅਕਤੀ ਜ਼ਿਆਦਾ ਹੋਈ ਹੈ। ਗੁਰੂ ਨਾਨਕ ਧਰਮ ਨੇਤਾ ਅਤੇ ਸੰਤ ਸਨ। ਇਸ ਲਈ ਯੁੱਧ ਬੀਰਤਾ ਦਾ ਵਰਣਨ ਕੇਵਲ ਪ੍ਰਸੰਗਕ ਕਥਾ ਵਿਚ ਹੀ ਹੋਇਆ ਹੈ। ਇਕ ਥਾਂ ਤੇ 'ਦਿਗ-ਵਿਜੈ' ਦੀ ਪ੍ਰਾਪਤੀ ਲਈ ਜਾਣ ਦਾ ਵਰਨਣ ਕਵੀ ਨੇ ਇਸ ਪ੍ਰਕਾਰ ਕੀਤਾ ਹੈ :

ਦਿਗਬਿਜੈ ਹੇਤ ਸਾਜਿ ਬੇਦੀ ਕੁਲ ਕੇਤ ਦਲ,
ਚਲੇ ਦੰਭ ਦਲਿਬੇ ਕਉ ਦਲਨਿ ਬਿਦਾਰਿਯਾ।
ਭਗਤ ਕੀ ਕੇਤ ਪਰ ਪ੍ਰੇਮ ਕੇ ਸਮੇਤ ਕਰ,
ਕੀਰਤਿ ਨਿਸ਼ਾਨੋ ਘਹਿਰਾਨੋ ਘਨ ਭਾਰਿਯਾ।
ਗਯਾਨ ਕੇ ਖੜਗ ਧਰਿ, ਜੁਗਤ ਕਮਾਨ ਕਰਿ,
ਨਾਨਾ ਦ੍ਰਿਸਟਾਂਤ ਲੀਨ ਸਿਲੀਮੁਖ ਧਾਰਿਯਾ।
ਜਹਾਂ ਦਿਢ ਕੋਟ ਤਹਾਂ ਕਰਾਮਾਤ ਤੋਪ ਸੰਗ,
ਢਾਹਿ ਕੇ ਮੈਦਾਨ ਕੀਨ ਮਿਲੇ ਅਰਿ ਹਾਰਿਯਾ।
ਨਾਮ ਕੋ ਭਜਨ ਨੀਕੋ ਪਹਿਰ ਸਨਾਂਹ ਤਨ,
ਕੋਟਿਕ ਤਰਕ ਤਰਵਾਰ ਨ ਕਰਤਿ ਹੈ।
... ... ... ... ... ...

ਜਿੱਥੇ ਗਿਆਨ ਦੀ ਤਲਵਾਰ, ਜੁਗਤੀ ਦਾ ਕਮਾਨ ਅਤੇ ਦ੍ਰਿਸ਼ਟਾਂਤਾਂ ਦੇ ਤੀਰ ਆਦਿ ਯੁੱਧ ਦੇ ਸਾਰੇ ਅਸ਼ਤਰ-ਸ਼ਸਤਰ ਹਨ। ਉੱਥੇ ਦੁਸ਼ਮਣ-ਦਲ ਦੇ ਪੱਕੇ ਕਿਲ੍ਹਿਆਂ ਨੂੰ ਕਰਾਮਾਤਾਂ ਦੀਆਂ ਤੋਪਾਂ ਨਾਲ ਮਿਟਿਓ-ਮਿੱਟੀ ਕਰ ਦੇਣਾ ਅਤੇ ਨਾਨਕ ਦੀ ਯੁੱਧ-ਕੁਸ਼ਲਤਾ ਆਦਿ ਬੀਰ ਰਸ ਦਾ ਸਾਰਾ ਸਮਾਨ ਮੌਜੂਦ ਹੈ। ਐਮਨਾਬਾਦ ਪ੍ਰਸੰਗ ਵਿਚ ਕਵੀ ਨੇ ਬਾਬਰ ਦੀ ਫੌਜ ਦੇ ਰਵਾਨਾ ਹੋਣ, ਹਮਲਾ ਕਰਨ ਯੁੱਧ-ਭੂਮੀ ਅਤੇ ਯੁੱਧ ਦਾ ਬੜਾ ਹੀ ਸਜੀਵ ਚਿਤਰਣ ਕੀਤਾ ਹੈ।

ਭੀਮ ਅਤੇ ਕੀਚਕ ਦੇ ਆਪਸੀ ਯੁੱਧ ਦਾ ਚਿਤਰਣ ਵੀ ਸੁਭਾਵਿਕ ਅਤੇ ਚਿੱਤਰਾਤਮਕ ਹੈ। (ਪੂ. 47)

ਗੁਰੂ ਨਾਨਕ ਦੁਆਰਾ ਸਰੀਰ ਦੀ ਵਿਅਰਥਤਾ ਦਾ ਵਰਣਨ ਕਰਕੇ ਜੋ ਘ੍ਰਿਣਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਉਸ ਵਿਚ ਵੀਭਤਸ ਰਸ ਦੇ ਦਰਸ਼ਨ ਹੁੰਦੇ ਹਨ। ਜਿਸ ਦਾ ਉਦੇਸ਼ ਜਗਤ ਮਾਣਨ ਪ੍ਰਤੀ ਵੈਰਾਗ ਪੈਦਾ ਕਰਨਾ ਹੈ। ਇਸੀ ਪ੍ਰਕਾਰ ਝੂਠ-ਫਰੇਬਾਂ, ਪਖੰਡ ਪੂਰਨ, ਕੰਮਾਂ, ਅੰਧ ਵਿਸ਼ਵਾਸ, ਕੁਰੀਤੀਆਂ ਅਤੇ ਅਤਿਆਚਾਰ ਦੀ ਜਿੱਥੇ ਕਿਤੇ ਵੀ ਉਨ੍ਹਾਂ ਨੇ ਭੰਡੀ ਕੀਤੀ ਹੈ, ਉੱਥੇ ਘ੍ਰਿਣਾ-ਨਫਰਤ ਪੈਦਾ ਕਰਕੇ ਚਿੱਤ-ਵ੍ਰਿਤੀਆਂ ਦੇ ਜਾਣਨ ਦਾ ਹੀ ਇਕ ਯਤਨ ਹੈ ਅਤੇ ਉਸ ਨੂੰ ਉਦਾਤਤਾ-ਪੂਰਨ ਵੀਭਤਸ ਰਸ ਦਾ ਹੀ ਵਿਸ਼ਾ ਸਮਝਣਾ ਚਾਹੀਦਾ ਹੈ। (ਉਹੀ, ਉਤਰਾਰਧ 18, ਅੰਕ 72-75)

ਕੀਚਕ-ਦ੍ਰੋਪਦੀ ਦੇ ਪ੍ਰਸੰਗ ਵਿਚ ਕੀਚਕ ਦੇ ਭੈੜੇ ਸਲੂਕ ਕਰਨ ਤੇ ਭੀਮ ਨੂੰ ਜੋ ਕ੍ਰੋਧ ਪੈਦਾ ਹੁੰਦਾ ਵਿਖਾਇਆ ਗਿਆ ਹੈ ਅਤੇ ਜਿਸ ਪ੍ਰਕਾਰ ਉਸ ਨੇ ਕੀਚਕ ਨੂੰ ਮਾਰਿਆ ਹੈ, ਉਸ ਨਾਲ ਰੌਦਰ-ਰਸ ਦੀ ਪੁਸ਼ਟੀ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਦੁਆਰਾ ਸਮੁੰਦਰ ਦੇ ਉੱਪਰ ਚੱਲਣਾ ਲੱਖਾਂ ਜੋਜਨ ਪਲ ਭਰ ਵਿਚ ਲੰਘ ਜਾਣਾ, ਮਰੇ ਹੋਏ ਨੂੰ ਜੀਉਂਦਾ ਕਰ ਦੇਣ ਦੀਆਂ ਅਨੇਕ ਕਰਾਮਾਤਾਂ ਦੇ ਪ੍ਰਸੰਗਾਂ ਵਿਚ ਅਦਭੁੱਤ ਰਸ ਦੇ ਦਰਸ਼ਨ ਹੁੰਦੇ ਹਨ। ਹਾਰੂ ਦੇਸ ਪ੍ਰਸੰਗ ਵਿਚ ਇਕ ਥਾਂ ਤੇ ਦੈਤਾਂ ਤੋਂ ਭੈ-ਭੀਤ ਹੋਏ ਲੋਕਾਂ ਦੇ ਚਿਤਰਣ ਦੁਆਰਾ ਭਿਆਨਕ ਰਸ ਦਾ ਵੀ ਵਰਣਨ ਹੋਇਆ ਹੈ। (ਉਤਰਾਰਧ 12 : 20-23)

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਕਥਾ-ਪ੍ਰਧਾਨ ਰਚਨਾ ਹੁੰਦੇ ਹੋਏ ਵੀ ਇਸ ਗ੍ਰੰਥ ਵਿਚ ਕਈ ਥਾਵਾਂ ਤੇ ਭਾਵਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਅਭਿਵਿਅਕਤੀ ਹੋਈ ਹੈ।

**ਵਸਤੂ-ਵਰਣਨ ਅਤੇ ਪ੍ਰਕ੍ਰਿਤੀ-ਚਿਤਰਣ**

'ਗੁਰੂ ਨਾਨਕ ਪ੍ਰਕਾਸ਼' ਵਿਚ ਵਸਤੂ-ਵਰਣਨ ਵਲ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ, ਫਿਰ ਵੀ ਕੁਝ ਥਾਵਾ ਤੇ ਸ਼ਹਿਰ, ਬਾਗ, ਪਰਬਤ ਨਦੀ ਸਵੇਰ ਆਦਿ ਦੇ ਸਜੀਵ ਚਿੱਤਰ ਅੰਕਿਤ ਕੀਤੇ ਗਏ ਹਨ। ਤਲਵੰਡੀ ਸ਼ਹਿਰ ਦੇ ਵਰਣਨ ਵਿਚ ਉਥੋਂ ਦੀ ਸ਼ੋਭਾ, ਉੱਨਤੀ ਅਤੇ ਪਵਿੱਤਰਤਾ ਨੂੰ ਚਿਤਰਿਤ ਕੀਤਾ ਗਿਆ ਹੈ। ਕਰਤਾਰਪੁਰ ਅਤੇ ਕਾਮਰੂਪ ਸ਼ਹਿਰ ਦੇ ਵਰਣਨ ਵਿਚ ਵੀ ਕਾਫੀ ਸਜੀਵਤਾ ਲਿਆਂਦੀ ਗਈ ਹੈ। ਨਾਨਕ ਦੇ ਵਰਣਨ ਵਿਚ ਬਾਲਕ ਰੂਪ, ਜਵਾਨੀ-ਅਵਸਥਾ, ਉਨ੍ਹਾਂ ਦੇ ਪਹਿਨਣ-ਪਹਿਰਾਵੇ, ਜਨਮ-ਉਤਸਵ ਅਤੇ ਵਿਆਹ ਆਦਿ ਦੇ ਚਿੱਤਰ ਕਵਿਤਾ-ਪੂਰਣ ਅਤੇ ਚਿੱਤਰਾਤਮਕ ਹਨ। ਜਨਮ-ਉਤਸਵ ਅਤੇ ਵਿਆਹ ਦੇ ਵਿਸ਼ਾਲ ਵੇਰਵੇ ਪੇਸ਼ ਕੀਤ ਗਏ ਹਨ ਅਤੇ ਨਾਲ ਹੀ ਮਰਦ-ਇਸਤਰੀਆਂ, ਸਾਕ-ਸੰਬੰਧੀਆਂ, ਮਾਤਾ ਪਿਤਾ ਦੀ ਖੁਸ਼ੀ ਆਨੰਦ ਦੀ ਵੀ ਪ੍ਰਭਾਵਸ਼ਾਲੀ ਅਭਿਵਿਅਕਤੀ ਕੀਤੀ ਗਈ ਹੈ।

ਕਵੀ ਨੇ ਉਨ੍ਹਾਂ ਦੇ ਵਿਆਹ ਦਾ ਕੁੜਮਾਈ ਤੋਂ ਲੈ ਕੇ ਵਹੁਟੀ ਦੇ ਸਵਾਗਤ ਤਕ ਦਾ ਪੂਰਾ ਵੇਰਵਾ, ਵਿਸਥਾਰ ਨਾਲ ਪੇਸ਼ ਕੀਤਾ ਹੈ। ਉਸ ਵਿਚ ਸਾਰੇ ਰੀਤੀ-ਰਿਵਾਜ਼ਾਂ,

ਅਨੁਸ਼ਠਾਨਾਂ ਬਰਾਤ ਦੇ ਚੜ੍ਹਣ ਅਤੇ ਉਸ ਦੀ ਸ਼ੋਭਾ, ਮੰਗਲ ਗੀਤ ਗਾਉਣ, ਭੋਜਨ ਦਹੇਜ ਦੀਆਂ ਵਸਤੂਆਂ ਆਦਿ ਦੇ ਨਾਲ ਨਾਲ ਖੁਸ਼ੀ-ਆਨੰਦ ਦਾ ਵੀ ਸੁੰਦਰ ਵਰਣਨ ਕੀਤਾ ਗਿਆ ਹੈ। ਵਾਜਿਆਂ ਦੀ ਅਵਾਜ਼ ਸੁਣ ਕੇ ਸ਼ਹਿਰੀ-ਇਸਤਰੀਆਂ ਇੰਨੀ ਵਿਆਕੁਲਤਾ ਨਾਲ ਭੱਜੀਆਂ ਆਉਂਦੀਆਂ ਕਿ ਉਨ੍ਹਾਂ ਨੂੰ ਆਪਣੀ ਸੁੱਧ ਬੁੱਧ ਹੀ ਭੁਲ ਜਾਂਦੀ ਹੈ : ਇਥੋਂ ਤਕ ਕਿ ਹਾਰ ਨੂੰ ਲੱਕ ਵਿਚ, ਤੜਾਗੀ ਨੂੰ ਗਲ ਵਿਚ, ਪੰਜੇਬ ਨੂੰ ਹੱਥ ਵਿਚ, ਪਹੁੰਚੀ ਨੂੰ ਪੈਰਾਂ ਵਿਚ ਅਤੇ ਸੁਰਮਾ ਅੱਖਾਂ ਵਿਚ ਪਾਉਣ ਦੀ ਬਜਾਏ ਬੁੱਲਾਂ ਉੱਤੇ ਲਗਾ ਲੈਂਦੀਆਂ ਹਨ। (ਪੂ. ਅ. 22 : 29)

**ਪ੍ਰਕ੍ਰਿਤੀ ਚਿਤਰਣ**

'ਨਾਨਕ ਪ੍ਰਕਾਸ' ਵਿਚ ਵੱਖ ਵੱਖ ਰੁੱਤਾਂ ਦੇ ਜੋ ਚਿੱਤਰ ਪੇਸ਼ ਕੀਤੇ ਗਏ ਹਨ, ਉਨ੍ਹਾਂ ਵਿਚ ਕਵੀ ਦੇ ਪ੍ਰਕ੍ਰਿਤੀ ਪ੍ਰੇਮ ਅਤੇ ਚਿੱਤਰਾਤਮਕ ਸ਼ਕਤੀ ਦਾ ਸੁੰਦਰ ਵਰਣਨ ਮਿਲਦਾ ਹੈ। ਵਿਭਿੰਨ ਪ੍ਰਸੰਗਾਂ ਵਿਚ ਉਨ੍ਹਾਂ ਨੇ ਸਾਰੀਆਂ ਛੇ ਰੁੱਤਾਂ ਦਾ ਸਜੀਵ ਵਰਣਨ ਕੀਤਾ ਹੈ। ਰੁੱਤ ਵਰਣਨ ਦੇ ਮਾਧਿਅਮ ਦੁਆਰਾ ਅਧਿਆਤਮਿਕ ਤੱਤਾਂ ਦਾ ਵਰਣਨ ਵੀ ਕੀਤਾ ਗਿਆ ਹੈ। (ਨਾ. ਪ੍ਰ. ਪੂ. 11 : 43 : 47)

**ਅਲੰਕਾਰ ਯੋਜਨਾ**

'ਨਾਨਕ ਪ੍ਰਕਾਸ਼' ਧਰਮ ਭਾਵਨਾ ਨੂੰ ਲੈ ਕੇ ਲਿਖਿਆ ਗਿਆ ਕਥਾ-ਪ੍ਰਧਾਨ ਕਾਵਿ ਹੈ। ਇਸ ਲਈ ਇਸ ਦੀ ਕਥਾ ਸਹਿਜ ਅਤੇ ਸੁਭਾਵਕ ਸ਼ੈਲੀ ਵਿਚ ਲਿਖੀ ਗਈ ਹੈ। ਮੰਗਲਾਚਰਣ ਵਿਚ ਅਲੰਕਾਰਾਂ ਦੇ ਪ੍ਰਯੋਗ ਨਾਲ ਆਪਣੀ ਕਾਬਲੀਅਤ ਵਿਖਾ ਕੇ ਕਵੀ ਬਾਕੀ ਕਥਾ ਦਾ ਵਰਣਨ ਸੁਭਾਵਕ ਸ਼ੈਲੀ ਨਾਲ ਕਰਦਾ ਹੈ। ਅਧਿਆਤਮਕ ਤੱਤਾਂ ਨੂੰ ਸਪਸ਼ਟ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕਰਨ ਲਈ, ਗੁਰੂ ਜੀ ਦੇ ਚਰਿੱਤਰ ਦੀ ਮਹਿਮਾ ਦਾ ਵਰਣਨ, ਗੁਰਬਾਣੀ ਜਾਂ 'ਨਾਮ' ਦੀ ਮਹੱਤਤਾ ਜਾਂ ਭਾਵਾਂ ਦਾ ਤੀਬਰ ਪ੍ਰਗਟਾ ਕਰਨ ਲਈ ਵਸਤੂ-ਵਰਣਨ ਜਾਂ ਉਸ ਵਿਚ ਸਜੀਵਤਾ ਲਿਆਉਣ ਲਈ ਕਵੀ ਨੇ ਉਪਮਾ, ਰੂਪ ਉਤਪ੍ਰੇਖਿਆ, ਅਨਨਵੈ, ਉਦਾਹਰਣ, ਦ੍ਰਿਸ਼ਟਾਂਤਾਂ ਅਤੇ ਸਾਦ੍ਰਿਸ਼ਮੂਲਕ ਅਲੰਕਾਰਾਂ ਦਾ ਬਹੁਲਤਾ ਨਾਲ ਪ੍ਰਯੋਗ ਕੀਤਾ ਹੈ ਪਰੰਤੂ, ਇਸ ਦੇ ਪ੍ਰਕਾਰ ਦੇ ਅਲੰਕਾਰਾਂ ਦਾ ਪ੍ਰਯੋਗ ਜ਼ਰੂਰਤ ਅਨੁਸਾਰ ਬੜੀ ਸਹਿਜਤਾ ਅਤੇ ਰੁਚੀ-ਪੂਰਵਕ ਢੰਗ ਨਾਲ ਕੀਤਾ ਗਿਆ ਹੈ। ਆਪਣੇ ਮੱਤ ਦੀ ਸਪਸ਼ਟਤਾ ਲਈ ਜਾਂ ਉਸ ਨੂੰ ਹੋਰ ਜਿਆਦਾ ਪ੍ਰਭਾਵਸ਼ਾਲੀ ਬਣਾਉਣ ਲਈ ਕਿਧਰੇ-ਕਿਧਰੇ ਤਾਂ ਉਹ ਉਪਮਾਵਾਂ, ਉਤਪ੍ਰੇਖਿਆਵਾਂ ਅਤੇ ਦ੍ਰਿਸ਼ਟਾਂਤਾ ਦੀ ਵਰਖਾ ਹੀ ਲਗਾ ਦਿੰਦਾ ਹੈ, ਪਰੰਤੂ ਕਿਧਰੇ ਵੀ ਬਨਾਵਟ ਜਾਂ ਅਸੁਭਾਵਕਤਾ ਵਿਖਾਈ ਨਹੀਂ ਪੈਂਦੀ। ਲੰਮੇ ਲੰਮੇ ਸਾਂਗ-ਰੂਪਕਾਂ ਦੀ ਯੋਜਨਾ ਕਰਨ ਲਈ ਕਵੀ ਬਹੁਤ ਕੁਸ਼ਲ ਹੈ। ਨਾਨਕ ਦੇ ਅਵਤਾਰ (ਪੂ. 3/27-30), 'ਨਾਮ' (ਪੂ. 8/9-15) ਗੁਰਬਾਣੀ (ਪੂ. 6/68-70), ਗੁਰੂ ਬਚਨ (ਪੂ. 7/20-22) ਆਦਿ ਦੇ ਅਨੇਕ ਸੁੰਦਰ ਰੂਪਕਾਂ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਰੂਪਕਾ ਵਿਚ ਕਿਧਰੇ ਵੀ ਜਟਿਲਤਾ ਅਤੇ ਕਠਿਨਤਾ ਨਹੀਂ ਹੈ।

ਅਸਲ ਵਿਚ, ਇਸ ਪ੍ਰਕਾਰ ਦੇ ਅਲੰਕਾਰ, ਭਾਵਾਂ ਅਤੇ ਪ੍ਰਸੰਗਾਂ ਦਾ ਸਾਰਥਕ ਪ੍ਰਗਟਾ, ਉਨ੍ਹਾਂ ਨੂੰ ਉਚਿਤ ਢੰਗ ਨਾਲ ਅਰਥ-ਭਰਪੂਰਤਾ ਪ੍ਰਦਾਨ ਕਰਨ ਲਈ, ਇਕ 'ਲੋੜ' ਦੇ ਰੂਪ

ਵਿਚ ਆਏ ਹਨ। ਪੂਰੀ ਸਹਿਜਤਾ ਨਾਲ ਉਨ੍ਹਾਂ ਨੂੰ ਬਿਆਨ ਕਰਨ ਲਈ ਉਚੇਚੀ ਕੋਸ਼ਿਸ਼ ਨਹੀਂ ਕਰਨੀ ਪਈ। ਨਿਰਸੰਦੇਹ, ਉਹ ਕਵੀ ਦੀ ਕਲਪਨਾ-ਸ਼ਕਤੀ, ਕਲਾ-ਕੁਸ਼ਲਤਾ ਅਤੇ ਕਾਵਿ-ਪ੍ਰਤਿਭਾ ਦੀ ਜਾਣਕਾਰੀ ਦੇਣ ਵਾਲੇ ਹਨ।

ਇਨ੍ਹਾਂ ਅਲੰਕਾਰਾਂ ਵਿਚ ਆਮ ਤੌਰ ਤੇ ਪਰੰਪਰਾਮਈ ਉਪਮਾਨਾਂ ਦਾ ਹੀ ਪ੍ਰਯੋਗ ਹੋਇਆ ਹੈ, ਪਰੰਤੂ ਉਨ੍ਹਾਂਦਾ ਪ੍ਰਯੋਗ ਵੱਡੀ ਸਾਵਧਾਨੀ ਅਤੇ ਰੁਚੀ-ਪੂਰਬਕ ਢੰਗ ਨਾਲ ਕੀਤਾ ਗਿਆ ਹੈ। ਪ੍ਰਸੰਗ, ਭਾਵਨਾ ਅਤੇ ਪਾਤਰਾਂ ਦਾ ਪੂਰਾ ਧਿਆਨ ਰਖਿਆ ਗਿਆ ਹੈ। ਪ੍ਰਤੀਕ ਰੂਪ ਵਿਚ ਮਲਿੰਦ, ਚਾਤ੍ਰਿਕ, ਚਕੋਰ, ਮੱਛਲੀ ਆਦਿ ਦਾ ਪ੍ਰਯੋਗ ਸਾਹਿਤ ਵਿਚ ਪ੍ਰਾਚੀਨ ਕਾਲ ਤੋਂ ਹੁੰਦਾ ਆ ਰਿਹਾ ਹੈ। ਚੰਦ-ਚਕੋਰੀ, ਸੁਆਂਤ ਬੂੰਦ ਅਤੇ ਚਾਤ੍ਰਿਕ, ਪ੍ਰਾਚੀਨ ਸਾਹਿਤ ਤੋਂ ਹੀ ਲਏ ਗਏ ਹਨ।

'ਨਾਨਕ ਪ੍ਰਕਾਸ਼' ਵਿਚ ਅਨੁਪ੍ਰਾਸ, ਯਮਕ, ਵੀਪਸਾ ਅਤੇ ਪੁਨਰ-ਉਕਤੀ-ਪ੍ਰਕਾਸ਼ ਆਦਿ ਸ਼ਬਦਾਲੰਕਾਰਾਂ ਦੇ ਅਨੇਕ ਉਦਾਹਰਣ ਮਿਲ ਸਕਦੇ ਹਨ। ਅਨੁਪ੍ਰਾਸਾਂ ਦਾ ਤਾਂ ਬਹੁਲਤਾ ਨਾਲ ਪ੍ਰਯੋਗ ਹੋਇਆ ਹੈ ਪਰੰਤੂ ਆਮ ਤੌਰ ਤੇ ਉਨ੍ਹਾਂ ਦਾ ਪ੍ਰਯੋਗ ਸੁਭਾਵਿਕ ਅਤੇ ਰਸ-ਵਰਧਕ ਹੈ। ਕਿਧਰੇ ਕਿਧਰੇ ਅਨੁਪ੍ਰਾਸਾਂ ਦਾ ਪ੍ਰਯੋਗ ਕੋਸ਼ਿਸ਼ ਨਾਲ ਕੀਤਾ ਵਿਖਾਈ ਦਿੰਦਾ ਹੈ ਅਤੇ ਇਸ ਤਰ੍ਹਾਂ ਦੇ ਸਥਾਨਾਂ ਉੱਤੇ ਕੁਝ ਕੁਝ ਬਨਾਵਟ ਦਾ ਆਭਾਸ ਹੁੰਦਾ ਹੈ।

**ਛੰਦ**

ਕਥਾ-ਪ੍ਰਧਾਨ ਕਾਵਿ ਹੋਣ ਕਾਰਨ ਇਹ ਗ੍ਰੰਥ ਮੁੱਖ ਤੌਰ ਤੇ ਦੋਹਾ-ਚੌਪਾਈ ਵਿਚ ਲਿਖਿਆ ਗਿਆ ਹੈ। ਵਿਚ ਵਿਚ ਕੁੰਡਲੀ, ਪਾਧੜੀ, ਤੋਟਕ, ਨਰਾਜ, ਭੁਜੰਗਪ੍ਰਯਾਤ, ਸੋਰਠਾ, ਕਬਿੱਤ, ਸਵੈਯਾ, ਛਪੈ ਰਸਾਵਲ, ਦੁਵੈਯਾ, ਹਰਿਗੀਤਿਕਾ ਆਦਿ ਛੰਦ ਵੀ ਆਏ ਹਨ। ਛੰਦ-ਪ੍ਰਯੋਗ ਦੀ ਦ੍ਰਿਸ਼ਟੀ ਤੋਂ 'ਨਾਨਕ ਪ੍ਰਕਾਸ਼', 'ਮਹਿਮਾ ਪ੍ਰਕਾਸ਼' ਅਤੇ 'ਗੁਰੂ ਬਿਲਾਸ' ਦੇ ਜ਼ਿਆਦਾ ਨੇੜੇ ਹੈ। 'ਗੁਰੂ ਨਾਨਕ ਵਿਜੈ' ਵਿਚ ਛੰਦ-ਵਿਭਿੰਨਤਾ ਅਧਿਕ ਹੈ। ਉਸ ਵਿਚ ਤਾਂ 150 ਦੇ ਲਗਭਗ ਛੰਦਾਂ ਦਾ ਪ੍ਰਯੋਗ ਹੋਇਆ ਹੈ।

'ਨਾਨਕ ਪ੍ਰਕਾਸ਼' ਵਿਚ ਛੰਦਾਂ ਦਾ ਭਾਵਾਂ ਅਤੇ ਪ੍ਰਸੰਗਾਂ ਅਨੁਸਾਰ ਹੀ ਪ੍ਰਯੋਗ ਕੀਤਾ ਗਿਆ ਹੈ।

**ਭਾਸ਼ਾ**

ਭਾਸ਼ਾ ਦੀ ਦ੍ਰਿਸ਼ਟੀ ਤੋਂ ਵੀ 'ਗੁਰੂ ਨਾਨਕ ਪ੍ਰਕਾਸ਼' ਦਾ ਅਧਿਐਨ ਇਕ ਰੌਚਕ ਅਤੇ ਲਾਭਦਾਇਕ ਵਿਸ਼ਾ ਹੈ। ਇਸ ਸਮੇਂ ਲਗਭਗ ਸਾਰੇ ਉੱਤਰ ਭਾਰਤ ਵਿਚ ਕਾਵਿ ਰਚਨਾ ਦਾ ਮਾਧਿਅਮ ਮੁੱਖ ਤੌਰ ਤੇ ਬ੍ਰਜ ਭਾਸ਼ਾ ਹੀ ਸੀ। ਪੰਜਾਬ ਅਤੇ ਹਰਿਆਣਾ ਵਿਚ ਕਵੀਆਂ ਨੇ ਬ੍ਰਜ ਭਾਸ਼ਾ ਨੂੰ ਹੀ ਆਪਣੀ ਕਵਿਤਾ ਦਾ ਮਾਧਿਅਮ ਬਣਾਇਆ। 'ਗੁਰੂ ਨਾਨਕ ਪ੍ਰਕਾਸ਼' ਵੀ ਮੂਲ ਰੂਪ ਵਿਚ ਬ੍ਰਜ ਭਾਸ਼ਾ ਵਿਚ ਹੀ ਲਿਖਿਆ ਗਿਆ ਹੈ।

'ਨਾਨਕ ਪ੍ਰਕਾਸ਼' ਦੀ ਰਚਨਾ ਬੂੜੀਆ (ਜ਼ਿਲ੍ਹਾ ਅੰਬਾਲਾ) ਵਿਚ ਹੋਈ ਹੈ ਜੋ ਕਿ ਖੜੀ ਬੋਲੀ ਵਾਲੇ ਪ੍ਰਦੇਸ਼ ਵਿਚ ਆਉਂਦੀ ਹੈ। ਇੱਥੋਂ ਦੀ ਲੋਕ-ਭਾਸ਼ਾ ਅੰਬਾਲਵੀ ਹੈ ਜੋ

ਕਿ ਖੜੀ ਬੋਲੀ ਦਾ ਹੀ ਇਕ ਅੰਗ ਹੈ ਅਤੇ ਧੁਨੀਆਂ ਅਤੇ ਵਿਆਕਰਣ ਦੇ ਰੂਪਾਂ ਦੀ ਦ੍ਰਿਸ਼ਟੀ ਤੋਂ ਉਸ ਦੇ ਸਭ ਤੋਂ ਜ਼ਿਆਦਾ ਨੇੜੇ ਹੈ। 'ਨਾਨਕ ਪ੍ਰਕਾਸ਼' ਵਿਚ ਜਦੋਂ ਕਿ ਬ੍ਰਜ ਭਾਸ਼ਾ ਦੇ ਰੂਪਾਂ ਦਾ ਹੀ ਅਧਿਕ ਪ੍ਰਯੋਗ ਹੋਇਆ ਹੈ, ਫਿਰ ਵੀ ਉਸ ਵਿਚ ਸਥਾਨਿਕ ਪ੍ਰਭਾਵ ਕਾਰਨ ਖੜੀ ਬੋਲੀ ਦੇ ਰੂਪਾਂ ਦਾ ਹੀ ਪ੍ਰਯੋਗ ਹੋਇਆ ਹੈ।

ਭਾਈ ਸੰਤੋਖ ਸਿੰਘ ਨੇ ਅੰਮ੍ਰਿਤਸਰ ਵਿਚ ਵਿਦਿਆ ਪ੍ਰਾਪਤ ਕੀਤੀ। ਇਸ ਲਈ ਉਨ੍ਹਾਂ ਦੀਆਂ ਰਚਨਾਵਾਂ ਵਿਚ ਪੰਜਾਬੀ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਅਸਲ ਵਿਚ ਭਾਈ ਸੰਤੋਖ ਸਿੰਘ ਇਕ ਵਿਦਵਾਨ ਕਵੀ ਸਨ। ਬ੍ਰਜ ਭਾਸ਼ਾ ਅਤੇ ਅਵਧੀ ਕਾਵਿ-ਪਰੰਪਰਾ ਦਾ ਉਨ੍ਹਾਂ ਨੇ ਵਿਸ਼ੇਸ਼ ਅਧਿਐਨ ਕੀਤਾ ਸੀ। 'ਨਾਨਕ ਪ੍ਰਕਾਸ਼' ਤੋਂ ਪਹਿਲਾਂ ਉਹ ਸੰਸਕ੍ਰਿਤ ਤੋਂ 'ਅਮਰ ਕੋਸ਼' ਦਾ ਅਨੁਵਾਦ ਵੀ ਕਰ ਚੁਕੇ ਸਨ। ਇਹੀ ਕਾਰਨ ਹੈ ਕਿ 'ਨਾਨਕ ਪ੍ਰਕਾਸ਼' ਵਿਚ ਭਾਸ਼ਾ ਦਾ ਸਮਰੱਥ ਅਤੇ ਭਰਪੂਰ ਰੂਪ ਮਿਲਦਾ ਹੈ। ਭਾਸ਼ਾ ਉੱਤੇ ਕਵੀ ਦਾ ਪੂਰਾ ਅਧਿਕਾਰ ਹੈ ਅਤੇ ਉਸ ਨੇ ਪ੍ਰਸੰਗ, ਪਾਤਰ, ਵਿਸ਼ੇ ਅਤੇ ਸਥਾਨ ਅਨੁਸਾਰ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਜੇਕਰ ਮੰਗਲਾਚਰਣ ਵਿਚ ਭਾਸ਼ਾ ਤਤਸਮ ਪ੍ਰਧਾਨ, ਵਿਦਵਤਾ ਪੂਰਨ ਅਤੇ ਅਲੰਕਾਰਮਈ ਹੈ, ਤਾਂ ਕਥਾ-ਵਰਣਨ ਵਿਚ ਉਹ ਸਹਿਜ ਅਤੇ ਸਰਲ ਹੈ। ਜੇਕਰ ਵਤਸਲ ਅਤੇ ਕਰੁਣ ਪ੍ਰਸੰਗਾਂ ਵਿਚ ਕੋਮਲਤਾ ਹੈ ਤਾਂ ਯੁੱਧ-ਵਰਣਨ ਵਿਚ ਜਸ਼ ਹੈ। ਬ੍ਰਾਹਮਣ ਪੰਡਤਾਂ ਨਾਲ ਵਾਰਤਾਲਾਪ ਕਰਦੇ ਸਮੇਂ ਟਕਸਾਲੀ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਆਮ ਲੋਕਾਂ ਨੂੰ ਉਪਦੇਸ਼ ਦਿੰਦੇ ਸਮੇਂ ਵਿਹਾਰਕ ਭਾਸ਼ਾ ਦਾ। ਨਾਥਾਂ ਅਤੇ ਸਿੱਧਾਂ ਨਾਲ ਅਧਿਆਤਮਕ ਚਰਚਾ ਵਿਚ ਭਾਸ਼ਾ ਵਿਚ ਪ੍ਰਤੀਕਾਤਮਕਤਾ ਹੈ। ਮੁੱਲਾਂ, ਸੂਫ਼ੀਆਂ ਅਤੇ ਕਾਜ਼ੀਆਂ ਦੇ ਪ੍ਰਸੰਗਾਂ ਵਿਚ ਅਤੇ ਮੱਕਾ ਮਦੀਨੇ ਦੇ ਪ੍ਰਸੰਗਾਂ ਵਿਚ ਯਕ, ਦਿਗਰ, ਗੁਫਤੋ, ਬੰਦਾ, ਗਾਇਨਾ, ਮੁਰੀਦ, ਪੀਰ, ਖਲਕਤ, ਦੋਜਕ, ਦਸਤਬੋਸੀ ਆਦਿ ਫਾਰਸੀ-ਅਰਬੀ ਦੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਗਿਆ ਹੈ। ਇਸੀ ਤਰ੍ਹਾਂ ਗੁਰੂ ਨਾਨਕ ਦੀ ਮੁਲਤਾਨ ਯਾਤਰਾ ਦੇ ਸੰਦਰਭ ਵਿਚ ਜੁਲ, ਵਭ, ਧੀਵਤਿ ਘਿਨਹੁ ਆਦਿ ਮੁਲਤਾਨੀ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ।

'ਨਾਨਕ ਪ੍ਰਕਾਸ਼' ਭਾਈ ਸੰਤੋਖ ਸਿੰਘ ਦੀ ਪਹਿਲੀ ਕਾਵਿ ਰਚਨਾ ਹੈ। ਇਸ ਵਿਚ ਉਨ੍ਹਾਂ ਦੀ ਕਾਵਿ ਕਲਾ ਆਪਣੇ ਜੋਬਨ ਉੱਤੇ ਨਹੀਂ ਸੀ। ਰਚਨਾ ਵਿਚ ਵਰਣਨਾਤਮਕਤਾ ਅਤੇ ਉਪਦੇਸ਼ਾਤਮਕਤਾ ਜ਼ਿਆਦਾ ਹੈ। ਸਰਲਤਾ ਅਤੇ ਕਲਾਤਮਿਕਤਾ ਘੱਟ। ਫਿਰ ਵੀ ਜਿੰਨੇ ਵੱਡੇ 'ਕੈਨਵਸ' ਅਤੇ ਜਿੰਨੇ ਵੱਡੇ 'ਥੀਮ' ਨੂੰ ਲੈ ਕੇ ਇਹ ਕਾਵਿ ਲਿਖਿਆ ਗਿਆ ਹੈ ਉਹ ਪ੍ਰਸ਼ੰਸਾਯੋਗ ਹੈ।

ਭਾਈ ਸੰਤੋਖ ਸਿੰਘ ਦੀ ਸਭਿਆਚਾਰਿਕ ਭਾਵਨਾ, ਯੁਗ-ਚੇਤਨਾ, ਕਾਵਿ-ਪ੍ਰਤਿਭਾ ਦਾ ਜੋ ਰੂਪ 'ਨਾਨਕ ਪ੍ਰਕਾਸ਼' ਵਿਚ ਮਿਲਦਾ ਹੈ 'ਗੁਰੂ ਪ੍ਰਤਾਪ ਸੂਰਜ' ਵਿਚ ਉਹ ਆਪਣੇ ਪੂਰਨ ਸ਼ਾਨੋ-ਸ਼ੌਕਤ ਅਤੇ ਜੋਬਨ ਨੂੰ ਪ੍ਰਾਪਤ ਕਰਦਾ ਹੈ ਅਤੇ ਭਾਈ ਸੰਤੋਖ ਸਿੰਘ ਇਕ ਸਮਨਵੈਵਾਦੀ ਲੋਕ-ਨਾਇਕ ਮਹਾਕਵੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ।

## (3) ਗਰਬ-ਗਜਨੀ

ਸੰਮਤ 1852 ਵਿਚ ਆਨੰਦਘਨ ਨਾਂ ਦੇ ਇਕ ਉਦਾਸੀ ਸਾਧੂ ਨੇ 'ਜਪੁਜੀ' ਦਾ ਇਕ ਟੀਕਾ ਕੀਤਾ ਸੀ। ਇਸ ਵਿਚ ਕਈ ਅਰਥ ਭਰਮ ਵਾਲੇ ਅਤੇ ਅਸ਼ੁੱਧ ਸਨ। ਕਈ ਵਿਆਖਿਆਵਾਂ ਇਸ ਤਰ੍ਹਾਂ ਦੀਆਂ ਸਨ ਜੋ ਸਿੱਖ ਧਰਮ ਦੇ ਅਨੁਕੂਲ ਨਹੀਂ ਸਨ। ਇਨ੍ਹਾਂ ਅਸ਼ੁੱਧੀਆਂ ਨੂੰ ਵੇਖ ਕੇ ਸਿੱਖ ਮਤ ਦੇ ਸ਼ਰਧਾਲੂ ਕੈਥਲ ਰਾਜਾ ਭਾਈ ਉਦੈ ਸਿੰਘ ਨੇ ਆਪਣੇ ਆਸਰਿਤ ਕਵੀ ਸੰਤੋਖ ਸਿੰਘ ਨੂੰ 'ਜਪੁ ਜੀ' ਦਾ (ਅਲੰਕਾਰ ਸਹਿਤ) ਟੀਕਾ ਕਰਨ ਦੀ ਬੇਨਤੀ ਕੀਤੀ, ਜਿਸ ਵਿਚ ਇਨ੍ਹਾਂ ਭਰਮਾਂ ਅਤੇ ਸ਼ੰਕਿਆਂ ਨੂੰ ਹੱਲ ਕੀਤਾ ਜਾ ਸਕੇ। ਭਾਈ ਸੰਤੋਖ ਸਿੰਘ ਨੇ ਆਪਣੇ ਟੀਕੇ ਵਿਚ ਆਨੰਦਘਨ ਦੇ ਟੀਕੇ ਦਾ ਕਈ ਥਾਵਾਂ ਤੇ ਉਲੇਖ ਕੀਤਾ ਹੈ ਅਤੇ ਉਸ ਦੇ ਯਤਨ ਨੂੰ 'ਨੀਰ ਬਿਲੋਨੇ' ਦੇ ਬਰਾਬਰ ਕਹਿ ਕੇ ਉਸ ਦੇ ਮਤ ਦਾ ਖੰਡਨ ਕੀਤਾ ਹੈ। ਇਹ ਟੀਕਾ ਚੇਤਰ ਦੀ ਦੂਜ, ਦਿਨ ਸੋਮਵਾਰ, ਸੰਮਤ 1886 ਨੂੰ ਸਮਾਪਤ ਹੋਇਆ।

### ਨਾਮਕਰਨ

ਇਸ ਦੇ ਨਾਮਕਰਨ ਦੇ ਸੰਬੰਧ ਵਿਚ ਲੇਖਕ ਦਾ ਕਹਿਣਾ ਹੈ ਕਿ ਇਕ ਤਾਂ ਇਸ ਨਾਲ ਪਹਿਲੇ ਟੀਕਾਕਾਰ (ਆਨੰਦਘਨ) ਦਾ ਅਹੰਕਾਰ ਟੁੱਟ ਜਾਵੇਗਾ। ਦੂਜਾ, ਸਿੱਖ ਸੰਪਰਦਾਇ ਵਿਚ ਮੁਕਤੀ ਪ੍ਰਾਪਤੀ ਲਈ ਅਹੰਕਾਰ (ਹਉਮੈ) ਦਾ ਤਿਆਗ ਬਹੁਤ ਜ਼ਰੂਰੀ ਮੰਨਿਆ ਗਿਆ ਹੈ। ਲੇਖਕ ਦਾ ਵਿਸ਼ਵਾਸ ਹੈ, ਇਸ ਟੀਕੇ ਦੇ ਅਧਿਐਨ ਅਤੇ ਇਸ ਵਿਚ ਵਰਣਨ ਗੁਰਮਤਿ ਦਾ ਪਾਲਣ ਕਰਨ ਵਾਲੇ ਵਿਅਕਤੀ ਦਾ ਅਹੰਕਾਰ ਨਾਸ਼ ਹੋਵੇਗਾ। ਇਸ ਪ੍ਰਕਾਰ ਜੀਵ ਮੁਕਤੀ ਦੇ ਮਾਰਗ ਵਲ ਜਾ ਸਕੇਗਾ।

ਇਸ ਗ੍ਰੰਥ ਦਾ ਅਰੰਭ ਵੀ, ਇਨ੍ਹਾਂ ਦੀਆਂ ਹੋਰ ਰਚਨਾਵਾਂ ਵਾਂਗ '੧ਓ ਸਤਿਗੁਰ ਪ੍ਰਸਾਦਿ' ਤੋਂ ਹੀ ਹੋਇਆ ਹੈ ਅਤੇ ਟੀਕਾ ਕਰਨ ਤੋਂ ਪਹਿਲਾਂ 'ਅਕਾਲ ਪੁਰਖ' ਤੋਂ ਲੈ ਕੇ 'ਦਸਾਂ ਗੁਰੂਆਂ' ਦੇ ਮੰਗਲਾਚਰਣ ਹਨ। ਇਸ ਟੀਕੇ ਵਿਚ ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਕਿਹਾ ਗਿਆ ਹੈ ਕਿ 'ਚਾਰੇ ਵੇਦ' ਜਿਸ ਨੂੰ ਨਿਰਾਕਾਰ ਕਹਿੰਦੇ ਹਨ ਉਹੀ 'ਅਕਾਲ ਪੁਰਖ' ਅਕਾਰ ਧਾਰਨ ਕਰਕੇ ਆਨੰਦ ਸਰੂਪ ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਹੋਰ ਗੁਰੂਆਂ ਦੀ ਵੀ ਉਸ ਨੇ ਸੁਖਦਾਤਾ, ਮੁਕਤੀ-ਦਾਤਾ, ਦੁਖਾਂ-ਦਰਦਾਂ ਨੂੰ ਨਾਸ਼ ਕਰਨ ਵਾਲੇ ਕਹਿ ਕੇ ਉਸਤਤ ਕੀਤੀ ਹੈ। ਇਸ ਦੇ ਬਾਅਦ ਗੁਰੂ ਗੋਬਿੰਦ ਸਿੰਘ ਦੀ ਤਲਵਾਰ ਦੀ ਮਹਿਮਾ ਅਤੇ ਉਸ ਦੇ ਸਰੂਪ ਦਾ ਵਰਣਨ ਹੈ। ਆਪਣੇ 'ਦਯਾ ਧਾਮ' ਗੁਰੂ ਸੰਤ ਸਿੰਘ ਦੇ ਚਰਨਾਂ ਵਿਚ ਵੀ ਪ੍ਰਣਾਮ ਕੀਤਾ ਹੈ ਅਤੇ ਆਪਣੇ ਆਸ਼ਰਤ-ਦਾਤਾ ਭਾਈ ਉਦੈ ਸਿੰਘ ਦੇ ਵੰਸ਼, ਉਨ੍ਹਾਂ ਦੀ ਬੀਰਤਾ, ਦਾਨ-ਸ਼ੀਲਤਾ, ਗੁਰੂ-ਭਗਤੀ, ਗੁਣ-ਗ੍ਰਹਿਣਤਾ ਆਦਿ ਦਾ ਵੀ ਵਰਣਨ ਕੀਤਾ ਹੈ।

### ਵਿਸ਼ਾ

ਇਹ 'ਜਪੁ ਜੀ' ਦਾ ਇਕ ਵਿਦਵਤਾ-ਪੂਰਨ ਟੀਕਾ ਹੈ ਜਿਸ ਵਿਚ ਉਸ ਦੇ ਹਰੇਕ ਸ਼ਲੋਕ ਦੀ ਦਾਰਸ਼ਨਿਕ ਵਿਆਖਿਆ ਕੀਤੀ ਗਈ ਹੈ। 'ਜਪੁ ਜੀ' ਦੇ ਦਾਰਸ਼ਨਿਕ ਮਤ

ਨੂੰ ਸਪੱਸ਼ਟ ਕਰਨ ਲਈ ਅਤੇ ਬ੍ਰਹਮ ਅਤੇ ਜੀਵ ਦੇ ਸੰਬੰਧ ਅਤੇ ਸ੍ਰਿਸ਼ਟੀ ਦੀ ਉਤਪਤੀ ਦੇ ਪ੍ਰਸੰਗ ਵਿਚ ਉਨ੍ਹਾਂ ਨੇ ਛੇ ਦਰਸ਼ਨਾਂ ਦੇ ਮਤਾਂ ਦਾ ਵੀ ਉਲੇਖ ਕੀਤਾ ਹੈ। ਉਨ੍ਹਾਂ ਨੇ 'ਗੁਰ-ਬਾਣੀ' ਨੂੰ ਪਵਿੱਤਰ ਅਤੇ ਮੁਕਤੀ ਦੇਣ ਵਾਲੀ ਮੰਨਿਆ ਹੈ। ਜਪੁਜੀ ਦਾ ਜੋ ਅਰਥ ਉਨ੍ਹਾਂ ਨੇ ਕੀਤਾ, ਉਸ ਦੀ ਪੁਸ਼ਟੀ 'ਆਦਿ ਗ੍ਰੰਥ', 'ਦਸਮ ਗ੍ਰੰਥ', 'ਸੁਖਮਨੀ' ਅਤੇ ਭਾਈ ਗੁਰਦਾਸ ਦੀਆਂ 'ਵਾਰਾਂ' ਤੋਂ ਵੀ ਕੀਤੀ ਗਈ ਹੈ, ਇਸ ਟੀਕੇ ਦੁਆਰਾ ਉਨ੍ਹਾਂ ਨੇ ਇਹ ਸਿੱਧ ਕਰਨ ਤੇ ਬਲ ਦਿੱਤਾ ਕਿ ਸਿੱਖ ਸੰਪਰਦਾਇ ਦੇ ਸਿਧਾਂਤ ਪ੍ਰਾਚੀਨ ਵੈਦਿਕ ਧਰਮ ਅਨੁਸਾਰ ਹੀ ਹਨ। ਉਨ੍ਹਾਂ ਨੇ ਲਿਖਿਆ ਹੈ ਕਿ 'ਗੁਰੂ ਨਾਨਕ ਜੀ ਜੋ ਸਰਬੱਗ ਹੈ। ਅਬ ਕਲਿਜੁਗ ਕੋ ਸਮਾ ਦੇਖ ਕਰਿ ਮੰਦ ਬੁਧੀ ਲੋਕਨ ਕੀ ਜਾਨ ਕਰਿਤਿਸ ਬੇਦ ਕੋ ਹੀ ਅਬ ਦੇਸ ਭਾਸ਼ਾ ਮੇਂ ਬਨਾਈ ਸਿਖਨ ਕੋ ਉਪਦੇਸ਼ ਦੀਓ। ਧਰਮ ਕੀ ਸਥਿਰਤਾ ਹਿੱਤ ਜਗਤ ਕੇ ਉਧਾਰਨ ਹਿੱਤ ਜੋ ਸ੍ਰੁਤਿ 'ਏਕ ਓਂਕਾਰ' ਮੇਂ ਰਾਖੀ ਹੈ ਸੋਈ ਕਹਤ ਹੈ।' ਜੈਸੇ ਸ਼ਬਦ 'ਏਕੋਹੰ ਬਹੁਸ਼ਯਾਮ' ੱ। (ਪੰਨਾ 5)

'ਓਂਕਾਰ' ਸ਼ਬਦ ਦੀ ਵਿਆਖਿਆ ਕਰਦੇ ਹੋਏ ਉਪਨਿਸ਼ਦਾਂ, ਸ਼ਾਸਤਰਾਂ, ਪੁਰਾਣਾਂ ਵਿਚ ਓਂਕਾਰ ਦਾ ਜਿਸ ਰੂਪ ਵਿਚ ਵਰਣਨ ਹੋਇਆ ਹੈ ਅਤੇ ਜਿਸ ਤਰ੍ਹਾਂ ਭੇਦਾਂ ਦਾ ਵਿਵੇਚਨ ਕੀਤਾ ਗਿਆ ਹੈ ਉਸ ਦਾ ਵੀ ਉਨ੍ਹਾਂ ਨੇ ਉਲੇਖ ਕੀਤਾ ਹੈ ਅਤੇ ਇਸ ਪ੍ਰਕਾਰ 'ਓਂਕਾਰ' ਦੇ 63 ਰੂਪਾਂ ਦੀ ਚਰਚਾ ਕੀਤੀ ਹੈ। ਓਂਕਾਰ ਸਗੁਣ ਸਥੂਲ ਦੇ ਵੀ 63 ਰੂਪਾਂ ਵਲ ਸੰਕੇਤ ਕੀਤਾ ਗਿਆ ਹੈ। ਇਸ ਸੰਬੰਧ ਵਿਚ ਉਨ੍ਹਾਂ ਨੇ ਪਤੰਜਲੀ, ਕਪਿਲ ਮੁਨੀ, ਵਿਆਸ, ਸਨਤ ਕੁਮਾਰ, ਯਾਗਯਵਲਕਵ, ਵਿਸ਼ਿਸ਼ਠ ਆਦਿ ਦੇ ਮਤਾਂ ਨੂੰ ਵੀ ਅੰਕਿਤ ਕੀਤਾ ਹੈ।

'ਜਪੁ ਜੀ' ਦੀਆਂ ਤੁਕਾਂ ਦੀ ਵਿਆਖਿਆ ਕਰਦੇ ਹੋਏ ਉਨ੍ਹਾਂ ਨੇ ਵਿਭਿੰਨ ਦਰਸ਼ਨਾਂ ਦੇ ਪ੍ਰਮੁੱਖ ਅਚਾਰੀਆ ਅਤੇ ਉਨ੍ਹਾਂ ਦੇ ਮਤੇ ਨੂੰ ਉਸ ਤਰ੍ਹਾਂ ਅੰਕਿਤ ਕੀਤਾ ਹੈ, ਜਿਸ ਤਰ੍ਹਾਂ ਇਕ ਤੁਕ ਵਿਚ ਸਾਂਖ ਨਾਲ, ਦੂਜੀ ਵਿਚ ਵੇਦਾਂਤ ਨਾਲ, ਤੀਜੀ ਵਿਚ ਨਯਾਯ ਨਾਲ, ਚੌਥੀ ਵਿਚ ਵੈਸ਼ੇਸ਼ਿਕ ਨਾਲ, ਪੰਜਵੀਂ ਵਿਚ ਮੀਮਾਂਸਾ ਨਾਲ, ਛੇਵੀਂ ਵਿਚ ਯੋਗ ਆਦਿ ਨਾਲ ਅਤੇ ਇਸ ਸੰਦਰਭ ਵਿਚ ਇਨ੍ਹਾਂ ਸਿਧਾਂਤਾਂ ਦੇ ਅਚਾਰੀਆਂ-ਕਪਿਲ ਮੁਨੀ, ਵਿਆਸ, ਗੌਤਮ ਕਣਾਦਿ ਮੁਨੀ, ਜੈਮਿਨੀ, ਪਤੰਜਲੀ ਆਦਿ ਦੇ ਮੱਤਾਂ ਦੀ ਚਰਚਾ ਕੀਤੀ ਹੈ, ਜਿਸ ਵਿਚ ਉਨ੍ਹਾਂ ਦੇ ਵਿਸ਼ਾਲ ਦਾਰਸ਼ਨਿਕ ਗਿਆਨ ਦਾ ਪਤਾ ਲੱਗਦਾ ਹੈ ਅਤੇ ਉਨ੍ਹਾਂ ਦਾ ਇਹ ਦ੍ਰਿਸ਼ਟੀਕੋਣ ਸਪੱਸ਼ਟ ਹੁੰਦਾ ਹੈ ਕਿ ਉਹ 'ਸਿੱਖ ਮਤ' ਨੂੰ ਵੇਦਾਂਤ ਦੀ ਪਰੰਪਰਾ ਵਿਚ ਹੀ ਵੇਖਦੇ ਸਨ। ਸੰਖੇਪ ਵਿਚ, ਸਿੱਖ ਮਤ ਦੇ ਦਾਰਸ਼ਨਿਕ ਪੱਖ ਦਾ ਉਲੇਖ ਉਨ੍ਹਾਂ ਨੇ ਇਸ ਪ੍ਰਕਾਰ ਕੀਤਾ ਹੈ "ਵਾਹਿਗੁਰੂ ਕੋ ਉਪਦੇਸ਼ ਹੈ ਜਿਸ ਰੀਤੀ ਕੋ ਸੋ ਤੋ ਜਿੰਘ ਕੀ ਰੀਤਿ ਸੋ ਗਰਜਤ ਹੈ ਦੇਸਨ ਪਰਦੇਸਨ ਮੇਂ, ਭਾਣਾ ਮਾਨਣੋਂ (ਆਗਿਆ ਪਾਲਣ), ਹਉਮੈ

(ਅਹੰਕਾਰ) ਕੋ ਤਜਣੋ, ਸਤਿਨਾਮ ਕੋ ਸਿਮਰਨ, ਸਰੂਪ ਕੀ ਪ੍ਰਾਪਤਿ, ਇਹ ਮਤਿ ਸਤਿਗੁਰਨ ਕੋ।' (ਪਉੜੀ 5, ਉਹੀ)। ਉਨ੍ਹਾਂ ਦਾ ਕਹਿਣਾ ਹੈ ਕਿ ਵੈਸ਼ਨਵ, ਸ਼ੈਵ ਆਦਿ ਅਨੇਕ ਮਤ ਆਪੋ ਵਿਚ ਹੀ ਖੰਡਨ ਮੰਡਨ ਵਿਚ ਲਗੇ ਹੋਏ ਹਨ। ਪਰੰਤੂ, ਆਪਣੇ ਗੁਰੂ ਨਿਰਵੈਰ ਹੈਂ, ਜਿਸ ਵਿਚ ਜੀਵ ਦਾ ਕਲਿਆਣ ਹੋਵੇ, ਉਹੀ ਕਹਿ ਗਏ ਹਨ।

ਭਾਈ ਸੰਤੋਖ ਸਿੰਘ ਨੇ ਇਹ ਵੀ ਕਿਹਾ ਹੈ ਕਿ ਸੱਚਾ ਸਾਹਿਬ ਤਾਂ ਇਕ 'ਸਚੁ' ਹੀ ਹੈ। ਹੋਰ ਜਿੰਨੇ ਵੀ ਨਾਂ ਹਨ ਉਹ ਸਭ ਝੂਠੇ ਹਨ। ਸੰਸਕ੍ਰਿਤ ਵਿਚ ਉਸ ਲਈ 'ਨਿਰੰਕਾਰ', 'ਕਰਤਾਰ', 'ਪਰਮੇਸ਼ਰ,' 'ਅਵਿਨਾਸ਼ੀ' ਆਦਿ ਅਨੇਕ ਨਾਂ ਹਨ। ਫ਼ਾਰਸੀ ਪੱਛਮੀ ਦੇਸ਼ ਦੀ ਭਾਸ਼ਾ ਹੈ, ਉਥੋਂ ਦੇ ਨਿਵਾਸੀਆਂ ਨੇ ਉਸ ਨੂੰ 'ਖੁਦਾਈ', 'ਅੱਲ੍ਹਾ' ਆਦਿ ਅਨੇਕ ਨਾਂ ਦਿੱਤੇ ਹਨ। ਇਸੀ ਪ੍ਰਕਾਰ ਹੋਰ ਅਨੇਕਾਂ ਦੇਸ਼ਾਂ ਦੀ, ਅਰਬੀ, ਤੁਰਕੀ, ਪਹਿਲਵੀ, ਪਸ਼ਤੋ ਭਾਸ਼ਾਵਾਂ ਨੂੰ ਸਮਝਣਾ ਚਾਹੀਦਾ ਹੈ, ਜਿਨ੍ਹਾਂ ਆਪਣੀ ਸਮਝ ਅਤੇ ਕਹਿਣ ਦੀ ਆਸਾਨੀ ਅਨੁਸਾਰ, ਉਸ ਨੂੰ ਅਨੇਕ ਤਰ੍ਹਾਂ ਦੇ ਨਾਂ ਦਿੱਤੇ ਹਨ। ਦੇਸ਼ ਅਪਾਰ ਹੈ, ਕੋਈ ਸੌ ਕੋਹ ਦਾ, ਕੋਈ ਪੰਜਾਹ ਕੋਹ ਦਾ। ਇਸੀ ਪ੍ਰਕਾਰ ਕੋਈ ਵੱਡਾ, ਕੋਈ ਛੋਟਾ। ਭਾਸ਼ਾਵਾਂ ਵੀ ਸਾਰੇ ਦੇਸ਼ਾਂ ਦੀਆਂ ਵੱਖ ਵੱਖ ਹਨ। ਕੋਈ ਕਿਸ ਪ੍ਰਕਾਰ ਬੋਲਦਾ ਹੈ, ਕੋਈ ਕਿਸ ਪ੍ਰਕਾਰ। ਇਸ ਪ੍ਰਕਾਰ ਭਾਸ਼ਾ ਦੇ ਭਾਵ ਵੀ ਅਪਾਰ ਹਨ। ਅਣਗਿਣਤ ਹਨ। 'ਸਤਿਨਾਮੁ' ਸਭ ਤੋਂ ਪਹਿਲਾਂ ਦਾ ਹੈ। ਜਦੋਂ ਦੇਸ਼ ਵੀ ਨਹੀਂ ਬਣ ਸਨ ਉਦੋਂ ਦਾ ਹੈ, ਇਸ ਲਈ ਇਹ ਝੂਠਾ ਨਹੀਂ ਹੈ। ਸਤਿਨਾਮੁ ਦੇ ਬਿਨਾਂ ਹੋਰ ਜੋ ਨਾਂ ਹਨ, ਸਾਰੇ ਝੂਠੇ ਹਨ। ਇਸ ਤੋਂ ਸਪੱਸ਼ਟ ਹੈ ਕਿ ਉਹ 'ਪਾਰਬ੍ਰਹਮ' ਨੂੰ ਦੇਸ਼ਾਂ ਤੇ ਭਾਸ਼ਾਵਾਂ ਅਤੇ ਨਾਵਾਂ ਦੀਆਂ ਸੀਮਾਵਾਂ ਤੋਂ ਉੱਪਰ ਇਕ ਮਾਤਰ 'ਸਤਿ ਰੂਪ' ਸਵੀਕਾਰ ਕਰਦੇ ਹਨ। ਜੋ ਕਿਸੇ ਵੀ ਸਕੁੰਚਤ ਸੰਪ੍ਰਦਾਇਕ ਮਨੋ-ਬਿਰਤੀ ਦਾ ਨਿਸ਼ੇਧ ਕਰਨ ਵਾਲਾ ਸਿਧਾਂਤ ਹੈ।

ਉਪਰੋਕਤ ਉਦਾਹਰਣ ਤੋਂ ਭਾਈ ਸੰਤੋਖ ਸਿੰਘ ਦੇ ਦੇਸ-ਵਿਦੇਸ਼ ਦੀਆਂ ਵਿਭਿੰਨ ਭਾਸ਼ਾਵਾਂ ਦੀ ਜਾਣਕਾਰੀ ਮਿਲਦੀ ਹੈ।

ਇਕ ਥਾਂ ਉੱਤੇ ਉਪਦੇਸ਼ ਦੇ ਭਿੰਨ ਭਿੰਨ ਰੂਪਾਂ ਨੂੰ ਸਪੱਸ਼ਟ ਕਰਦੇ ਹੋਏ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੀ ਇਸ ਮਾਨਤਾ ਵਲ ਸੰਕੇਤ ਕੀਤਾ ਹੈ ਕਿ ਜੋ ਵਿਅਕਤੀ ਧਰਮ ਅਤੇ ਸਤਿ ਦੀ ਰੱਖਿਆ ਕਰਨ ਲਈ ਯੁੱਧ ਕਰਦੇ ਹੋਏ ਪ੍ਰਾਣਾਂ ਦੀ ਬਲੀ ਦਿੰਦਾ ਹੈ, ਉਹ ਸ਼ੁਭ ਮੁਕਤੀ ਨੂੰ ਪ੍ਰਾਪਤ ਕਰਦਾ ਹੈ। ਇਸੀ ਹਵਾਲੇ ਵਿਚ 'ਮਲੇਛਨ ਕੋ ਹਤਿ ਕਰਿ ਧਰਮ ਕੀ ਸਥਿਤਿ ਕਰੈਂ' ਦੁਆਰਾ ਉਨ੍ਹਾਂ ਨੇ ਆਪਣੀ ਭਾਰਤੀਅਤਾ ਅਤੇ ਰਾਸ਼ਟਰੀਅਤਾ ਦੀ ਭਾਵਨਾ ਨੂੰ ਵੀ ਪ੍ਰਗਟ ਕੀਤਾ ਹੈ।

ਅਸਲ ਵਿਚ, ਇਸ ਟੀਕੇ ਵਿਚ ਦਰਸ਼ਨ ਦੇ ਇਸ ਗੰਭੀਰ ਵਿਸ਼ੇ ਦਾ ਬੜੀ ਸਰਲ ਅਤੇ ਸਮਝ ਆਉਣ ਵਾਲੀ ਸ਼ੈਲੀ ਵਿਚ ਵਰਣਨ ਹੋਇਆ ਹੈ। ਵਿਸ਼ੇ ਨੂੰ ਸਪੱਸ਼ਟ ਕਰਨ ਲਈ 'ਰਾਮਾਇਣ', 'ਮਹਾਂਭਾਰਤ' ਅਤੇ 'ਪੁਰਾਣਾਂ' ਦੇ ਪ੍ਰਸੰਗਾਂ ਦੀ ਵੀ ਵਰਤੋਂ ਕੀਤੀ ਹੈ। ਖ਼ੁਦ ਕੋਈ ਪ੍ਰਸ਼ਨ ਜਾਂ ਸੰਸ਼ਾ ਉਠਾ ਕੇ ਸ਼ਕ ਨੂੰ ਦੂਰ ਕੀਤਾ ਗਿਆ ਹੈ। ਦੂਜਿਆਂ ਦੇ ਮਤਾਂ ਦੀ

ਪ੍ਰੀਖਿਆ ਕਰਕੇ ਉਨ੍ਹਾਂ ਦਾ ਖੰਡਨ ਅਤੇ ਆਪਣੇ ਮਤ ਦਾ ਵਰਣਨ ਵੀ ਕੀਤਾ ਗਿਆ ਹੈ। ਅਸਲ ਵਿਚ, ਇਹ ਸੰਸਕ੍ਰਿਤ ਦੀ ਪ੍ਰਾਚੀਨ ਟੀਕਾ-ਸ਼ੈਲੀ ਵਿਚ ਲਿਖਿਆ ਗਿਆ ਟੀਕਾ ਹੈ। ਹਿੰਦੀ ਵਿਚ ਇਸ ਪ੍ਰਕਾਰ ਦਾ ਟੀਕਾ ਦੁਰਲੱਭ ਹੈ।

**ਰੀਤੀ-ਰਚਨਾ**

ਭਾਈ ਸੰਤੋਖ ਸਿੰਘ ਦਾ ਕਹਿਣਾ ਹੈ ਕਿ ਗੁਰਬਾਣੀ ਵਿਚ ਸਾਰੀਆਂ ਕਾਵਿ ਰੀਤੀਆਂ ਹਨ, ਪਰੰਤੂ ਕਿਸੇ ਦਾ ਧਿਆਨ ਉਸ ਵਲ ਨਹੀਂ ਗਿਆ। ਇਸ ਲਈ ਇਸ ਟੀਕੇ ਵਿਚ ਉਨ੍ਹਾਂ ਨੇ 'ਜਪੁ ਜੀ' ਦੀ ਸਾਹਿੱਤਕਤਾ ਦਾ ਵੀ ਵਿਸ਼ਲੇਸ਼ਣ ਕੀਤਾ ਹੈ। ਹਰੇਕ ਪੰਕਤੀ ਵਿਚ ਜੋ ਅਲੰਕਾਰ, ਸ਼ਬਦ-ਸ਼ਕਤੀਆਂ ਆਦਿ ਆਈਆਂ ਹਨ, ਉਨ੍ਹਾਂ ਦਾ ਵੀ ਵਿਵੇਚਨ ਕੀਤਾ ਗਿਆ ਹੈ ਅਤੇ ਨਾਲ ਹੀ ਉਨ੍ਹਾਂ ਦੇ ਲੱਛਣ ਵੀ ਦੇ ਦਿੱਤੇ ਹਨ। ਉਹ ਰਸਵਾਦੀ ਆਚਾਰੀਆ ਸਨ। ਉਨ੍ਹਾਂ ਨੇ ਅਲੰਕਾਰ ਨੂੰ ਰਸ-ਧੁਨੀ ਤੋਂ ਭਿੰਨ, ਰਸ ਦਾ ਸਹਾਇਕ ਮੰਨਿਆ ਹੈ। ਉਹ ਉੱਤਮ ਕਾਵਿ ਉਸ ਨੂੰ ਹੀ ਮੰਨਦੇ ਹਨ, ਜਿੱਥੇ ਥੋੜ੍ਹੇ ਸ਼ਬਦਾਂ ਵਿਚ ਜ਼ਿਆਦਾ ਅਰਥ ਭਰ ਦਿੱਤਾ ਗਿਆ ਹੋਵੇ। ਉਨ੍ਹਾਂ ਨੇ ਅਲੰਕਾਰਾਂ ਦੇ ਲੱਛਣ 'ਕਵਿਤਾ' ਵਿਚ ਦਿੱਤੇ ਹਨ ਅਤੇ ਉਨ੍ਹਾਂ ਦੀ ਵਿਆਖਿਆ 'ਗੱਦ' ਵਿਚ ਕੀਤੀ ਹੈ। ਕਿਧਰੇ ਕਿਧਰੇ ਤਾਂ 'ਜਪੁ ਜੀ' ਦੀ ਇਕ ਹੀ ਪੰਕਤੀ ਵਿਚੋਂ ਛੇ ਜਾਂ ਸੱਤ ਅਲੰਕਾਰ ਕੱਢ ਕੇ ਵਿਖਾਏ ਹਨ, ਜੋ ਉਨ੍ਹਾਂ ਦੀ ਵਿਦਵਤਾ ਅਤੇ ਕਾਵਿ-ਸ਼ਾਸਤਰ ਦੇ ਗਿਆਨ ਦਾ ਸੂਚਕ ਹਨ। 'ਜੇ ਤਿਸੁ ਨਦਰਿ ਨਾ ਆਵਈ ਤ ਵਾਤ ਨ ਪੁਛੈ ਕੇ' ਵਿਚ ਵਿਨੋਕਤੀ, ਵਿਸ਼ੇਸੋਕਤੀ, ਉਕਤੀ, ਨਮਿਤ, ਸੰਸ੍ਰਿਤੀ, ਸੰਭਾਵਯ, ਪੁਨਰ-ਉਕਤੀਵਦਾਭਾਸ, ਪ੍ਰਯਾਯ-ਉਕਤੀ ਆਦਿ ਅਨੇਕ ਅਲੰਕਾਰਾਂ ਦੀ ਸਥਿਤੀ ਨੂੰ ਸਪੱਸ਼ਟ ਕੀਤਾ ਹੈ। ਇਸ ਰਚਨਾ ਵਿਚ ਕੋਈ 50 ਅਲੰਕਾਰਾਂ ਦੇ ਲੱਛਣ ਹਨ। ਲੱਛਣਾਂ ਉੱਤੇ ਅਧਿਕਤਰ '**ਕੁਵਲਯਾਨੰਦ' ਅਤੇ 'ਚੰਦ੍ਰਾਲੋਕ**' ਦਾ ਪ੍ਰਭਾਵ ਹੈ। '**ਸਾਹਿਤਯ-ਦਰਪਣ**' ਅਤੇ '**ਕਾਵਯ-ਪ੍ਰਕਾਸ਼**' ਤੋਂ ਵੀ ਸਹਾਇਤਾ ਲਈ ਗਈ ਹੈ। ਸ਼ਬਦ-ਸ਼ਕਤੀਆਂ ਨੂੰ ਉਨ੍ਹਾਂ ਨੇ ਅਲੰਕਾਰਾਂ ਤੋਂ ਵੱਖਰਾ ਸਥਾਨ ਦਿੱਤਾ ਹੈ। '**ਜਹਿਤ ਸਾਧਯਾਵਸਾਨਾ**' ਅਤੇ '**ਅਜਹਿਤਿ ਲਕਸ਼ਣਾ**' ਅਤੇ '**ਅਕਾਂਡ ਪ੍ਰਕਥਨ ਦੋਸ਼**' '**ਪੁਨਰ–ਉਕਤੀ ਦੋਸ਼**', '**ਸਨੁਚਿਤਾਰਥ ਦੋਸ਼**', '**ਅਪੁਸ਼ਟਾਰਥ ਦੋਸ਼**'[1] 'ਅਵਾਚਕ ਦੋਸ਼, 'ਅਨਵਸਥਾ ਦੋਸ਼', '**ਅਧਿਕਪਦ ਦੋਸ਼**', 'ਸੰਸਕ੍ਰਿਤ ਦੋਸ਼' ਅਤੇ 'ਅਭਵਨਮਤ ਦੋਸ' ਆਦਿ ਦੇ ਵੀ ਲੱਛਣ ਦਿੱਤੇ ਹਨ। ਇਨ੍ਹਾਂ ਵਿਚੋਂ '**ਪੁਨਰ-ਉਕਤੀ ਦੋਸ਼**' ਅਨੁਚਿਤਾਰਥ ਦੋਸ਼', '**ਅਭਵਨਮਤ ਦੋਸ਼**' '**ਅਪੁਸ਼ਟਾਰਥ ਦੋਸ਼**', '**ਅਵਾਚਕ ਦੋਸ਼**' ਦੇ ਲੱਛਣ ਤਾਂ '**ਸਾਹਿਤਯ ਦਰਪਣ**' ਦੇ ਲੱਛਣਾਂ ਦੇ ਸਮਾਨ ਹਨ। '**ਅਕਾਂਡ ਪ੍ਰਕਥਨ**' ਵੀ 'ਸਾਹਿਤਯ ਦਰਪਣ' ਦੇ 'ਰਸ ਦੋਸ਼' ਦਾ ਇਕ ਭੇਦ ਹੈ ਜਿਸ ਦਾ ਨਾਂ ਉੱਥੇ 'ਅਕਾਂਡ ਪ੍ਰਕਥਨ' ਹੈ। '**ਸੰਸਕ੍ਰਿਤ-ਦੋਸ਼**' ਵੀ '**ਕਾਵਯ ਪ੍ਰਕਾਸ਼**' ਦਾ 'ਚਯੁਤ-ਸੰਸਕ੍ਰਿਤੀ' ਦੋਸ਼ ਹੀ ਹੈ। ਪਰੰਤੂ 'ਅਨਵਸਥਾ ਦੋਸ਼' ਸੰਸਕ੍ਰਿਤ ਦੇ ਇਨ੍ਹਾਂ ਪ੍ਰਸਿੱਧ ਗ੍ਰੰਥਾਂ ਵਿਚ ਨਹੀਂ ਹੈ, '**ਚੰਦ੍ਰਾਲੋਕ**' ਵਿਚ ਵੀ ਇਹ ਨਹੀਂ ਆਇਆ। ਭਾਈ ਸੰਤੋਖ ਸਿੰਘ ਨੇ ਇਸ ਦਾ ਲੱਛਣ ਤਾਂ ਨਹੀਂ ਦਿੱਤਾ ਪਰੰਤੂ ਵਿਆਖਿਆ ਇਸ ਪ੍ਰਕਾਰ ਕੀਤੀ ਹੈ 'ਜੋ ਕਹੋ ਤਿਨ ਕੇ ਤਲੇ ਔਰ ਧਰਤੀ ਹੈ, ਤੋ ਤਿਸ ਧਰਤੀ ਕੇ ਨੀਚੇ ਕੌਣ ? ਜੋ ਕਹੋ ਔਰਤ ਬੈਲ ਤੋਂ ਪੁਨਿ ਤਿਸ ਕੇ ਤਲੇ ਕੌਨ। ਇਸ ਪ੍ਰਕਾਰ ਅਨਵਸਥਾ ਦੋਸ਼ ਆਵਤ ਹੈ।

ਇਉਂ ਉਨ੍ਹਾਂ ਦੀ ਮੌਲਿਕ ਸੂਝ ਬੂਝ ਦਿਖਾਈ ਦਿੰਦੀ ਹੈ।

**ਕਾਵਿ ਕਲਾ**

ਇਹ ਇਕ ਟੀਕਾ ਮਾਤਰ ਹੈ, ਇਸ ਲਈ ਇਸ ਵਿਚ ਭਾਵ-ਪੱਖ ਘੱਟ ਹੈ। ਇਹ ਰਚਨਾ ਉਨ੍ਹਾਂ ਦੇ ਦਾਰਸ਼ਨਿਕ, ਅਚਾਰੀਆ ਅਤੇ ਵਿਆਕਰਣੀ ਰੂਪ ਨੂੰ ਹੀ ਜ਼ਿਆਦਾ ਪ੍ਰਗਟ ਕਰਦੀ ਹੈ। ਫਿਰ ਵੀ ਆਰੰਭਿਕ ਮੰਗਲਾਂ ਅਤੇ ਉਨ੍ਹਾਂ ਦੇ ਆਸਰਿਤ-ਦਾਤਾ ਬਾਰੇ ਜਾਣਕਾਰੀ ਦੇਣ ਵਾਲੇ ਛੰਦਾਂ ਵਿਚ ਉਨ੍ਹਾਂ ਦੀ ਕਾਵਿ-ਪ੍ਰਤਿਭਾ ਪ੍ਰਗਟ ਹੋਈ ਹੈ। ਮੰਗਲਾਂ ਦੇ ਵਰਣਨ ਵਿਚ ਉਨ੍ਹਾਂ ਦੇ ਹਿਰਦੇ ਦਾ ਭਗਤੀ-ਭਾਵ ਪ੍ਰਗਟ ਹੋਇਆ ਹੈ। ਇਨ੍ਹਾਂ ਦੀ ਸ਼ੈਲੀ 'ਨਾਮਕੋਸ਼' ਦੀ ਬਜਾਏ ਸਰਲ ਹੈ। ਗੁਰੂ ਗੋਬਿੰਦ ਸਿੰਘ ਦੀ ਤਲਵਾਰ-ਮਹਿਮਾ ਦੇ ਵਰਣਨ ਵਿਚ ਸੁੰਦਰ ਰੂਪ ਵਿਚ ਅਲੰਕਾਰਾਂ ਦਾ ਪ੍ਰਯੋਗ ਅਤੇ ਓਜ ਹੈ। ਉਨ੍ਹਾਂ ਦੇ ਰੂਪ-ਚਿਤਰਣ ਵਿਚ ਵੀ ਸਜੀਵਤਾ ਆ ਗਈ ਹੈ। ਉਦੈ ਸਿੰਘ ਬਾਰੇ ਜਾਣਕਾਰੀ ਦੇਣ ਦਾ ਵਰਣਨ ਵੀ ਸਰਲ ਸ਼ੈਲੀ ਵਿਚ ਹੋਇਆ ਹੈ। ਵੈਸੇ ਅਨੁਪ੍ਰਾਸ, ਵੀਪਸਾ, ਰੂਪਕ ਉਤਪ੍ਰੇਖਿਆ ਅਤੇ ਉਪਮਾ ਦੀ ਸੁੰਦਰਤਾ ਇਨ੍ਹਾਂ ਛੰਦਾਂ ਵਿਚ ਵੀ ਵੇਖੀ ਜਾ ਸਕਦੀ ਹੈ। ਇਨ੍ਹਾਂ ਵਿਚ ਦੋਹਾ, ਕਬਿੱਤ, ਚੌਪਈ ਆਦਿ ਛੰਦਾਂ ਦਾ ਹੀ ਪ੍ਰਯੋਗ ਹੋਇਆ ਹੈ। ਭਾਸ਼ਾ ਸ਼ੁੱਧ ਸਾਹਿਤਕ ਬ੍ਰਜ ਹੈ ਅਤੇ ਉਸ ਵਿਚ ਪ੍ਰਵਾਹ ਹੈ। ਉਨ੍ਹਾਂ ਦੀ ਗੱਦ ਦੀ ਭਾਸ਼ਾ ਵੀ ਸਾਹਿੱਤਕ ਅਤੇ ਮੰਜੀ ਹੋਈ ਹੈ। ਉਸ ਵਿਚ **'ਨੀਰ ਮਥਯੋ ਹੈ'**, **'ਹਸਤਾਮਲਕ'**, **'ਅੰਧੇ ਔਰ ਹਾਥੀ'** ਜੈਸੇ ਲੱਛਣਕ ਪ੍ਰਯੋਗ ਵੀ ਹੋਏ ਹਨ। ਕਿਧਰੇ ਕਿਧਰੇ ਭਾਸ਼ਾ ਅਲੰਕਾਰਮਈ ਵੀ ਹੈ। ਅਰਬੀ-ਫ਼ਾਰਸੀ ਸ਼ਬਦ 'ਕੂਤ' ਅਤੇ ਫ਼ਾਰਸੀ ਸ਼ਬਦ 'ਕਰਮ' ਦਾ ਅਰਥ ਉਨ੍ਹਾਂ ਕ੍ਰਮਵਾਰ ਖ਼ੁਰਾਕ ਅਤੇ ਕਿਰਪਾ ਹੀ ਕੀਤਾ ਹੈ। 'ਬਹੂੜ' 'ਤੀਕਰ' 'ਅਨਜਾਨਪਨੋ' ਆਦਿ ਕੁਝ ਅਪ੍ਰੋੜ ਪ੍ਰਯੋਗ ਵੀ ਹੋਏ ਹਨ, 'ਅਗਾਰੀ' ਅਤੇ ਵੱਡਿਆਈ-ਅਨਿਆਈ ਆਦਿ ਵੀ ਪ੍ਰਯੋਗ ਹੋਏ ਹਨ ਪਰੰਤੂ ਬਹੁਤ ਘੱਟ। ਸਮੁੱਚੇ ਰੂਪ ਵਿਚ ਉਨ੍ਹਾਂ ਦੀ ਭਾਸ਼ਾ ਸਮਰੱਥ ਅਤੇ ਸ਼ੈਲੀ ਪ੍ਰੌੜ੍ਹ ਹੈ।

ਉਨ੍ਹਾਂ ਦੀ ਇਸ ਰਚਨਾ ਨੂੰ ਵਾਰਤਕ ਸ਼ੈਲੀ ਵਿਚ ਰਖਿਆ ਜਾ ਸਕਦਾ ਹੈ। ਵਾਰਤਕ ਦਾ ਅਰਥ ਜਿਸ ਤਰ੍ਹਾਂ ਕਿ 'ਉਕਤਾਨੁਕਤਦੁਰੁਕਤਾਰਥਵ੍ਯਕ੍ਤਿਕਾਰੀ ਤੁ ਵਾਰਤਿਕਮ੍' ਤੋਂ' ਪ੍ਰਗਟ ਹੈ, ਮੂਲ ਵਿਚ ਕਿਹਾ, ਅਣਕਿਹਾ ਜਾ ਅਸਪੱਸ਼ਟ ਅਰਥ ਨੂੰ ਸਪੱਸ਼ਟ ਕਰਨ ਵਾਲਾ ਨਿਯਮ ਹੈ। ਸੰਸਕ੍ਰਿਤ ਵਿਚ ਪਾਣਿਨੀ ਦੀ ਅਸ਼ਟਾਧਿਆਈ ਉੱਤੇ ਕਾਤਯਾਯਨ ਅਤੇ ਵਾਤਸਯਾਯਨ ਅਤੇ ਵਾਤਸਯਾਯਨ ਦੇ ਨਿਆਂ-ਭਾਸ਼ਯ ਉੱਤੇ ਉਦਯੋਤਕਾਰ ਨੇ ਵਾਰਤਕ ਲਿਖੀ। ਇਹ ਟੀਕਾ ਵੀ ਉਸੀ ਪ੍ਰਕਾਰ ਜੀ ਰਚਨਾ ਹੈ, ਜਿਸ ਵਿਚ 'ਜਪੁ ਜੀ' ਅਰਥ ਨੂੰ ਸਪੱਸ਼ਟ ਕੀਤਾ ਗਿਆ ਹੈ। ਆਪਣੀ ਵਿਆਖਿਆ ਦੇ ਪੱਖ ਵਿਚ ਤੇ ਹੋਰ ਵਿਆਖਿਆਕਾਰਾਂ ਦੇ ਮੱਤ ਦਾ ਖੰਡਨ ਕਰਨ ਲਈ ਉਹ ਸ਼ਾਸਤਰਾਂ, ਗੁਰਬਾਣੀ, ਦਸਮ ਗ੍ਰੰਥ ਆਦਿ ਦੇ ਪ੍ਰਮਾਣ ਵੀ ਪ੍ਰਸਤੁਤ ਕਰਦੇ ਹਨ। ਹਿੰਦੀ ਵਿਚ ਹੋ ਸਕਦਾ ਹੈ, ਇਸ ਤਰ੍ਹਾਂ ਦੀ ਹੋਰ ਵਾਰਤਕ ਨਹੀਂ ਲਿਖੀ ਗਈ ਜਿਸ ਵਿਚ ਦਰਸ਼ਨ, ਸਾਹਿਤ ਅਤੇ ਕਾਵਿ-ਸ਼ਾਸਤਰ ਦਾ ਇਨਾ ਸੁੰਦਰ ਮੇਲ ਹੋਵੇ।

ਉਨ੍ਹਾਂ ਦੀ ਵਾਰਤਕ ਤੋਂ ਭਾਈ ਸੰਤੋਖ ਸਿੰਘ ਜੀ ਦੀ ਵਿਆਖਿਆਤਮਿਕ ਸ਼ਕਤੀ,

ਵਿਸ਼ਲੇਸ਼ਣ ਦੀ ਪ੍ਰਤਿਭਾ ਅਤੇ ਉਨ੍ਹਾਂ ਦੇ ਵਿਸ਼ਾਲ ਗਿਆਨ ਦੀ ਡੂੰਘੀ ਜਾਣਕਾਰੀ ਮਿਲਦੀ ਹੈ। ਕੇਵਲ ਇਕ ਪੰਕਤੀ ਨੂੰ ਲੈ ਕੇ ਦਾਰਸ਼ਨਿਕ ਅਤੇ ਕਾਵਿਆਤਮਕ ਦੋਵੇਂ ਦ੍ਰਿਸ਼ਟੀਆਂ ਤੋਂ ਉਨ੍ਹਾਂ ਨੇ ਉਸ ਦਾ ਜਿਸ ਤਰ੍ਹਾਂ ਵਿਸ਼ਾਲ ਵਿਸ਼ਲੇਸ਼ਣ ਕੀਤਾ ਹੈ, ਉਹ ਉਨ੍ਹਾਂ ਦੀ ਬੇਜੋੜ ਪ੍ਰਤਿਭਾ ਅਤੇ ਵਿਦਵਤਾ ਦਾ ਸੂਚਕ ਹੈ। ਆਧੁਨਿਕ ਯੁੱਗ ਵਿਚ ਜਿਸ ਪ੍ਰਕਾਰ ਆਲੋਚਨਾ ਵਿਚ ਮਨੋਵਿਗਿਆਨ, ਮਨੋਵਿਸ਼ਲੇਸ਼ਣ, ਦਰਸ਼ਨ, ਸਮਾਜ-ਸ਼ਾਸਤਰ, ਕਾਵਿ-ਸ਼ਾਸਤਰ ਆਦਿ ਨੂੰ ਇਕੱਤਰ ਕਰਕੇ ਸਾਹਿਤ ਨੂੰ ਸਮਝਣ ਅਤੇ ਸਮਝਾਉਣ ਦੇ ਯਤਨ ਹੋ ਰਹੇ ਹਨ, ਉਸ ਤਰ੍ਹਾਂ ਦਾ ਹੀ ਸਫਲ ਯਤਨ ਭਾਈ ਸੰਤੋਖ ਸਿੰਘ ਨੇ ਆਪਣੇ ਯੁੱਗ ਦੇ ਵਾਤਾਵਰਨ ਅਤੇ ਗਿਆਨ–ਪੱਧਰ ਦੇ ਅਨੁਸਾਰ ਕੀਤਾ ਹੈ।

ਮੈਂ ਸਮਝਦਾ ਹਾਂ, ਇਹ ਹਿੰਦੀ ਦੀ ਅਜਿਹੀ ਪਹਿਲੀ ਆਲੋਚਨਾਤਮਕ ਪੁਸਤਕ ਹੈ ਜਿਸ ਵਿਚ ਰਚਨਾ ਦੀ ਦਾਰਸ਼ਨਿਕ ਹਵਾਲਿਆਂ ਦੁਆਰਾ ਵਿਆਖਿਆ ਕਰਦੇ ਹੋਏ ਭਾਵ, ਭਾਸ਼ਾ, ਸ਼ਬਦ-ਸ਼ਕਤੀ, ਗੁਣ, ਦੋਸ਼, ਅਲੰਕਾਰ, ਆਦਿ ਦੀ ਦ੍ਰਿਸ਼ਟੀ ਤੋਂ ਉਸ ਦੀ ਕਾਵਿ ਕਲਾ ਦੀ ਸਮੀਖਿਆ ਕੀਤੀ ਗਈ ਹੈ। ਇਸ ਸੰਬੰਧ ਵਿਚ ਖ਼ੁਦ ਕਵੀ ਦਾ ਕਹਿਣਾ ਹੈ ਕਿ ਮੈਂ 'ਜਪੁ ਜੀ' ਦੀਆਂ ਸਾਰੀਆਂ ਤੁਕਾਂ ਦੇ ਵਿਅੰਗ (ਵਿਅੰਜਨਾ) ਲਕਸਣਾ, ਧੁਨੀ, ਅਲੰਕਾਰ ਆਦਿ ਦੀ ਪ੍ਰੀਖਿਆ ਕਰਕੇ ਇਹ ਟੀਕਾ ਲਿਖ ਰਿਹਾ ਹਾਂ :

ਵਯੰਗ ਲਛਣਾਂ ਬਹੁਰ ਧੁਨਿ ਨੀਕੇ ਦੇਉਂ ਦਿਖਾਈ ॥
ਅਲੰਕਾਰ ਸਭ ਤੁਕਨਿ ਕੇ ਲਿਖਯੋ ਪਰਖਿ ਬਨਾਈ ॥ 21 ॥

### (4) ਬਾਲਮੀਕੀ ਰਾਮਾਇਣ-ਭਾਸ਼ਾ

ਰਾਮ ਕਥਾ ਭਾਰਤੀ ਸਭਿਆਚਾਰਕ ਅਤੇ ਸਾਹਿਤ ਦਾ ਅਮੁੱਲ ਖਜ਼ਾਨਾ ਹੈ। ਮੱਧਯੁਗੀਨ ਭਾਰਤੀ ਜੀਵਨ ਨੂੰ ਇਸ ਤੋਂ ਨਵਾਂ ਜੋਸ਼, ਪ੍ਰੇਰਣਾ, ਆਸ ਅਤੇ ਉਤਸ਼ਾਹ ਪ੍ਰਾਪਤ ਹੋਇਆ ਅਤੇ ਇਸ ਉੱਤੇ ਆਧਾਰਿਤ ਅਨੇਕ ਕਾਵਿ-ਗ੍ਰੰਥਾਂ ਦੀ ਰਚਨਾ ਹੋਈ। ਪੰਜਾਬ ਵਿਚ ਰਾਮ ਕਥਾ ਸੰਬੰਧੀ ਅਨੇਕ ਕਾਵਿ-ਗ੍ਰੰਥ ਗੁਰਮੁਖੀ ਲਿਪੀ ਵਿਚ ਲਿਖੇ ਗਏ। ਮਹਾਂ-ਕਵੀ ਭਾਈ ਸੰਤੋਖ ਸਿੰਘ ਨੇ 'ਬਾਲਮੀਕੀ ਰਾਮਾਇਣ' ਨੂੰ ਗੁਰਮੁਖੀ ਲਿਪੀ ਵਿਚ ਬ੍ਰਜ ਭਾਸ਼ਾ ਕਵਿਤਾ ਵਿਚ ਅਨੁਵਾਦ ਕੀਤਾ। ਜਿਸ ਦੀਆਂ ਹੱਥ ਲਿਖਿਤ ਪ੍ਰਤੀਆਂ ਸੈਂਟਰਲ ਸਟੇਟ ਪਬਲਿਕ ਲਾਇਬਰੇਰੀ, ਪਟਿਆਲਾ ਅਤੇ ਮੋਤੀ ਬਾਗ, ਪਟਿਆਲਾ ਆਦਿ ਸਥਾਨਾਂ ਤੇ ਪ੍ਰਾਪਤ ਹਨ।

ਇਸ ਗ੍ਰੰਥ ਨੂੰ ਭਾਈ ਸੰਤੋਖ ਸਿੰਘ ਨੇ (ਕੈਥਲ ਰਾਜਾ) ਭਾਈ ਉਦੈ ਸਿੰਘ ਦੇ ਆਸਰੇ ਵਿਚ ਚੇਤਰ, ਸੰਮਤ 1891 ਵਿਚ ਸਮਾਪਤ ਕੀਤਾ ਸੀ।

ਇਸ ਗ੍ਰੰਥ ਦੇ 7 ਕਾਂਡ ਅਤੇ 651 ਸਰਗ ਹਨ :

| | |
|---|---|
| ਬਾਲ ਕਾਂਡ | 82 |
| ਅਯੁੱਧਿਆ ਕਾਂਡ | 117 |
| ਆਰਣਯ ਕਾਂਡ | 75 |
| ਕਿਸ਼ਕਿੰਧਾ ਕਾਂਡ | 67 |

| | |
|---|---|
| ਸੁੰਦਰ ਕਾਂਡ | 68 |
| ਲੰਕਾ ਕਾਂਡ | 131 |
| ਉੱਤਰ ਕਾਂਡ | 111 |

ਲੰਕਾ ਕਾਂਡ ਦੇ 130 ਅਤੇ 131ਵੇਂ ਸਰਗ ਵਿਚ ਕਵੀ ਨੇ ਆਪਣੇ ਆਸਰੇਦਾਤਾ ਭਾਈ ਉਦੈ ਸਿੰਘ ਦੀ ਬੰਸਾਵਲੀ ਦਿੱਤੀ ਹੈ ਅਤੇ ਉਨ੍ਹਾਂ ਦੀ ਭਗਤੀ-ਭਾਵਨਾ, ਗੁਣ-ਗ੍ਰਹਿਣਤਾ, ਦਾਨਸ਼ੀਲਤਾ, ਉਦਾਰਤਾ ਆਦਿ ਦਾ ਵਰਣਨ ਕੀਤਾ ਹੈ। ਭਾਈ ਉਦੈ ਸਿੰਘ ਨੇ ਇਸ ਗ੍ਰੰਥ ਤੋਂ ਪ੍ਰਸੰਨ ਹੋ ਕੇ ਭਾਈ ਸੰਤੋਖ ਸਿੰਘ ਨੂੰ 'ਮੋਰਥਲੀ' ਨਾਂ ਦਾ ਪਿੰਡ ਭੇਟ ਕੀਤਾ ਸੀ।

ਇਸ ਗ੍ਰੰਥ ਦਾ ਅਰੰਭ '੧ਓ ਸਤਿਗੁਰ ਪ੍ਰਸਾਦਿ' ਅਤੇ ਸਰਸਵਤੀ ਦੀ ਬੰਦਨਾ ਨਾਲ ਹੋਇਆ ਹੈ।

ਇਸ ਤੋਂ ਬਾਅਦ ਕਵੀ ਨੇ ਪ੍ਰਾਰਬ੍ਰਹਮ ਆਪਣੇ ਇਸ਼ਟ ਦੇਵ ਗੁਰੂ ਨਾਨਕ ਦੇਵ ਅਤੇ ਹੋਰ ਸਿੱਖ ਗੁਰੂਆਂ ਦੀ ਬੰਦਨਾ ਕੀਤੀ ਹੈ। ਗੁਰੂ ਨਾਨਕ ਨੂੰ ਉਨ੍ਹਾਂ ਨੇ ਅਕਾਲ-ਪੁਰਖ ਦਾ ਸਗੁਣ ਰੂਪ ਅਤੇ ਹੋਰ ਗੁਰੂਆਂ ਨੂੰ ਵੀ ਉਸੀ ਜੋਤ ਦਾ ਰੂਪ ਮੰਨਿਆ ਹੈ।

ਗੁਰੂਆਂ ਦੀ ਬੰਦਨਾ ਤੋਂ ਬਾਅਦ ਸ੍ਰੀ ਰਾਮ ਦਾ 'ਨਮਸਕਾਰਤਮਕ' ਮੰਗਲਾਚਰਣ ਹੈ ਅਤੇ ਉਨ੍ਹਾਂ ਦੇ ਚਰਿੱਤਰ ਦੀ ਮਹਾਨਤਾ ਅਤੇ 'ਰਾਮ ਨਾਮ' ਦੀ ਮਹੱਤਤਾ ਦਾ ਉਲੇਖ ਹੈ। ਰਾਮ-ਕਥਾ ਨੂੰ ਕਵੀ ਨੇ ਬਾਲਮੀਕੀ ਰੂਪ ਪਰਬਤ ਤੋਂ ਨਿਕਲਣ ਵਾਲੀ ਗੰਗਾ ਦੇ ਸਮਾਨ ਕਿਹਾ ਹੈ ਕਿ ਜੋ ਤਿੰਨਾਂ ਲੋਕਾਂ ਨੂੰ ਪਵਿੱਤਰ ਕਰਨ ਵਾਲੀ ਅਤੇ ਮੋਹ ਆਦਿ ਪ੍ਰਪੰਚਾਂ ਅਤੇ ਪਾਪਾਂ ਨੂੰ ਨਸ਼ਟ ਕਰਨ ਵਾਲੀ ਹੈ, ਜਿਵੇਂ :

ਮੁਨਿ ਬਾਲਮੀਕ ਗਿਰਵਰ ਰਮਣੀਕ ਹੂੰ ਤੇ,
ਨਿਕਸੀ ਹੈ ਨੀਕ ਕਥਾ ਧਾਰ ਗੰਗ ਕੀ ॥
ਮੋਹ ਆਦਿਕ ਪੰਚ ਕੋ ਪ੍ਰਪੰਚ ਪਾਪ, ਬੰਚਤ ਹੈ,
ਨਵੋ ਰਸ ਛਵਿ ਹੈ ਉਤੰਗ ਨਿਤ ਰੰਗ ਕੀ ॥
ਤੀਨ ਲੋਕ ਪਾਵਨ ਕਰਤਿ ਉਜੱਲ ਬਰਨ ਅਪਾਰ,
ਅਸ ਰਾਮਾਇਨਿ ਗੰਗ ਕੀ, ਬੰਦਨ ਬਾਰੰਬਾਰ ॥ 8 ॥

(ਉਹੀ, ਬਾਲ ਕਾਂਡ, ਸਰਗ 1)

ਭਾਈ ਸੰਤੋਖ ਸਿੰਘ ਨੇ ਕਥਾ ਦਾ ਸਰੂਪ 'ਬਾਲਮੀਕੀ ਰਾਮਾਇਣ' ਦੇ ਅਨੁਸਾਰ ਹੀ ਰਖਿਆ ਹੈ। ਉਸ ਵਿਚ ਆਪਣੇ ਵਲੋਂ ਨਾ ਕੁਝ ਘਟਾਇਆ ਹੈ ਤੇ ਨਾ ਹੀ ਵਧਾਇਆ ਹੈ।

ਇਹ ਰਚਨਾ ਕੇਵਲ ਭਾਸ਼ਾ-ਅਨੁਵਾਦ ਮਾਤਰ ਨਹੀਂ ਹੈ। 'ਬਾਲਮੀਕੀ-ਰਾਮਾਇਣ' ਦੇ ਇਕ ਜਾਂ ਕਈ ਸਲੋਕਾਂ ਦੇ ਭਾਵ ਲੈ ਕੇ ਉਨ੍ਹਾਂ ਨੂੰ ਆਪਣੇ ਸ਼ਬਦਾਂ ਵਿਚ ਛੰਦ ਬੱਧ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਚ ਕਵੀ ਦੀ ਕਾਵਿ-ਪ੍ਰਤਿਭਾ ਦਾ ਦ੍ਰਿਸ਼ਟਾਂਤ ਹੈ, ਇਕ ਨਿੱਜੀਪਣ ਹੈ।

'ਬਾਲਮੀਕੀ ਰਾਮਾਇਣ' ਕਰੁਣਾਰਸ ਪ੍ਰਧਾਨ ਹੈ। ਰਾਮ ਦੇ ਜੰਗਲ ਵਿਚ ਜਾਣ ਉੱਤੇ ਦਸ਼ਰਥ ਦੇ ਹਿਰਦੇ ਨੂੰ ਛੂਹਣ ਵਾਲਾ ਵਿਰਲਾਪ ਅਤੇ ਰਾਮ ਦੇ ਕੱਟੇ ਹੋਏ ਮਾਇਆਵਈ ਸਿਰ ਨੂੰ ਸਾਹਮਣੇ ਦੇਖ ਕੇ ਅਸ਼ੋਕ ਵਾਟਿਕਾ ਵਿਚ ਸੀਤਾ ਦਾ ਦਿਲ ਚੀਰ ਵਿਰਲਾਪ ਰਾਮ ਕਥਾ ਦੇ ਮਨ ਨੂੰ ਛੂਹਣ ਵਾਲੇ ਅਤੇ ਕਰੁਣਾ-ਪੂਰਨ ਪ੍ਰਸੰਗ ਹਨ। ਤੁਲਸੀ ਦੇ ਦਸ਼ਰਥ ਤਾਂ ਪੁੱਤਰ ਵਿਯੋਗ ਵਿਚ 'ਰਾਮ ਰਾਮ ਕਹਿ ਕੇ' ਪ੍ਰਾਣ ਤਿਆਗ ਦਿੰਦੇ ਹਨ। (ਮਾਨਸ, ਅਯੋਧਿਆ ਕਾਂਡ : 155) ਅਤੇ ਇਸ ਘਟਨਾ ਦਾ ਕਾਰਨ ਇਸਤਰੀ ਦੇ ਵਿਸ਼ਵਾਸ-ਘਾਤ (ਉਹੀ 29) ਜਾਂ ਹੋਣਹਾਰ (ਉਹੀ 36) ਆਦਿ ਨੂੰ ਬਣਾਉਂਦੇ ਹਨ। ਉੱਥੇ ਉਨ੍ਹਾਂ ਦੀ ਮਿਰਤੂ ਦਾ ਕਾਰਨ ਪੁੱਤਰ-ਪ੍ਰੇਮ ਤੋਂ ਪੈਦਾ ਦੁੱਖ ਹੀ ਅਧੀਕ ਹੈ। ਬਾਲਮੀਕ ਨੇ ਇਸ ਪ੍ਰਸੰਗ ਨੂੰ ਹੋਰ ਵੀ ਜ਼ਿਆਦਾ ਮਨੋ-ਵਿਗਿਆਨਕ ਬਣਾ ਦਿੱਤਾ ਹੈ। ਰਾਜਾ ਕੇਵਲ ਪੁੱਤਰ-ਵਿਯੋਗ ਤੋਂ ਹੀ ਦੁੱਖੀ ਨਹੀਂ ਹੈ, ਸਗੋਂ ਉਹ ਇਸ ਗਿਲਾਨੀ ਤੋਂ ਵੀ ਸੜ ਰਹੇ ਹਨ ਕਿ ਉਨ੍ਹਾਂ ਨੇ ਇਸਤਰੀ ਅਤੇ ਕਾਮ-ਵੱਸ ਹੋ ਕੇ ਪਿਆਰੇ ਪੁੱਤਰ ਨੂੰ ਜੰਗਲ ਵਿਚ ਭੇਜ ਦਿੱਤਾ। ਜਦੋਂ ਸਵਰਗ ਵਿਚ ਦੇਵਤਿਆਂ ਨੂੰ ਇਸ ਦਾ ਪਤਾ ਲੱਗੇਗਾ ਤਾਂ ਉਹ ਕੀ ਕਹਿਣਗੇ ? ਭਾਈ ਸੰਤੋਖ ਸਿੰਘ ਦੇ ਅਨੁਵਾਦ ਵਿਚ ਕਰੁਣਾ ਦੀ ਇਹ ਧਾਰਾ ਉਸੀ ਵੇਗ ਵਿਚ ਪ੍ਰਵਾਹ ਹੋਈ ਹੈ, ਜਿੰਨੀ ਬਾਲਮੀਕ ਵਿਚ। ਉਨ੍ਹਾਂ ਨੇ ਦਸ਼ਰਥ ਦੀ ਮਾਨਸਿਕ ਸਥਿਤੀ ਦਾ ਵੀ ਵੈਸਾ ਹੀ ਮਨੋਵਿਗਿਆਨਕ ਚਿਤਰਣ ਕੀਤਾ ਹੈ।

ਭਾਈ ਸੰਤੋਖ ਸਿੰਘ ਨੇ ਉਸ ਪ੍ਰਸੰਗ ਦਾ ਅਨੁਵਾਦ ਇਸ ਪ੍ਰਕਾਰ ਕੀਤਾ ਹੈ :

ਕੇਤਿਕ ਬੇਗਿ ਬੰਤੇਕ ਕਹਿ ਤਾਂਹੀ। ਹੇ ਦੁਰਮਤੇ ਕਸ਼ਟ ਉਪਜਾਂਹੀ ॥
ਰਾਮ ਗਏ ਬਨ ਮਮ ਮ੍ਰਿਤ ਹੋਹੀ। ਪੂਰਨ ਹੋਹਿ ਕਾਮਨਾ ਤੋਹੀ। 5।
ਰਾਜ ਤਿਲਕ ਹੁਇ ਰਾਮ ਕੋ ਸੁਧ ਪਹੁੰਚੀ ਸੁਰਲੋਕ।
ਕਯਾ ਕਰਿਹੋਂ ਮੈਂ ਜਗਤ ਕੇ ਨਿੰਦਕ ਰਹਿ ਸਭਿ ਲੋਕ। 6।
ਕੈਕਈ ਕੇ ਬਸ ਹੋਇ ਕੇ ਰਾਮ ਦਯੋ ਬਨਬਾਸ।
ਅਸ ਕਹਿ ਨਰ ਮਿਲਿ ਪਰਸਪਰਿ ਕਰਹਿ ਮੋਹਿ ਉਪਹਾਸ। 7।
ਯਾ ਬਿਨੁ ਜੈਸੇ ਸਾਚ ਉਬਾਚੋਂ। ਕੋਇ ਨ ਲਖਹਿ ਮੋਹਿ ਬਚਿ ਸਾਚੋ।
ਸੁਤ ਬਿਨੁ ਮੈਂ ਕਿਯ ਖੇਦ ਪ੍ਰਯਾਸਾ। ਭਾ ਤਬਿ ਪੂਤ ਰਾਮ ਸੁਖਰਾਸਾ। 8।
ਕ੍ਰੋਧ ਜੀਤ ਵਿਦਵਾਨ ਜੁ ਸੂਰਾ। ਮਹਾ ਤੇਜ ਮਹਿ ਜਿਹ ਤਨ ਪੂਰਾ।
ਮਨ ਸੇਵਾ ਤਤਪਰਿ ਦਿਨ ਰਾਤੀ। ਕਮਲ ਪਤ੍ਰ ਲੋਚਨ ਯਖਯਾਤੀ। 9।
ਕਸ ਅਸ ਰਾਕ ਦੇਉਂ ਬਨਵਾਸਾ। ਤਯਾਗਨਿ ਕਰਿਵ ਆਪਨੇ ਪਾਸਾ।
ਇੰਦੀਵਰ ਸਯਾਮ ਸਲੋਕਾ। ਦੀਰਘਬਾਹੂ ਮ੍ਰਿਦੂ ਜਨੁ ਦੋਨਾ। 10।
ਰਾਮਚੰਦ ਸੁੰਦਰਿ ਤਨ ਐਸੇ। ਦੰਡਕ ਬਨ ਰਾਮਨੇ ਕਹੁ ਕੈਸੇ।
ਦੁਖ-ਅਨੁਚਿਤ ਉਚਤੈ ਅਤਿਸੁਖ ਕੋ। ਕਸ ਮੈਂ ਪਿਖੋਂ ਰਾਮ ਕੇ ਦੁਖ ਕੋ। 11।
ਬ੍ਰਿਹ ਦੁਖ ਦੇਖਨਿ ਤੇ ਪੂਰਾ ਛੂਟਿ ਜਾਈ ਜੇ ਪ੍ਰਾਨਾ।
ਬੜੀ ਬਾਤਿ ਮੋ ਕਉ ਭਲੀ ਹੋ ਇਨ ਕਸਟ ਮਹਾਨਾ। 12।

(ਅਯੋਧਿਆ ਕਾਂਡ, ਸਰਗ 13)

ਰਾਮ ਦੇ ਚਰਿੱਤਰ, ਸੀਤਾ ਦੇ ਵਿਯੋਗ ਅਤੇ ਲਛਮਣ ਦੇ ਕ੍ਰੋਧ ਦੇ ਪ੍ਰਸੰਗਾਂ ਦੇ ਤੁਲਨਾਤਮਿਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਅਨੁਵਾਦ ਵਿਚ ਕਿਧਰੇ ਵੀ ਸਿਥਲਤਾ ਨਹੀਂ ਹੈ। ਭਾਵਾਂ ਵਿਚ ਵੈਸੀ ਹੀ ਸਜੀਵਤਾ ਅਤੇ ਮਾਰਮਿਕਤਾ ਹੈ ਜੈਸੀ 'ਬਾਲਮੀਕੀ ਰਾਮਾਇਣ' ਵਿਚ। 'ਬਾਲਮੀਕੀ ਰਾਮਾਇਣ' ਦਾ ਐਸਾ ਸਰਸ ਅਤੇ ਸੁੰਦਰ ਅਨੁਵਾਦ ਹੋਰ ਕਿਧਰੇ ਦੁਰਲੱਭ ਹੈ। ਇਸ ਵਿਚ ਪਾਤਰਾਂ ਦੇ ਚਰਿੱਤਰ-ਚਿੱਤਰਣ ਕਥਾ ਦਾ ਸਰੂਪ, ਭਾਵਾਂ ਦੀ ਵਿਅੰਜਨਾ ਅਤੇ ਵਸਤੂ-ਵਰਣਨ ਬਿਲਕੁਲ 'ਬਾਲਮੀਕੀ ਰਮਾਇਣ' ਦੇ ਅਨੁਸਾਰ ਹੈ। ਇੱਥੋਂ ਤਕ ਕਿ ਉਪਮਾਨ-ਯੋਜਨਾ ਵੀ ਵੈਸੀ ਹੀ ਹੈ।

ਅਨੁਵਾਦ ਹੋਣ ਕਾਰਨ ਇਸ ਰਚਨਾ ਵਿਚ ਭਾਈ ਸੰਤੋਖ ਸਿੰਘ ਦੀ ਕਾਵਿ ਪ੍ਰਤਿਭਾ ਲਈ ਆਪਣੀ ਕਲਪਣਾ ਦਾ ਚਮਤਕਾਰ ਵਿਖਾਉਣ ਦਾ ਮੌਕਾ ਘੱਟ ਸੀ, ਫਿਰ ਵੀ ਉਨ੍ਹਾਂ ਦੀ ਕਾਵਿ-ਪ੍ਰਤਿਭਾ, ਕਲਪਨਾ-ਸ਼ਕਤੀ ਅਤੇ ਅਨੁਭਵ ਦੀ ਤੀਬਰਤਾ ਦੇ ਦਰਸ਼ਨ ਇਸ ਗ੍ਰੰਥ ਵਿਚ ਕਿਧਰੇ ਵੀ ਕੀਤੇ ਜਾ ਸਕਦੇ ਹਨ। ਜੇਕਰ ਉਨ੍ਹਾਂ ਵਰਣਨਾਂ ਵਿਚ ਉਨ੍ਹਾਂ ਨੂੰ ਬਾਲਮਿਕ ਦਾ ਰਿਣੀ ਮੰਨਿਆ ਜਾਵੇ ਤਾਂ ਗੁਰੂ ਸਾਹਿਬਾਨਾਂ ਦੇ ਗੁਣ ਗਾਣ ਅਤੇ ਬੰਦਨਾ ਦੇ ਪ੍ਰਸੰਗਾਂ ਵਿਚ ਤਾਂ ਬਿਲਕੁਲ ਉਨ੍ਹਾਂ ਦੀ ਮੌਲਿਕਤਾ ਹੈ। ਉਨ੍ਹਾਂ ਵਿਚ ਇਨ੍ਹਾਂ ਦੀ ਉੱਚ ਕਾਵਿ-ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰਤਾ ਅਤੇ ਉਨ੍ਹਾਂ ਦੀ ਸੁੰਦਰਤਾ ਸੰਬੰਧੀ ਇਕ ਕਬਿੱਤ ਇੱਥੇ ਦਿੱਤਾ ਜਾ ਰਿਹਾ ਹੈ :

ਰਿਪਨੁ ਕੋ ਤਾਪ ਦੇਤਿ, ਲੇਤਿ ਹੈ ਪ੍ਰਤਾਪ ਪੁੰਜ,
ਕਾਇਰਤਾ ਦੇਤਿ ਜਬਿ ਲੇਤਿ ਪ੍ਰਾਨ ਜੋਧ ਕੋ।
ਧੀਰਜ ਕੋ ਲੇਤਿ ਹੈ ਅਧੀਰਜ ਕੋ ਦੇਤਿ ਉਰ,
ਬੁਧੀ ਬੋਧ ਲੇਤਿ ਆਪ ਦੇਤਿ ਹੈ ਅਬੋਧ ਕੋ।
ਲੇਤਿ ਬਿਜੈ ਲਛਮੀ ਪਰਾਜੈ ਅਰਿ ਦੇਤਿ,
ਜਬਿ ਤੀਰਨ ਕੀ ਚੋਟ ਦੇਤਿ ਲੇਤਿ ਪ੍ਰਾਨ ਜੋਧ ਕੋ।
ਸ੍ਰੀ ਗੋਵਿੰਦ ਸਿੰਘ ਜੁੱਧ ਰਚਯੋ ਹੈ ਬਜਾਰ ਕਿਧੋਂ,
ਕਰਤਿ ਬਨਜ ਲਾਭਵਾਰ ਸੋਧਿ ਸੋਧਿ ਕੋ॥

(ਵਾ. ਰਾ. ਭਾਸ਼ਾ, ਕਿ. ਕਾ. ਸਰਗ 61)

ਇਹ ਅਲੰਕਾਰਮਈ ਵਰਣਨ ਹਿੰਦੀ ਦੇ ਕਿਸੇ ਵੀ ਮਹਾਂਕਵੀ ਦੇ ਸਾਹਮਣੇ ਰਖਿਆ ਜਾ ਸਕਦਾ ਹੈ। ਇਸੀ ਪ੍ਰਕਾਰ ਗੁਰੂ ਨਾਨਕ ਅਵਤਾਰ ਦੀ ਕੱਤਕ-ਪੂਰਨਮਾਸ਼ੀ ਦੀ ਚਾਣਨੀ ਰਾਤ ਦਾ ਵਰਣਨ ਕਰਦੇ ਹੋਏ ਉਹ ਲਿਖਦੇ ਹਨ, 'ਪੂਰਨਮਾਸ਼ੀ ਦੀ ਇਹ ਚਾਣਨੀ ਰਾਤ ਅਸਲ ਵਿਚ ਚਾਣਨੀ ਰਾਤ ਨਹੀਂ ਹੈ, ਸਗੋਂ ਗੁਰੂ ਨਾਨਕ ਦੀ ਸ਼ੋਭਾ ਰਾਣੀ ਦੀ ਸਜੀ ਹੋਈ ਸੇਜ ਹੈ। ਵਿਖਾਈ ਦੇ ਰਿਹਾ ਨੀਲਾ ਅਕਾਸ਼, ਅਕਾਸ਼ ਨਹੀਂ, ਸਗੋਂ ਉਸ ਸੇਜ ਦਾ ਨੀਲਾ ਬਿਸਤਰ ਹੈ। ਪੂਰਨ ਚੰਦ, ਚੰਦਰਮਾ ਨਹੀਂ, ਸਗੋਂ ਉਸ ਸੇਜ ਉੱਤੇ ਰਖੀ ਹੋਈ ਸ਼ੋਭਾ ਰਾਣੀ ਦੇ ਸ਼ਿੰਗਾਰ ਦੀ ਪਿਟਾਰੀ ਹੈ ਅਤੇ ਇਸ ਪਿਟਾਰੀ ਵਿਚ ਰਖੀ ਹੋਈ ਕਸਤੂਰੀ ਵਿਖਾਈ ਦੇ ਰਹੀ ਹੈ, ਵਿਅਰਥ ਵਿਚ ਲੋਕ ਉਸ ਨੂੰ ਚੰਦਰਮਾ

ਦਾ ਕਲੰਕ ਕਹਿੰਦੇ ਹਨ। ਤਾਰਿਆਂ ਦੀ ਡਾਰ ਉਸ ਸੇਜ ਕੋਲ ਬਿਖਰੀਆਂ ਮਲਿਕਾਂ ਦੀਆਂ ਕਲੀਆਂ ਹਨ, ਵੇਖੋ :

ਸ੍ਰੀ ਗੁਰੂ ਨਾਨਕ ਕੀਰਤਿ ਰਾਨੀ ਕੀ ਸੇਜ ਸੁਹਾਈ ਅਕਾਸ ਨਹੀਂ।
ਛਾਈ ਨੀਲਾਂਬਰ ਸੋ ਨਹਿੰ ਸਯਾਮਤਾ ਪਾਸ ਪਿਟਾਰੀ ਨ ਚੰਦ ਤੇਹੀ ॥
ਤਾ ਮਧ ਪਾਈ ਮ੍ਰਿਗਮਦ ਦੀਸਤ ਹੈ ਨਾ ਕਲੰਕ ਨਿਸੰਕ ਬਹੀ।
ਹੈ ਕਾਲਕਾ ਮਲਕਾ ਕੀ ਬਿਖੇਰੀ ਉਡਾਰਨ ਪਾਤਿ ਨ ਜਾਨੀ ਸਹੀ ॥

ਕਿਤਨੀ ਮਨੋਹਰ ਅਤੇ ਮੌਲਿਕ ਕਲਪਨਾ ਹੈ। ਅਲੰਕਾਰਮਈ ਹੁੰਦੇ ਹੋਏ ਵੀ ਇਸ ਵਿਚ ਕਠਿਨਤਾ ਨਹੀਂ ਹੈ।

ਭਾਈ ਉਦੈ ਸਿੰਘ ਦੇ ਬੰਸ, ਉਸ ਦੇ ਜੱਸ, ਯੁੱਧਵੀਰਤਾ, ਗਿਆਨ-ਸ਼ੀਲਤਾ, ਗੁਣ-ਗ੍ਰਹਿਣਤਾ, ਬੁੱਧੀਮਤਾ ਅਤੇ ਭਗਤੀ-ਭਾਵਨਾ ਦਾ ਵਰਣਨ ਇਕ ਹੀ ਛੰਦ ਵਿਚ ਯੋਗਤਾ-ਪੂਰਨ ਕੀਤਾ ਗਿਆ ਹੈ। ਕੈਥਲ ਨਗਰ ਦਾ ਵਰਣਨ ਕਰਦੇ ਹੋਏ ਉਸ ਦੀ ਸ਼ੋਭਾ ਅਤੇ ਪਵਿੱਤਰਤਾ ਉੱਤੇ ਵੀ ਪ੍ਰਕਾਸ਼ ਪਾਇਆ ਹੈ। ਜਿਵੇਂ :

ਤੀਰ ਤੀਰ ਤੀਰਥ ਕੀ ਭੀਰ ਬੜ ਪੀਟ ਹਰਿ,
    ਨੀਰ ਭਰੇ ਸੁੰਦਰ ਸੁਹਾਵਤੀ ਸੁਪਾਨ ਕੀ।
ਸੰਤ ਹੈ ਮਹੰਤ ਭਗਵੰਤ ਕੀ ਭਗਤਿਵੰਤਿ,
    ਅੰਤਕ ਕੇ ਅੰਤ ਕੋ ਨਾ ਪਾਇ ਪਰਿਪ੍ਰਾਨ ਕੀ।
ਪਰਮ ਪਵਿਤ੍ਰ ਹੈ ਵਚਿਤ੍ਰ ਦੇਵਤਾਨਿ ਥਾਨ,
    ਜਤ੍ਰ ਤਤ੍ਰ ਚਿਤ੍ਰ ਚਿਤ੍ਰ ਦੇਤਿ ਮਤਿ ਸਯਾਨ ਕੀ।
ਉਪਮਾ ਮਹਾਨ ਕੀਨ ਆਨ ਮੇਂ ਸਮਾਨ ਕੀ,
    ਪੁਰਾਣ ਮੇਂ ਪ੍ਰਮਾਨ ਕੀ ਸੁਕੈਥਲ ਸਥਾਨ ਕੀ ॥ 159 ॥

(ਵਾ. ਰਾ. ਭਾਸ਼ਾ ਲੰਕਾ ਕਾਂਡ, ਸਰਗ 141)

ਜਦੋਂ ਕਿ ਉਨ੍ਹਾਂ ਦੀ ਇਸ ਰਚਨਾ ਵਿਚ ਥਾਂ ਥਾਂ ਉੱਥੇ ਉਪਮਾ, ਰੂਪਕ, ਉਤਪ੍ਰੇਖਿਆ, ਅਤਿਕਥਨੀ, ਯਮਕ ਅਤੇ ਅਨੁਪ੍ਰਾਸ ਦੀ ਸੁੰਦਰਤਾ ਵੇਖੀ ਜਾ ਸਕਦੀ ਹੈ, ਫਿਰ ਵੀ ਸ਼ੈਲੀ, 'ਬਾਲਮੀਕੀ ਰਾਮਾਇਣ' ਵਾਂਗ ਸੁਭਾਵਿਕ ਹੈ। ਉਸ ਵਿਚ ਬਨਾਵਟ ਨਹੀਂ। ਇਹ ਸੰਪੂਰਨ ਗ੍ਰੰਥ ਦੋਹਾ-ਚੌਪਈ ਵਿਚ ਲਿਖਿਆ ਗਿਆ ਹੈ। ਵਿਚ ਵਿਚ ਕਬਿੱਤ ਸਵੈਯਾ, ਸੋਰਠਾ, ਛਪੈ ਆਦਿ ਛੰਦਾਂ ਦਾ ਵੀ ਰਸ ਅਤੇ ਪ੍ਰਸੰਗ ਦੇ ਅਨੁਸਾਰ ਪ੍ਰਯੋਗ ਹੋਇਆ ਹੈ। ਭਾਸ਼ਾ ਉੱਤੇ ਉਨ੍ਹਾਂ ਦਾ ਪੂਰਾ ਅਧਿਕਾਰ ਹੈ। ਜਿਸ ਵਿਚ ਪ੍ਰਸੰਗ ਅਨੁਸਾਰ ਮਿਠਾਸ ਓਜ ਅਤੇ ਰਸ ਹੈ। ਮਨੋਵੇਗਾਂ ਨੂੰ ਚਿੱਤਰਣ ਕਰਨ ਦੀ ਸ਼ਕਤੀ ਹੈ। ਭਾਸ਼ਾ, ਬ੍ਰਜ ਹੁੰਦੇ ਹੋਏ ਵੀ ਉਸ ਵਿਚ ਅਵਧੀ ਦੀ ਝਲਕ ਹੈ ਅਤੇ 'ਕਿਆ', 'ਕੇ' ਆਦਿ ਖੜੀ ਬੋਲੀ ਦੇ ਸ਼ਬਦਾਂ ਦਾ ਵੀ ਪ੍ਰਯੋਗ ਹੋਇਆ ਹੈ।

ਇਸ ਅਨੁਵਾਦ ਵਿਚ ਇਕ ਗੱਲ ਇਹ ਵੀ ਧਿਆਨ ਦੇਣ ਯੋਗ ਹੈ ਕਿ ਕਵੀ ਦੇ ਇਸ਼ਟ ਦੇਵ 'ਗੁਰੂ ਨਾਨਕ ਦੇਵ' ਅਤੇ ਹੋਰ ਸਿੱਖ ਗੁਰੂ ਸਾਹਿਬਾਨ ਹੀ ਹਨ, ਜਿਨ੍ਹਾਂ ਨੂੰ ਕਵੀ

ਨੇ ਬ੍ਰਹਮ ਰੂਪ, ਨਿਰਾਕਾਰ-ਆਕਾਰ ਅਤੇ ਜਗਤ-ਉਧਾਰ ਲਈ ਅਵਤਾਰ ਲੈਂਦੇ ਹੋਏ ਕਿਹਾ ਹੈ। ਰਾਮ-ਕਥਾ ਨੂੰ ਅਪਣਾ ਕੇ ਕਵੀ ਨੇ ਜਿੱਥੇ ਆਪਣੀ ਉਦਾਰਤਾ ਅਤੇ ਸਮਨਵੈ ਭਾਵਨਾ ਦੀ ਜਾਣਕਾਰੀ ਦਿੱਤੀ ਹੈ ਉੱਥੇ ਇਸ ਦੇ ਮਾਧਿਅਮ ਨਾਲ ਗੁਰੂ ਸਾਹਿਬਾਨਾਂ ਦਾ ਵਰਣਨ ਕਰਕੇ ਹਿੰਦੂਆਂ ਨੂੰ ਵੀ ਉਨ੍ਹਾਂ ਵਲ ਖਿੱਚਿਆ ਹੈ। ਉਨ੍ਹਾਂ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਜੋ ਵਿਅਕਤੀ ਹਿੰਦੂ ਹੋ ਕੇ ਵੀ ਗੁਰੂ ਸਾਹਿਬਾਨਾਂ ਦੇ ਉਪਕਾਰ ਨੂੰ ਵੇਖ ਕੇ ਉਨ੍ਹਾਂ ਦਾ ਭਜਨ ਨਹੀਂ ਕਰਦਾ, ਉਹ ਨੀਚ ਅਤੇ ਕ੍ਰਿਤਘਣ ਤੋਂ ਵੀ ਜ਼ਿਆਦਾ ਪਤਿਤ ਹੈ, ਜਿਵੇਂ :

ਹਿੰਦੂ ਜਨਮ ਹੁਇ ਜੌਨ, ਗੁਰ ਉਪਕਾਰ ਨ ਲਖਿ ਭਜੈ।
ਅਧਮ ਕ੍ਰਿਤਘਨੀ ਕੌਨ, ਤਿਸ ਤੇ ਪਰੇ ਵਿਚਾਰੀਏ।

(ਵਾ. ਰਾ. ਭਾਸ਼ਾ, ਲੰਕਾ ਕਾਂਡ, ਸਰਗ 1)

## (5) ਗੁਰ ਪ੍ਰਤਾਪ ਸੂਰਜ

'ਗੁਰ ਪ੍ਰਤਾਪ ਸੂਰਜ' ਭਾਈ ਸੰਤੋਖ ਸਿੰਘ ਦੀ ਆਖ਼ਰੀ ਅਤੇ ਸਰਵੋਤਮ ਰਚਨਾ ਹੈ। ਇਸ ਗ੍ਰੰਥ ਦਾ ਆਰੰਭ ਕੈਥਲ ਵਿਚ ਸੰਮਤ 1893 ਵਿਚ ਹੋਇਆ ਅਤੇ ਉਥੇ ਹੀ ਸੰਮਤ 1900 ਵਿਚ ਇਹ ਗ੍ਰੰਥ ਸੰਪੂਰਨ ਹੋਇਆ। ਇਸ ਪ੍ਰਕਾਰ ਇਹ ਉਨ੍ਹਾਂ ਦੇ ਸੱਤ ਅੱਠ ਵਰਿਆਂ ਦੀ ਨਿਰੰਤਰ ਸਾਧਨਾ ਦਾ ਫਲ ਹੈ।

ਇਹ ਇਕ ਵੱਡ-ਆਕਾਰੀ ਰਚਨਾ ਹੈ। ਇਸ ਵਿਚ 20 ਅਧਿਆਇ, 1151 ਅੰਸ਼ੂ ਅਤੇ 51829 ਛੰਦ ਹਨ। ਸੰਪੂਰਨ ਕਥਾਨਕ ਸੂਰਜ ਦੀ ਗਤੀ ਦੇ ਆਧਾਰ ਤੇ 12 ਰਾਸ਼ੀਆਂ, 6 ਰਿਤੂਆਂ ਅਤੇ 2 ਐਨ ਵਿਚ ਵੰਡਿਆ ਹੈ। ਉਨ੍ਹਾਂ ਨੂੰ ਫਿਰ ਸੂਰਜ ਦੀਆਂ ਕਿਰਨਾਂ ਦੇ ਆਧਾਰ ਤੇ 'ਅੰਸ਼ੂਆਂ' ਵਿਚ ਵੰਡ ਕੀਤੀ ਗਈ ਹੈ। ਰਚਨਾ ਦੇ ਨਾਮਕਰਨ ਅਤੇ ਉਨ੍ਹਾਂ ਦੇ ਰਚਨਾ-ਵਿਧਾਨ ਵਿਚ ਇਕ ਸੁੰਦਰ ਰੂਪਕ ਦੀ ਕਲਪਨਾ ਕੀਤੀ ਗਈ ਹੈ। ਕਵੀ ਦੇ ਅਨੁਸਾਰ ਸਿੱਖ ਗੁਰੂ-ਸਾਹਿਬਾਨਾਂ ਦੇ ਪ੍ਰਤਾਪ ਅਤੇ ਗਿਆਨ ਰੂਪੀ ਸੂਰਜ ਦੀਆਂ ਕਿਰਨਾਂ ਸੰਪ੍ਰਦਾਇਕ ਅੰਧ-ਵਿਸ਼ਵਾਸਾਂ, ਧਾਰਮਿਕ-ਸੰਕੀਰਣਤਾ, ਭਰਮ, ਪਾਖੰਡ, ਅਗਿਆਨ, ਅਸਤਿ, ਅਨਿਆਇ ਅਤੇ ਅਤਿਆਚਾਰ ਆਦਿ ਦੇ ਹਨੇਰੇ ਤੋਂ ਦੂਰ ਕਰਨ ਵਾਲੀਆਂ ਹਨ, ਉਨ੍ਹਾਂ ਤੋਂ ਸੱਜਣ ਰੂਪੀ ਕਮਲ-ਸਮੂਹ ਵਿਕਸਤ ਹੋ ਉਠਦੇ ਹਨ ਅਤੇ ਜਿਗਿਆਸੀ ਭੌਰੇ ਆਲੇ ਦੁਆਲੇ ਘੁੰਮਦੇ ਹਨ।

ਕਵੀ ਨੇ ਤੁਰਕੇਸ਼, ਨੌਰੰਗ (ਔਰੰਗਜ਼ੇਬ) ਉਮਰਾਵਾਂ, ਮੁਲਾਨਿਆਂ ਅਤੇ ਸ਼ਰਹਾ ਆਦਿ ਦੇ ਸ਼ੋਭਾਹੀਨ ਹੋਣ ਤੇ ਅਤੇ ਹਿੰਦੂਆਂ ਦੇ ਸੁੱਖ ਪ੍ਰਾਪਤ ਕਰਨ ਦਾ ਵਿਸ਼ੇਸ਼ ਰੂਪ ਵਿਚ ਵਰਣਨ ਕੀਤਾ ਹੈ, ਜੋ ਉਸ ਯੁੱਗ ਦੀ ਰਾਜਨੀਤਿਕ ਅਤੇ ਧਾਰਮਿਕ ਪਰਸਥਿਤੀਆਂ ਦੇ ਪ੍ਰਤੀ ਚੇਤੰਨਤਾ ਅਤੇ ਰਾਸ਼ਟਰੀ, ਸਭਿਆਚਾਰਿਕ ਚੇਤਨਾ ਨੂੰ ਪ੍ਰਗਟ ਕਰਦਾ ਹੈ।

ਸੰਸਕ੍ਰਿਤ ਵਿਚ ਮਹਾਂ ਕਾਵਿਆਂ ਨੂੰ 'ਸਰਗਾਂ' ਵਿਚ ਅਤੇ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਵਿਚ 'ਆਸਵਾਸ', 'ਕੜਵਕ', 'ਪਰਿਛੇਦ' ਆਦਿ ਵਿਚ ਵੰਡ ਕਰਨ ਦੀ ਪਰੰਪਰਾ ਸੀ। ਭਾਈ ਸੰਤੋਖ ਸਿੰਘ ਨੇ ਇਨ੍ਹਾਂ ਦੀ ਥਾਂ ਉੱਤੇ 'ਰਾਸ਼ੀ', 'ਰਿਤੂ' ਅਤੇ 'ਐਨ' ਦਾ ਪ੍ਰਯੋਗ ਕੀਤਾ ਹੈ। ਜਿਸ ਪ੍ਰਕਾਰ ਸੰਸਕ੍ਰਿਤ ਕਾਵਿ ਵਿਚ 'ਸੰਧੀਆਂ' ਦਾ ਪ੍ਰਯੋਗ ਹੁੰਦਾ ਸੀ,

ਉਸ ਪ੍ਰਕਾਰ ਉਨ੍ਹਾਂ ਨੇ 'ਅੰਸੁ' ਦਾ ਪ੍ਰਯੋਗ ਕੀਤਾ ਹੈ। ਇਨ੍ਹਾਂ ਦੇ ਨਾਮਕਰਨ ਅਤੇ ਅਧਿਆਇਆਂ ਦੀ ਵੰਡ ਕਰਨ ਵਿਚ ਇਕ ਸੁੰਦਰ ਰੂਪਕ ਦੀ ਯੋਜਨਾ ਕੀਤੀ ਗਈ ਹੈ। ਸਵਯੰਭੂ ਨੇ 'ਪਉਮਚਰਿਉ' ਵਿਚ ਰਾਮ ਕਥਾ ਦਾ 'ਸਰਿਤਾ' ਦੇ (1/2) ਅਤੇ ਗੋਸਵਾਮੀ ਤੁਲਸੀ ਦਾਸ ਨੇ 'ਰਾਮ ਚਰਿਤ ਮਾਨਸ' ਵਿਚ 'ਸਰੋਵਰ' (ਬਾਲ ਕਾਂਡ 37) ਦੇ ਰੂਪ ਵਿਚ ਵਰਣਨ ਕੀਤਾ ਹੈ। ਭਾਈ ਸੰਤੋਖ ਸਿੰਘ ਨੇ ਗੁਰੂ ਕਥਾ ਨੂੰ ਗੰਗਾ ਦੇ ਸਮਾਨ ਪਵਿੱਤਰ ਦੱਸਦੇ ਹੋਏ ਇਕ ਸੁੰਦਰ ਰੂਪਕ ਦੀ ਯੋਜਨਾ ਕੀਤੀ ਹੈ।

'ਗੁਰ ਪ੍ਰਤਾਪ ਸੂਰਜ' ਧਾਰਮਿਕ ਭਾਵਨਾ ਤੋਂ ਪ੍ਰੇਰਿਤ ਇਕ ਕ਼ਥਾ ਪ੍ਰਧਾਨ 'ਚਰਿੱਤ-ਕਾਵਿ' ਹੈ। ਅਪਭ੍ਰੰਸ਼ ਵਿਚ ਜੈਨ ਕਵੀਆ ਨੇ ਅਨੇਕ ਐਸੇ ਕਾਵਿਆਂ ਦੀ ਰਚਨਾ ਕੀਤੀ ਸੀ ਜਿਨ੍ਹਾਂ ਵਿਚ ਕਿਸੀ ਮਹਾਂਪੁਰਸ਼ ਦੇ ਚਰਿੱਤਰ ਦੇ ਮਾਧਿਅਮ ਦੁਆਰਾ ਜੈਨ ਮਤ ਦੇ ਧਾਰਮਿਕ ਸਿਧਾਂਤਾਂ ਦਾ ਵਰਣਨ ਕੀਤਾ ਗਿਆ ਸੀ। 'ਗੁਰ ਪ੍ਰਤਾਪ ਸੂਰਜ' ਇਸੇ ਪ੍ਰਕਾਰ ਦੀ ਰਚਨਾ ਹੈ। ਇਸ ਵਿਚ ਗੁਰੂ ਨਾਨਕ ਅਤੇ ਹੋਰ ਨੌਂ ਸਿੱਖ ਗੁਰੂਆਂ ਦਾ ਜੀਵਨ ਚਰਿੱਤਰ ਅਤਿਅੰਤ ਵਿਸਥਾਰ ਨਾਲ ਵਰਣਨ ਹੋਇਆ ਹੈ। ਨਾਲ ਹੀ ਗੁਰੂਆਂ ਦੇ ਧਾਰਮਿਕ ਅਤੇ ਸਮਾਜਿਕ ਵਿਚਾਰਾਂ ਦਾ ਵਰਣਨ ਵਿਸ਼ਾਲਤਾ ਨਾਲ ਕੀਤਾ ਗਿਆ ਹੈ।

ਕਥਾ-ਪ੍ਰਧਾਨ ਕਾਵਿ ਧਰਮ ਪ੍ਰਚਾਰ ਦਾ ਅਤਿਅੰਤ ਸ਼ਕਤੀਸ਼ਾਲੀ, ਸਰਲ ਅਤੇ ਰਸਮਈ ਸਾਧਨ ਹੈ। ਜਾਤਕ ਕਥਾਵਾਂ ਅਤੇ ਪੌਰਾਣਿਕ ਕਥਾਵਾਂ ਦੇ ਮਾਧਿਅਮ ਦੁਆਰਾ ਧਰਮ ਪ੍ਰਚਾਰ ਨੂੰ ਜੋ ਸਫਲਤਾ ਪ੍ਰਾਪਤ ਹੋਈ ਹੈ, ਉਹ ਇਸ ਦਾ ਸਪੱਸ਼ਟ ਉਦਾਹਰਣ ਹੈ। ਜੈਨ ਕਵੀਆਂ ਨੇ ਆਪਣੇ ਧਾਰਮਿਕ ਅਤੇ ਨੈਤਿਕ ਸਿਧਾਂਤਾਂ ਦੇ ਵਰਣਨ ਦਾ ਮੁੱਖ ਸਾਧਨ ਕਥਾ-ਕਾਵਿਆਂ ਨੂੰ ਹੀ ਬਣਾਇਆ ਸੀ। ਰਾਮ ਭਗਤੀ ਦੇ ਪ੍ਰਚਾਰ ਦਾ ਵੀ ਜ਼ਿਆਦਾ ਸਿਹਰਾ 'ਰਾਮ ਚਰਿਤ ਮਾਨਸ' ਨੂੰ ਹੀ ਹੈ। 'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਐਸੇ ਹੀ ਕਾਵਿ-ਗ੍ਰੰਥ ਹਨ। ਇਨ੍ਹਾਂ ਵਿਚ ਗੁਰੂਆਂ ਦੇ ਜੀਵਨ ਦੀ ਕਥਾ ਦਾ ਵਰਣਨ ਹੋਇਆ ਹੈ ਅਤੇ ਉਨ੍ਹਾਂ ਦੇ ਮਾਧਿਅਮ ਦੁਆਰਾ 'ਗੁਰਮਤਿ' ਦਾ ਪ੍ਰਚਾਰ ਕਰਨ ਦਾ ਸਫ਼ਲ ਯਤਨ ਕੀਤਾ ਗਿਆ ਹੈ। ਕੁਝ ਗ੍ਰੰਥਾਂ ਵਿਚ ਤਾਂ 'ਗੁਰਬਾਣੀ' ਵੀ ਆਈ ਹੈ ਜਿਸ ਦੀ ਉਚਿੱਤ ਕਥਾ-ਪ੍ਰਸੰਗਾਂ ਵਿਚ ਵਿਆਖਿਆ ਕੀਤੀ ਗਈ ਹੈ। ਭਾਈ ਸੰਤੋਖ ਸਿੰਘ ਇਕ ਲੋਕ-ਨਾਇਕ ਅਤੇ ਸਮਨਵੈਵਾਦੀ ਕਵੀ ਸਨ, ਇਹੀ ਕਾਰਨ ਹੈ ਕਿ ਆਪਣੇ ਦਾਇਰੇ ਅਨੁਸਾਰ ਇਨ੍ਹਾਂ ਕਾਵਿ-ਗ੍ਰੰਥਾਂ ਵਿਚ ਕੁਝ ਐਸੇ ਧਾਰਮਿਕ ਤੱਤ ਆ ਗਏ ਹਨ ਜੋ ਗੁਰਮਤਿ ਨਾਲ ਪੂਰੀ ਤਰ੍ਹਾਂ ਮਲ ਨਹੀਂ ਖਾਂਦੇ ਅਤੇ ਭਾਈ ਸੰਤੋਖ ਸਿੰਘ ਦੀ ਵਿਸ਼ਾਲ ਸਭਿਆਚਾਰਿਕ ਅਤੇ ਸਮਾਜਿਕ ਚੇਤਨਾ ਦੀ ਜਾਣਕਾਰੀ ਦੇਣ ਵਾਲੇ ਹਨ।

'ਗੁਰ ਪ੍ਰਤਾਪ ਸੂਰਜ' ਵੀ ਸ਼ਾਸਤਰੀ ਪੱਧਤੀ ਉੱਤੇ ਰਚਿਤ ਮਹਾਂ-ਕਾਵਿ ਹੈ। 'ਗੁਰ ਪ੍ਰਤਾਪ ਸੂਰਜ' ਦੇ ਵੀ ਆਰੰਭਕ 44 ਛੰਦਾਂ ਵਿਚ ਕ੍ਰਮਵਾਰ ਅਕਾਲ-ਪੁਰਖ, ਕਵੀ ਸੰਕੇਤ ਮਰਿਆਦਾ, ਸਰਵ ਗੁਰੂ ਨਾਨਕ, ਅੰਗਦ, ਅਮਰਦਾਸ, ਰਾਮਦਾਸ, ਅਰਜਨਦੇਵ, ਹਰਿਗੋਬਿੰਦ ਹਰਿ ਰਾਇ, ਹਰਿ ਕ੍ਰਿਸ਼ਨ, ਤੇਗ ਬਹਾਦਰ, ਗੋਬਿੰਦ ਸਿੰਘ, ਗਣਪਤੀ, ਬ੍ਰਹਮਾ, ਸੁਰਗੁਰੂ, ਬਾਲਮੀਕ, ਵਸ਼ਿਸ਼ਟ, ਇੰਦਰ, ਅਗਸਤ, ਵਿਆਸ, ਯੁਧਿਸ਼ਟਰ, ਰਾਮ ਚੰਦ੍ਰ, ਨਰਸਿੰਘ, ਘਨਸ਼ਿਆਮ, ਵਾਮਨ, ਦਸ਼ਰਥ, ਜਨਕ, ਗੋਰਖ, ਹਨੂਮਾਨ, ਖਾਲਸਾ,

ਗੁਰੂ ਕਥਾ ਮਹਿਮਾ ਆਦਿ ਨਾਲ ਸੰਬੰਧਿਤ ਮੰਗਲਾਚਰਣ ਹਨ। ਇਨ੍ਹਾਂ ਛੰਦਾਂ ਤੋਂ ਉਨ੍ਹਾਂ ਦੀ ਭਗਤੀ-ਭਾਵਨਾ, ਦਾਰਸ਼ਨਿਕ ਵਿਚਾਰ, ਅਵਤਾਰਵਾਦੀ ਭਾਵਨਾ ਵਿਚ ਵਿਸ਼ਵਾਸ, ਸਿੱਖ-ਗੁਰੂਆਂ ਅਤੇ ਖਾਲਸਾ ਪ੍ਰਤੀ ਸ਼ਰਧਾ ਦੇ ਨਾਲ ਹੀ ਪੌਰਾਣਿਕ ਪੁਰਸ਼ਾਂ ਪ੍ਰਤੀ ਸ਼ਰਧਾ, ਅਤੇ ਉਨ੍ਹਾਂ ਉੱਤੇ ਵੈਸ਼ਣਵ ਪ੍ਰਭਾਵ ਦੀ ਜਾਣਕਾਰੀ ਵੀ ਮਿਲ ਜਾਂਦੀ ਹੈ। ਇਨ੍ਹਾਂ ਵਿਚ ਕਵੀ ਨੇ ਸਲੇਸ, ਯਮਕ ਅਤੇ ਅਤਿਯਨੁਪ੍ਰਾਸਾਂ ਦੇ ਅਨੇਕ ਰੂਪਾਂ ਦਾ ਪ੍ਰਯੋਗ ਵੀ ਕੀਤਾ ਹੈ। ਇਨ੍ਹਾਂ ਵਿਚ ਕਵੀ ਦਾ ਭਾਸ਼ਾ ਉੱਤੇ ਅਧਿਕਾਰ, ਚਮਤਕਾਰ-ਪ੍ਰਦਰਸ਼ਨ, ਵਿਦਵਤਾ ਅਤੇ ਵਿਭਿੰਨ ਛੰਦਾਂ ਦੇ ਗਿਆਨ ਆਦਿ ਦੀ ਡੂੰਘੀ ਜਾਣਕਾਰੀ ਮਿਲਦੀ ਹੈ।

ਰੀਤੀ ਕਾਲ ਦੇ ਕਲਾ-ਪ੍ਰੇਮੀ ਅਲੰਕਾਰੀਆਂ ਦੇ ਲਈ, ਕਵੀ ਨੇ ਆਪਣੀ ਕਾਵਿ-ਪ੍ਰਤਿਭਾ ਅਤੇ ਸ਼ਾਸਤਰ-ਗਿਆਨ ਦੀ ਜਾਣਕਾਰੀ ਦੇਣ ਲਈ ਹੀ ਕੁਝ ਚਮਤਕਾਰ ਪੂਰਨ ਛੰਦਾਂ ਦੀ ਰਚਨਾ ਕੀਤੀ ਹੈ, ਨਹੀਂ ਤਾਂ ਇਹ ਸੰਪੂਰਨ ਗ੍ਰੰਥ ਅਤਿਅੰਤ ਸਰਲ, ਸੁਬੋਧ ਅਤੇ ਵਿਵਹਾਰਿਕ ਸ਼ੈਲੀ ਵਿਚ ਲਿਖਿਆ ਗਿਆ ਹੈ, ਜੋ ਬਿਲਕੁਲ ਧਰਮ ਪ੍ਰਧਾਨ ਕਥਾ ਕਾਵਿਆਂ ਦੇ ਅਨੁਕੂਲ ਹੈ।

**ਕਥਾ-ਸੁੰਦਰਤਾ**

'ਗੁਰ ਪ੍ਰਤਾਪ ਸੂਰਜ' ਇਕ ਕਥਾਵਿਸਥਾਰ ਵਾਲਾ ਪ੍ਰਬੰਧ-ਕਾਵਿ ਹੈ। ਇਸ ਵਿਚ ਭਾਈ ਰਾਮ ਕੁਇਰ ਅਤੇ ਗੁਰੂ ਨਾਨਕ ਅਵਤਾਰ ਦੀ ਸੰਖੇਪ ਕਥਾ ਦੇ ਬਾਅਦ ਹੋਰ ਨੌ ਸਿੱਖ ਗੁਰੂਆਂ ਅਤੇ ਬੰਦਾ ਬਹਾਦਰ ਦੀ ਜੀਵਨ-ਯਾਤਰਾ ਦਾ ਵਰਣਨ ਵਿਸਥਾਰ ਨਾਲ ਕੀਤਾ ਗਿਆ ਹੈ। ਇਸ ਗ੍ਰੰਥ ਦੀ ਕਥਾ ਗੁਰੂ ਅੰਗਦ ਦੇ ਗੁਰਗੱਦੀ ਉੱਤੇ ਬਿਰਾਜਮਾਨ ਹੋਣ ਤੋਂ ਸ਼ੁਰੂ ਹੁੰਦੀ ਹੈ ਅਤੇ ਗੁਰੂ ਗੋਬਿੰਦ ਸਿੰਘ ਦੇ ਦੱਖਣ ਵਲ ਜਾਣ ਅਤੇ ਉੱਥੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ (ਉਨ੍ਹਾਂ ਦੇ ਸਾਹਿਬਜਾਦੇ ਅਜੀਤ ਸਿੰਘ ਦੀ ਮੁਗਲਾਂ ਦੁਆਰਾ ਸ਼ਹੀਦੀ ਅਤੇ ਮਾਤਾ ਸੁੰਦਰੀ ਜੀ ਦਾ ਆਨੰਦਪੁਰ ਵਿਚ ਦੇਹਾਂਤ ਦੇ ਵਰਣਨ ਨਾਲ) ਸਮਾਪਤ ਹੁੰਦੀ ਹੈ। ਅੰਤ ਵਿਚ ਬੰਦਾ ਬਹਾਦੁਰ ਦਾ ਵਰਣਨ ਵੀ ਵਿਸਥਾਰ ਨਾਲ ਦਿੱਤਾ ਗਿਆ ਹੈ।

ਗੁਰੂ ਹਰਿ ਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਦੀ ਚਰਿੱਤਰ-ਗਾਥਾ ਨੂੰ ਸਭ ਤੋਂ ਅਧਿਕ ਵਿਸਥਾਰ ਦਿੱਤਾ ਗਿਆ ਹੈ, ਕਿਉਂਕਿ ਇਨ੍ਹਾਂ ਦੋਵੇਂ ਗੁਰੂਆਂ ਨੇ ਸਿੱਖ-ਮੱਤ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ ਹਨ ਅਤੇ ਉਨ੍ਹਾਂ ਨੇ ਨਵੀਆਂ ਸੰਭਾਵਨਾਵਾਂ ਵਲ ਮੁੱਖ ਕੀਤਾ ਹੈ। ਕਵੀ ਨੇ ਉਨ੍ਹਾਂ ਦੇ ਪਠਾਣਾਂ ਅਤੇ ਮੁਗਲਾਂ ਆਦਿ ਨਾਲ ਯੁੱਧ ਦਾ ਵਿਸ਼ਾਲਤਾ ਵਰਣਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਦੇ ਪਹਾੜੀ ਰਾਜਿਆਂ ਨਾਲ ਸੰਘਰਸ਼ਾਂ ਅਤੇ ਸ਼ਿਕਾਰ ਆਦਿ ਦਾ ਵੀ ਵਰਣਨ ਕੀਤਾ ਗਿਆ ਹੈ। ਇਨ੍ਹਾਂ ਦੋਵੇਂ ਗੁਰੂਆਂ ਦੁਆਰਾ ਬੀਰ-ਪਹਿਰਾਵਾ ਧਾਰਨ ਕਰਨ ਦੀ ਸਾਰਥਿਕਤਾ ਅਤੇ ਜ਼ਰੂਰਤ ਸਿੱਧ ਕਰਨ ਲਈ ਕਵੀ ਨੇ ਮੁਗਲ ਸ਼ਾਸ਼ਕਾਂ ਦੀਆਂ ਇਤਿਹਾਸਕ ਕਥਾਵਾਂ ਵੀ ਥਾਂ ਥਾਂ ਦਿੱਤੀਆਂ ਹਨ। ਹਿੰਦੂਆਂ ਪ੍ਰਤੀ ਉਨ੍ਹਾਂ ਦੇ ਕੌੜੇ ਰਵੱਈਏ ਦਾ ਵਰਣਨ ਵੀ ਕੀਤਾ ਗਿਆ ਹੈ ਅਤੇ ਇਸ ਦੀ ਪਿੱਠਭੂਮੀ ਵਿਚ ਗੁਰੂਆਂ ਨਾਲ ਉਨ੍ਹਾਂ ਦੇ ਸੰਬੰਧਾਂ ਨੂੰ ਪੇਸ਼ ਕੀਤਾ ਗਿਆ ਹੈ।

'ਗੁਰ ਪ੍ਰਤਾਪ ਸੂਰਜ' ਇਕ ਸਫ਼ਲ ਪ੍ਰਬੰਧ ਕਾਵਿ ਹੈ। ਕਥਾਨਕ ਵਿਚ ਸੰਬੰਧਤਾ, ਸੰਤੁਲਨ, ਪ੍ਰਵਾਹ ਅਤੇ ਰੌਚਕਤਾ ਬਣਾਈ ਰਖਣ ਲਈ ਕਵੀ ਨੇ ਕੁਸ਼ਲਤਾ ਤੋਂ ਕੰਮ ਲਿਆ ਹੈ। ਮੁੱਖ-ਕਥਾ ਗੁਰੂਆਂ ਦੇ ਚਰਿੱਤਰ ਨਾਲ ਹੀ ਸੰਬੰਧਿਤ ਹੈ, ਜਿਸ ਨੂੰ ਉਨ੍ਹਾਂ ਦੇ ਚਰਿੱਤਰ ਅਤੇ ਮਹੱਤਵ ਦੇ ਅਨੁਪਾਤ ਅਨੁਸਾਰ ਵਿਸਥਾਰ ਦਿੱਤਾ ਗਿਆ ਹੈ। ਮੁੱਖ ਕਥਾਨਕ ਵਿਚਕਾਰ ਅਨੇਕ ਪ੍ਰਸੰਗਕ ਕਥਾਵਾਂ ਵੀ ਆਈਆਂ ਹਨ। 'ਰਾਮਾਇਣ' 'ਮਹਾਂਭਾਰਤ' ਅਤੇ ਪੁਰਾਣਾਂ ਦੇ ਅਨੇਕ ਪ੍ਰਸੰਗ ਅੰਤਰ-ਕਥਾਵਾਂ ਦੇ ਰੂਪ ਵਿਚ ਆਏ ਹਨ। ਇਨ੍ਹਾਂ ਨਾਲ ਗੁਰੂਆਂ ਦੇ ਮਹੱਤਵ ਦੀ ਸਥਾਪਨਾ ਹੁੰਦੀ ਹੈ। ਸਿਧਾਂਤ ਦਾ ਸਪੱਸ਼ਟੀਕਰਣ ਹੁੰਦਾ ਹੈ ਅਤੇ ਕਵੀ ਦੀ ਸਮਨਵੈ-ਭਾਵਨਾ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਨਾਲ ਕਥਾਨਕ ਵਿਚ ਸੁੰਦਰਤਾ ਆ ਗਈ ਹੈ ਅਤੇ ਉਹ ਇਕ ਵਿਸ਼ੇਸ਼ ਪ੍ਰਕਾਰ ਦਾ ਸਭਿਆਚਾਰਿਕ ਵਾਤਾਵਰਣ ਪੈਦਾ ਕਰਦੇ ਹਨ।

ਗੁਰੂਆਂ ਪਾਸ ਅਨੇਕਾਂ ਸਥਾਨਾਂ ਤੋਂ ਵਿਅਕਤੀ ਆਉਂਦੇ ਸਨ, ਜਿਨ੍ਹਾਂ ਨੂੰ ਗੁਰੂ ਜੀ ਨੈਤਿਕ, ਧਾਰਮਿਕ, ਸਮਾਜਿਕ ਜਾਂ ਚਾਲਚਲਣ ਸੰਬੰਧੀ ਉਪਦੇਸ਼ ਦਿੰਦੇ ਹਨ। ਸ਼ੈਵ, ਸਿੱਧ ਸ਼ਾਕਤ, ਨਾਥ, ਸੂਫੀ, ਵੈਸ਼ਨਵ ਅਤੇ ਅਨੇਕ ਮਤਾਂ ਦੇ ਪਿਛੇ ਚਲਣ ਵਾਲੇ ਪਾਤਰਾਂ ਦਾ ਵੀ ਗੁਰੂਆਂ ਨਾਲ ਸੰਪਰਕ ਹੁੰਦਾ ਹੈ, ਉਨ੍ਹਾਂ ਦੇ ਜੀਵਨ ਦੀਆਂ ਕੁਝ ਘਟਨਾਵਾਂ ਦਾ ਉਲੇਖ ਵੀ ਕਦੀਂ ਕਦੀਂ ਹੁੰਦਾ ਹੈ। ਉਨ੍ਹਾਂ ਨਾਲ ਅਧਿਆਤਮਕ ਜਾਂ ਸਮਾਜਿਕ ਵਿਸ਼ਿਆਂ ਉੱਤੇ ਗੁਰੂਆਂ ਦੀ ਚਰਚਾ ਹੁੰਦੀ ਹੈ ਅਤੇ ਕਵੀ 'ਗੁਰਮਤਿ' ਮਹੱਤਤਾ ਦੀ ਸਥਾਪਨਾ ਕਰਦਾ ਹੈ। ਇਸ ਲਈ ਇਸ ਪ੍ਰਕਾਰ ਦੇ ਸਾਰੇ ਪ੍ਰਸੰਗ ਕਵੀ ਦੀ ਉਦੇਸ਼ ਪ੍ਰਾਪਤੀ ਲਈ ਆਏ ਹਨ ਅਤੇ ਕਥਾਨਿਕ ਦੇ ਮਾਧਿਅਮ ਨਾਲ 'ਗੁਰਮਤਿ' ਵਰਣਨ ਦਾ ਜੋ ਉਦੇਸ਼ ਹੈ, ਉਸ ਨੂੰ ਸਫ਼ਲ ਬਣਾਉਣ ਵਿਚ ਸਹਾਇਕ ਹੁੰਦੇ ਹਨ। ਇਸ ਵੱਡ-ਅਕਾਰੀ ਰਚਨਾ ਵਿਚ ਅਜਿਹੇ ਕਾਫੀ ਸੰਖਿਆ ਵਿਚ ਪ੍ਰਸੰਗ ਆਏ ਹਨ ਜਿਨ੍ਹਾਂ ਦੀ ਯੋਜਨਾ ਵਿਚ ਕਵੀ ਨੇ ਆਪਣੀ ਕਾਵਿ-ਕੁਸ਼ਲਤਾ ਦੀ ਨਿਪੁੰਨ ਜਾਣਕਾਰੀ ਦਿੱਤੀ ਹੈ।

ਕੁਲ ਮਿਲਾ ਕੇ ਇਸ ਪ੍ਰਬੰਧ ਦਾ ਕਥਾਨਕ ਇਕ ਮਹਾਂ-ਕਾਵਿ ਦੀ ਸੁੰਦਰਤਾ ਨਾਲ ਪੂਰਨ ਹੈ ਉਸ ਵਿਚ ਉਦਾਰਤਾ ਅਤੇ ਪ੍ਰੌੜ੍ਹਤਾ ਹੈ।

'ਗੁਰਪ੍ਰਤਾਮ ਸੂਰਜ' ਇਤਿਹਾਸਿਕ ਕਥਾ ਨੂੰ ਲੈ ਕੇ ਲਿਖਿਆ ਗਿਆ ਗ੍ਰੰਥ ਹੈ। ਇਸ ਵਿਚ ਗੁਰੂਆਂ ਦੇ ਜਨਮ, ਵਿਆਹ, ਗੁਰਿਆਈ, ਗ੍ਰਿਹਸਥੀ ਪਰਿਵਾਰਿਕ ਜੀਵਨ, ਧਾਰਮਿਕ, ਸਮਾਜਿਕ ਉਪਦੇਸ਼ ਅਤੇ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਆਦਿ ਦਾ ਇਤਿਹਾਸਕ ਵੇਰਵਾ, ਪੇਸ਼ ਕੀਤਾ ਗਿਆ ਹੈ। ਇਸ ਦ੍ਰਿਸ਼ਟੀ ਤੋਂ ਇਹ ਗੁਰੂਆਂ ਦੇ ਜੀਵਨ ਜਾਚ ਨਾਲ ਸੰਬੰਧਿਤ ਇਤਿਹਾਸ-ਗ੍ਰੰਥ ਦੇ ਸਮਾਨ ਹੀ ਮਹੱਤਵਪੂਰਨ ਹੈ। ਕਵੀ ਨੇ ਖ਼ੁਦ ਇਸ ਨੂੰ ਇਤਿਹਾਸ ਦਾ ਨਾਂ ਦਿੱਤਾ ਹੈ।

ਇਤਿਹਾਸਕਾਰ ਨਿਰਪੱਖ ਹੋ ਕੇ ਵਿਭਿੰਨ ਇਤਿਹਾਸਕ ਪ੍ਰਸੰਗਾਂ ਦਾ ਵਰਣਨ ਕਰਦਾ ਹੈ, ਕਿੰਤੂ ਭਾਈ ਸੰਤੋਖ ਸਿੰਘ ਨੇ ਗੁਰੂਆਂ ਪ੍ਰਤੀ ਧਾਰਮਿਕ ਪ੍ਰੇਮ ਤੋਂ ਪ੍ਰੇਰਿਤ ਹੋ ਕੇ ਇਸ ਗ੍ਰੰਥ ਦੀ ਰਚਨਾ ਕੀਤੀ ਹੈ। ਇਸ ਲਈ ਇਸ ਵਿਚ ਗੁਰੂਆਂ ਨੂੰ ਅਵਤਾਰੀ ਜਾਂ ਦੈਵੀ ਰੂਪ

ਵਿਚ ਚਿਤਰਿਤ ਕੀਤਾ ਹੈ । ਉਨ੍ਹਾਂ ਦੀ ਮਹਿਮਾ ਅਤੇ ਗੁਣਾਂ ਦਾ ਗਾਇਨ ਕੀਤਾ ਗਿਆ ਹੈ ਅਤੇ ਯੁੱਗ ਦੀ ਰਾਜਨੀਤਿਕ ਅਵਸਥਾ ਦੀ ਬਜਾਏ ਸਭਿਆਚਾਰਿਕ ਅਤੇ ਧਾਰਮਿਕ ਅਵਸਥਾ ਦਾ ਚਿਤਰਣ ਜ਼ਿਆਦਾ ਵਿਸ਼ਾਲਤਾ ਨਾਲ ਕੀਤਾ ਗਿਆ ਹੈ । 'ਗੁਰਪ੍ਰਤਾਪ ਸੂਰਜ' ਦਾ ਰਚਨਾਕਾਰ ਨਾ ਗੁਰੂਆਂ ਦਾ ਸਮਕਾਲੀ ਸੀ ਅਤੇ ਨਾ ਉਨ੍ਹਾਂ ਦਾ ਆਸਰਿਤ ਕਵੀ ਸੀ । ਉਹ ਤਾਂ ਉਨ੍ਹਾਂ ਦਾ ਭਗਤ ਹੈ ਅਤੇ ਪੂਰੀ ਸ਼ਰਧਾ ਨਾਲ ਉਨ੍ਹਾਂ ਦੇ ਚਰਿੱਤਰ ਦਾ ਚਿਤਰਣ ਕਰਦਾ ਹੈ । ਉਹ ਉਨ੍ਹਾ ਦੇ 'ਦੀਵਾਨ' ਨੂੰ 'ਗੁਰੂ ਦਰਬਾਰ' ਕਹਿੰਦਾ ਜ਼ਰੂਰ ਹੈ ਕਿੰਤੂ ਜਿੱਥੇ ਨਾ ਰਾਜ ਦਰਬਾਰ ਦੀ ਸ਼ਾਨੋ-ਸ਼ੌਕਤ ਹੈ ਅਤੇ ਨਾ ਵਿਲਾਸ ਹੈ, ਉਥੇ ਤਾਂ ਰਾਜਾ ਅਤੇ ਰੰਕ ਵਿਚ ਕੋਈ ਭਿੰਨ-ਭੇਦ ਹੀ ਨਹੀਂ । ਲੰਗਰ ਚਲਦਾ ਹੈ । ਜਿੱਥੇ ਉਚੇ ਨੀਵੇਂ ਸਾਰੇ ਲੰਗਰ ਛਕਦੇ ਹਨ, ਗੁਰੂ ਜੀ ਵੀ ਨਾਲ ਬੈਠ ਕੇ ਲੰਗਰ ਛਕਦੇ ਹਨ । ਗੁਰੂ ਜੀ ਦੀ ਹਜ਼ੂਰੀ ਵਿਚ ਰਬਾਬੀ ਰਾਗ ਗਾਉਂਦੇ ਹਨ ਅਤੇ ਹਰਿ ਦਾ ਕੀਰਤਨ ਹੁੰਦਾ ਹੈ । ਜਿੰਨਾ ਅੰਨ ਆਉਂਦਾ ਹੈ, ਸਾਰਾ ਉਸੇ ਦਿਨ ਪਕਾ ਦਿੱਤਾ ਜਾਂਦਾ ਹੈ । ਅਗਲੇ ਦਿਨ ਲਈ ਕੋਈ ਫ਼ਿਕਰ ਫਾਕਾ ਹੀ ਨਹੀਂ, ਇਕੱਠੇ ਕਰਨ ਦਾ ਕੋਈ ਭਾਵ ਹੀ ਨਹੀਂ ਹੈ । ਕਵੀ ਗੁਰੂਆਂ ਨੂੰ 'ਭਵ-ਭਾਰ ਉਤਾਰਨ' ਅਤੇ 'ਤੁਰਕਾਨ ਕੋ ਤੇਜ-ਨਿਵਾਰਨ' ਲਈ ਅਵਤਾਰੀ ਪਰਮੇਸ਼ਰ ਦਾ ਰੂਪ ਮੰਨਦਾ ਹੈ । ਇਥੇ ਭਗਵਾਨ ਖ਼ੁਦ ਇਕਸ਼ਵਾਕੂ ਨੂੰ ਇਹ ਵਰਦਾਨ ਦਿੰਦੇ ਦਸੇ ਗਏ ਹਨ ਕਿ ਪੰਜ ਹਜ਼ਾਰ ਵਰਿਆਂ ਬਾਅਦ ਉਹ ਨਾਨਕ ਦੇ ਰੂਪ ਵਿਚ ਅਵਤਾਰ ਲੈਣਗੇ ।

ਕਵੀ ਨੇ ਇਥੇ ਇਤਿਹਾਸ ਨੂੰ ਪੌਰਾਣਿਕ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ । ਗੁਰੂਆਂ ਦੀ ਹੋਰ ਅਵਤਾਰਾਂ ਨਾਲ ਅਭੇਦਤਾ ਅਤੇ ਇਕਰੂਪਤਾ ਵੀ ਚਿਤਰਿਤ ਕੀਤੀ ਗਈ ਹੈ । ਬਹੁਤ ਸਾਰੀਆਂ ਇਤਿਹਾਸਿਕ ਘਟਨਾਵਾਂ ਪਿਛੇ ਪੌਰਾਣਿਕ ਮਹੱਤਵ ਦਸਿਆ ਗਿਆ ਹੈ । ਗੁਰੂਆਂ ਦੇ ਚਰਿੱਤਰ ਨਾਲ ਅਨੇਕ ਅਤਿਮਾਨਵੀ ਅਤੇ ਅਲੌਕਿਕ ਘਟਨਾਵਾਂ ਦਾ ਵਰਣਨ ਵੀ ਕੀਤਾ ਗਿਆ ਹੈ ਅਤੇ ਵਿਚ ਵਿਚ ਅਨੇਕ ਪੌਰਾਣਿਕ ਕਥਾਵਾਂ ਆ ਗਈਆਂ ਹਨ । ਇਨ੍ਹਾਂ ਪੌਰਾਣਿਕ ਕਥਾਵਾਂ ਨੂੰ ਵੀ ਕਵੀ ਨੇ 'ਪੁਰਾਤਨ ਇਤਿਹਾਸ' ਹੀ ਕਿਹਾ ਹੈ । ਇਕ ਤਰਫ ਉਹ ਇਤਿਹਾਸ ਨੂੰ ਪੁਰਾਣ ਦੇ ਸੰਚੇ ਵਿਚ ਢਾਲਦਾ ਹੈ ਅਤੇ ਦੂਜੀ ਤਰਫ ਪੁਰਾਣ ਨੂੰ ਇਤਿਹਾਸ ਦੇ ਵੇਸ ਵਿਚ ਪੇਸ਼ ਕਰਦਾ ਹੈ ।

ਗੁਰੂ ਸਾਹਿਬਾਨ ਦੇ ਇਤਿਹਾਸ ਨਾਲ ਕਵੀ ਨੇ ਉਸ ਯੁੱਗ ਦੇ ਮੁਗਲ-ਸ਼ਾਸਕਾਂ, ਕੁਝ ਪਹਾੜੀ ਅਤੇ ਹੋਰ ਰਾਜਿਆਂ ਦੇ ਇਤਿਹਾਸ ਦਾ ਵੀ ਵਰਣਨ ਕੀਤਾ ਹੈ, ਪਰੰਤੂ ਉਸ ਵਿਚ ਉਤਨਾ ਵਿਸਥਾਰ ਨਹੀਂ ਹੈ । ਗੁਰੂਆਂ ਦੇ ਜੀਵਨ ਨਾਲ ਸੰਬੰਧਿਤ ਤਾਂ ਗੌਣ ਘਟਨਾਵਾਂ ਨੂੰ ਵੀ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ । ਜਿਵੇਂ ਉਨ੍ਹਾਂ ਦੇ ਜਨਮ ਅਤੇ ਜੋਤੀ ਜੋਤਿ ਸਮਾਉਣ ਵਾਲਾ ਦਿਨ, ਤਿਥੀ, ਪੱਖ, ਪੱਧਰ ਆਦਿ । ਉਨ੍ਹਾਂ ਦੇ ਜਨਮ-ਉਤਸਵ, ਵਿਆਹ-ਉਤਸਵ, ਗੁਰ-ਗੱਦੀ ਪ੍ਰਾਪਤੀ, ਗੁਰ-ਗੱਦੀ ਦਾ ਸਮਾਂ ਅਤੇ ਜੋਤੀ ਜੋਤਿ ਸਮਾਉਣ, ਰੋਜ਼ਾਨਾ ਕਾਰਜ, ਆਚਰਣ, ਪਹਿਰਾਵਾ, ਖਾਣ-ਪੀਣ, ਰਹਿਣ-ਸਹਿਣ ਆਦਿ ਦਾ ਪੂਰਾ ਵੇਰਵਾ ਪੇਸ਼ ਕੀਤਾ ਗਿਆ ਹੈ । ਗੁਰੂ ਰਾਮ ਦਾਸ ਅਤੇ ਗੁਰੂ ਅਮਰ ਦਾਸ ਦੀਆਂ ਸੇਵਾਵਾਂ ਅਤੇ ਸਰੋਵਰਾਂ ਦੀ ਖੁਦਵਾਈ ਦਾ ਵੀ ਵੇਰਵਾ ਦਿੱਤਾ ਗਿਆ ਹੈ । ਇਥੇ ਹੀ ਬੱਸ ਨਹੀਂ, ਦਾਤੂ ਦੇ ਗੁਰੂ ਅਮਰ ਦਾਸ ਨਾਲ ਅਤੇ ਪ੍ਰਿਥਵੀਏ ਦੇ ਗੁਰੂ ਅਰਜਨ ਦੇਵ ਨਾਲ ਵੈਰ ਦਾ

ਵੀ ਵਰਣਨ ਵਿਸਥਾਰ ਨਾਲ ਕੀਤਾ ਗਿਆ ਹੈ। ਕਵੀ ਨੇ ਗੁਰੂਆਂ ਦੀਆਂ ਧਰਮ-ਯਾਤਰਾਵਾਂ, ਚਿੰਤਨ-ਧਾਰਾ, ਧਾਰਮਿਕ, ਸਮਾਜਿਕ ਅਤੇ ਨੈਤਿਕ ਉਪਦੇਸ਼ਾਂ ਆਦਿ ਦਾ ਵਰਣਨ, ਵਿਸ਼ੇਸ਼ ਮਨ ਦੀ ਇਕਾਗਰਤਾ ਨਾਲ ਕੀਤਾ ਹੈ। ਗੁਰੂ ਗੋਬਿੰਦ ਸਿੰਘ ਅਤੇ ਗੁਰੂ ਹਰਿ ਗੋਬਿੰਦ ਦੇ ਯੁੱਧਾਂ ਦਾ ਵਰਣਨ ਵੀ ਵਿਸਥਾਰ ਨਾਲ ਕੀਤਾ ਗਿਆ ਹੈ।

ਗੁਰੂਆਂ ਦੇ ਮਹੱਤਵ ਦੀ ਸਥਾਪਨਾ ਲਈ ਕਿਧਰੇ ਕਿਧਰੇ ਇਤਿਹਾਸਿਕਤਾ ਨੂੰ ਅੱਖੋਂ ਪਰੋਖੇ ਵੀ ਕੀਤਾ ਗਿਆ ਹੈ। ਅਸਲ ਵਿਚ, ਕਵੀ ਦਾ ਉਦੇਸ਼ ਇਥੇ ਗੁਰੂਆਂ ਦਾ ਇਤਿਹਾਸ ਲਿਖਣਾ ਹੈ, ਪਰੰਤੂ ਐਸਾ ਉਸ ਨੇ ਧਰਮ-ਭਾਵਨਾ ਤੋਂ ਪ੍ਰੇਰਿਤ ਹੋ ਕੇ ਕੀਤਾ ਹੈ ਅਤੇ ਐਸੇ ਤੱਥਾਂ ਘਟਨਾਵਾਂ ਅਤੇ ਪ੍ਰਸੰਗਾਂ ਆਦਿ ਦੀ ਯੋਜਨਾ ਕੀਤੀ ਹੈ ਜਿਸ ਨਾਲ ਉਨ੍ਹਾਂ ਦੇ ਮਹੱਤਵ ਅਤੇ ਗੌਰਵ ਦੀ ਪ੍ਰਤਿਸ਼ਠਾ ਹੋ ਸਕੇ। ਫਿਰ ਉਨ੍ਹਾਂ ਦੀ ਚਿੰਤਨਧਾਰਾ ਦਾ ਵਰਣਨ ਕਰਨਾ ਵੀ ਤਾਂ ਉਸ ਦਾ ਇਕ ਉਦੇਸ ਸੀ। ਉਸ ਨੇ ਇਤਿਹਾਸਿਕ ਘਟਨਾਵਾਂ ਵਿਚ ਲੋੜ ਅਨੁਸਾਰ ਪਰਿਵਰਤਨ ਅਤੇ ਸੋਧ ਵੀ ਕੀਤੀ ਹੈ ਅਤੇ ਅਨੇਕ ਨਵੀਆਂ ਘਟਨਾਵਾਂ ਪ੍ਰਸੰਗਾਂ, ਮਾਤਰਾ ਆਦਿ ਨੂੰ ਜੋੜਿਆ ਹੈ।

ਇਥੇ ਇਹ ਵੀ ਵਰਣਨਯੋਗ ਹੈ ਕਿ ਇਹ ਇਕ ਇਤਿਹਾਸਿਕ ਕਾਵਿ ਹੈ, ਇਤਿਹਾਸ ਗ੍ਰੰਥ ਨਹੀਂ। ਇਸ ਲਈ, ਕਵੀ ਨੂੰ ਆਪਣੀ ਪ੍ਰੇਰਨਾ, ਅਨੁਭੂਤੀ ਅਤੇ ਉਦੇਸ਼ ਦੇ ਅਨੁਸਾਰ ਇਤਿਹਾਸ-ਕਥਾ ਨੂੰ ਪੇਸ਼ ਕਰਨ ਦੀ ਸੁਤੰਤਰਤਾ ਨਹੀਂ ਹੈ।

ਗੁਰੂਆਂ ਨੇ ਮੁਗਲ ਸ਼ਾਸਕਾਂ ਦੇ ਅਤਿਆਚਾਰਾਂ ਤੋਂ ਦਬੀ ਤੇ ਲਤਾੜੀ ਹੋਈ ਭਾਰਤੀ ਜਨਤਾ ਵਿਚ ਇਕ ਨਵੀਂ ਸਭਿਆਚਾਰਿਕ, ਸਮਾਜਿਕ ਅਤੇ ਰਾਜਨੀਤਿਕ ਚੇਤਨਾ ਜਾਗ੍ਰਿਤ ਕੀਤੀ ਸੀ। ਅਧਰਮ, ਅਨਿਆਂ, ਅਨੀਤੀ ਅਤੇ ਅਤਿਅਚਾਰ ਦੇ ਵਿਰੁੱਧ ਲੜਨ ਦੀ ਭਾਵਨਾ ਅਤੇ ਸਾਹਸ ਪੈਦਾ ਕੀਤਾ ਸੀ। 'ਗੁਰ ਪ੍ਰਤਾਪ ਸੂਰਜ' ਵਿਚ ਇਸ ਨਵੀਂ ਚੇਤਨਾ ਨੂੰ ਵਿਸ਼ੇਸ਼ ਰੂਪ ਵਿਚ ਵਰਣਨ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਯੁੱਗ ਦਾ ਹੀ ਯਥਾਰਥ ਚਿੱਤਰਣ ਨਹੀਂ ਕੀਤਾ ਗਿਆ, ਜਨਤਾ ਦੀ ਨਿਰਾਸ਼ਾ ਇੱਛਾਵਾਂ ਅਤੇ ਉਨ੍ਹਾਂ ਦੀ ਉਭਰਦੀ ਹੋਈ ਚੇਤਨਾ ਨੂੰ ਵੀ ਬਿਆਨ ਕੀਤਾ ਹੈ।

ਭਾਈ ਸੰਤੋਖ ਸਿੰਘ ਨੇ ਇਸ ਇਤਿਹਾਸਿਕ ਸੰਦਰਭ ਦਾ ਲਾਭ ਆਪਣੇ ਯੁੱਗ-ਪਰਿਵੇਸ਼ ਦੇ ਪ੍ਰਸੰਗ ਵਿਚ ਸਫਲਤਾਪੂਰਬਕ ਕੀਤਾ ਅਤੇ ਆਪਣੀਆਂ ਯੁਗ-ਪਰਿਸਥਿਤੀਆਂ ਨੂੰ ਧਿਆਨ ਵਿਚ ਰਖਦੇ ਹੋਏ ਗੁਰੂਆਂ ਦੇ ਇਤਿਹਾਸਿਕ ਮਾਧਿਅਮ ਨਾਲ ਜਨ-ਜੀਵਨ ਵਿਚ ਇਕ ਨਵੀਂ ਸਭਿਆਚਾਰਿਕ ਅਤੇ ਰਾਸ਼ਟਰੀ ਚੇਤਨਾ ਦਾ ਸੰਚਾਰ ਕੀਤਾ।

**ਭਾਵ-ਸੁੰਦਰਤਾ**

ਕਿਸੇ ਵੀ ਰਚਨਾ ਦੀ ਸਫਲਤਾ ਮਾਨਵੀ ਮਨੋਵੇਗਾਂ-ਸੰਵੇਦਨਾਵਾਂ ਦੀ ਸਫਲ ਅਭਿਵਿਅਕਤੀ ਉੱਤੇ ਨਿਰਭਰ ਹੁੰਦੀ ਹੈ। 'ਗੁਰ ਪ੍ਰਤਾਪ ਸੂਰਜ' ਜਦੋਂ ਕਿ ਧਾਰਮਿਕ ਭਾਵਨਾ ਨਾਲ ਭਰਪੂਰ ਇਕ ਕਥਾ-ਪ੍ਰਧਾਨ ਕਾਵਿ ਹੈ, ਅਤੇ ਉਸ ਵਿਚ ਇਤਿਹਾਸਿਕ ਘਟਨਾਵਾਂ ਅਤੇ ਉਪਦੇਸ਼ਾਤਮਿਕ ਬਿਰਤਾਂਤਾਂ ਦੀ ਬਹੁਤਾਤ ਹੈ, ਫਿਰ ਵੀ ਭਾਵਾਂ ਅਤੇ ਮਨੋਵੇਗਾਂ ਦੀ ਕਵੀ ਨੇ ਸੁੰਦਰ ਅਭਿਵਿਅਕਤੀ ਕੀਤੀ ਹੈ। ਕਵੀ ਦਾ ਭਾਵ-ਖੇਤਰ ਅਤਿਅੰਤ

ਵਿਆਪਕ ਹੈ ਅਤੇ ਉਸ ਨੇ ਸਾਰੇ ਸਥਾਈ-ਭਾਵਾਂ ਦੀ ਵਿਸ਼ਾਲਤਾ ਨੂੰ ਦਰਸਾਇਆ ਹੈ। ਧਰਮ-ਪ੍ਰਧਾਨ ਰਚਨਾ ਹੋਣ ਕਾਰਨ ਮੁੱਖ ਰਸ ਸ਼ਾਂਤ ਹੈ। ਉਸ ਦੇ ਬਾਅਦ ਵੀਰ ਰਸ ਦਾ ਸਥਾਨ ਹੈ। ਅਦਭੁਤ, ਕਰੁਣ, ਵੀਭਤਸ, ਸ਼ਿੰਗਾਰ, ਭਿਆਨਕ, ਰੌਦ੍ਰ, ਵਾਤਸਲ ਆਦਿ ਦਾ ਵੀ ਪੂਰਨ ਵਰਣਨ ਹੋਇਆ ਹੈ।

ਭਗਤੀ-ਭਾਵਨਾ ਸੰਬੰਧੀ ਵਰਣਨ ਇਸ ਰਚਨਾ ਵਿਚ ਵੱਡੀ ਸੰਖਿਆ ਵਿਚ ਮਿਲਦੇ ਹਨ। ਉਨ੍ਹਾਂ ਵਿਚ ਪਰਮਾਤਮਾ ਦੇ ਮਹਾਤਮ-ਗਿਆਨ, ਭਗਤਾਂ ਦੀ ਦੀਨਤਾ, ਬੇਨਤੀ, ਅਨੁਤਾਪ ਗਲਾਨੀ, ਪਛਤਾਵਾ, ਨਿਸ਼ਠਾ, ਸ਼ਰਧਾ, ਪ੍ਰੇਮ, ਆਤਮ-ਸਮਰਪਣ, ਅਧੀਰਜ, ਉਤਸੁਕਤਾ, ਸਿਮਰਨ, ਉਨਮਾਦ, ਵਿਸ਼ਵਾਸ, ਖੁਸ਼ੀ ਆਦਿ ਦੇ ਨਾਲ ਅੱਥਰੂ, ਸੁਰ-ਭੰਗ, ਜੜਤਾ, ਰੋਮਾਂਚ ਆਦਿ ਸਾਤਵਿਕ ਭਾਵਾਂ ਦੀ ਵੀ ਸੁੰਦਰ ਅਭਿਵਿਅਕਤੀ ਹੋਈ ਹੈ।

ਸੰਸਾਰ ਦੀ ਸਾਰਹੀਣਤਾ, ਸਰੀਰ ਦੀ ਖਿੱਚ-ਭੰਗੁਰਤਾ, ਸੰਸਾਰਕ ਸੰਬੰਧਾਂ ਦੀ ਅਸਥਿਰਤਾ ਅਤੇ ਸੁੱਖ-ਦੁੱਖ ਪ੍ਰਤੀ ਨਿਰਪੇਖਤਾ ਦਾ ਚਿੱਤਰਣ ਕਰਕੇ ਨਿਰਵੇਦ ਦੀ ਅਭਿਵਿਅਕਤੀ ਵੀ ਅਨੇਕ ਥਾਵਾਂ ਉੱਤੇ ਕੀਤੀ ਗਈ ਹੈ। ਇਕ ਉਦਾਹਰਣ ਪੇਸ਼ ਹੈ :

ਦੇਖਹੁ ਜਗ ਸਨੇਹੁ ਕੀ ਚਾਲੀ। ਇਕ ਦਿਨ ਭਰੇ, ਇਕ ਦਿਨ ਖਾਲੀ।
ਕਬਹੂੰ ਹਰੇ, ਸੁਸਕ ਕਬਿ ਜਾਵਹਿਂ। ਕਬਹੂੰ ਜਨਮ, ਕਬਹੂੰ ਵਿਨਸਾਵਹਿਂ। 7।
ਕਬਹੂ ਮੇਲਾ, ਕਬਿ ਬਿਰਹਿ ਦੁਹੇਲਾ। ਕਬਿ ਸੰਕਟ, ਕਬਿ ਹੋਤਿ ਸੁਹੇਲਾ।
ਸਦਾ ਪ੍ਰਣਾਮਵੰਤਿ ਜਗ ਅਹੈ। ਨਹੀਂ ਏਕ ਰਸ ਥਿਰਤਾ ਗਹੈ। 8।
ਮਿਲਿਬੇ ਤੇ ਹਰਖਹਿ ਨਹਿ ਗਯਾਨੀ। ਬਿਛੁਰੇ ਸੋਕ ਨ ਦੁਖ ਕੋ ਜਾਨੀ।
ਲਖਹਿ ਕੂਰ ਨਹਿਂ ਕਰਹਿ ਸਨੇਹਾ। ਬਿਨਿਸ ਜਾਈ ਜਬਿ ਕਯੋਂ ਦੁੱਖ ਲੇਹਾ।9।
ਜੋ ਵਸਤੂ ਨਿਤ ਇਕ ਰਸ ਰਹੈ। ਕਰਿ ਅਨੁਰਾਗ ਤਿਸਹਿ ਉਰ ਲਹੈ।
ਸਦਾ ਸਾਂਤਿ ਚਿਤ ਸੰਤ ਉਦਾਰਾ। ਤਿਨ ਕੋ ਬੰਦਨ ਅਹੈ ਹਮਾਰਾ। 10।
(ਰਾ. 7/23)

ਵੀਰ ਰਸ ਨਾਲ ਸੰਬੰਧਿਤ ਲਗਭਗ 8-10 ਹਜ਼ਾਰ ਛੰਦ ਇਸ ਗ੍ਰੰਥ ਵਿਚ ਮਿਲਦੇ ਹਨ। ਕਵੀ ਨੇ ਗੁਰੂ ਹਰਿਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਦੇ ਸਾਰੇ ਯੁੱਧਾਂ ਦਾ ਅਤਿਅੰਤ ਵਿਸ਼ਾਲ ਚਿੱਤਰਣ ਕੀਤਾ ਹੈ। ਹਰੇਕ ਯੁੱਧ ਦੀ ਪਿੱਠਭੂਮੀ ਦੇ ਕੇ ਯੁੱਧ-ਕਥਾ ਦਾ ਪੂਰਾ ਵੇਰਵਾ ਪੇਸ਼ ਕੀਤਾ ਹੈ। ਇਨ੍ਹਾਂ ਯੁੱਧ ਵਰਣਨਾਂ ਵਿਚ ਪੂਰਨਤਾ ਸਜੀਵਤਾ, ਵਿਸ਼ਾਲਤਾ ਅਤੇ ਜੋਸ਼ ਹੈ ਅਤੇ ਵੀਰ ਰਸ ਦਾ ਸੁੰਦਰ ਪ੍ਰਗਟਾ ਹੋਇਆ ਹੈ। ਲੋਹਗੜ, ਭੰਗਾਣੀ, ਅਨੰਦਪੁਰ ਅਤੇ ਚਮਕੌਰ ਦੇ ਯੁੱਧਾਂ ਦਾ ਚਿੱਤਰਣ ਇਸ ਦ੍ਰਿਸ਼ਟੀ ਨਾਲ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ। ਇਨ੍ਹਾਂ ਸਾਰੇ ਯੁੱਧਾਂ ਵਿਚ ਕਵੀ ਨੇ ਯੁੱਧ ਦੀ ਤਿਆਰੀ, ਫੌਜ ਦੀ ਸਾਜ ਸਜਾਵਟ, ਫੌਜ ਦੇ ਅਸ਼ਤਰ-ਸ਼ਸਤਰ, ਵੇਸ਼ ਭੂਸਾ, ਫੌਜ ਦਾ ਚੱਲਣਾ, ਯੁੱਧ ਵਾਜਿਆਂ ਦੀ ਧੁਨੀ, ਨਗਾਰਿਆਂ ਦੀ ਅਵਾਜ਼, ਤਲਵਾਰਾਂ, ਭਾਲਿਆਂ ਚਮਕ-ਦਮਕ, ਘੋੜਿਆਂ ਦੀ ਹਿਣਕਾਰ, ਹਾਥੀਆਂ ਦੀ ਚਿੰਘਾੜ, ਯੋਧਿਆਂ ਦੀ ਮੁੱਠ-ਭੇੜ, ਵਾਰ, ਜਵਾਬੀ-ਵਾਰ, ਅਸ਼ਤਰਾਂ-ਸ਼ਤਰਾਂ ਦੀ ਮਾਰ-ਕਾਟ, ਤੋਪਾਂ ਬੰਦੂਕਾਂ ਦੀ ਠਾਹ-ਠਾਹ,

ਵੀਰਾਂ ਦੇ ਉਤਸ਼ਾਹ, ਉਨ੍ਹਾਂ ਦੇ ਗੌਰਵਪੂਰਨ ਕਥਨ, ਲਲਕਾਰ, ਜਵਾਬੀ-ਲਲਕਾਰ, ਉਨ੍ਹਾਂ ਦੇ ਮਰਦਾਊਪੁਣੇ, ਬਹਾਦਰੀ, ਸਾਹਸ, ਧੀਰਜ, ਨਿੱਡਰਤਾ, ਯੁੱਧ-ਕੁਸ਼ਲਤਾ, ਓਜਪੂਰਣ ਅਨੁਭਾਵਾਂ, ਫੁੱਟੇ-ਫੁੱਟੇ ਅਸਤਰਾਂ-ਸ਼ਸਤਰਾਂ, ਜ਼ਖਮੀ ਯੋਧਿਆਂ, ਖੂਨ ਰੰਗੇ ਘੋੜਿਆਂ ਅਤੇ ਉਨ੍ਹਾਂ ਉੱਤੇ ਘੁੰਮਦੇ ਗਿੱਧਾਂ-ਗਿੱਦੜਾਂ ਨਾਲ ਵੀਭਤਸ ਦ੍ਰਿਸ਼ ਪੇਸ਼ ਕਰਨ ਵਾਲੀ ਯੁੱਧ-ਭੂਮੀ ਦਾ ਅਤਿਅੰਤ ਯਥਾਰਥ ਅਤੇ ਸਜੀਵ ਚਿੱਤਰਣ ਕੀਤਾ ਹੈ।

ਯੋਧਿਆਂ ਦੇ ਭਿਆਨਕ ਵਾਰ-ਜਵਾਬੀ ਵਾਰ, ਪ੍ਰਚੰਡ 'ਦਵੰਦ ਯੁੱਧ' ਉਨ੍ਹਾਂ ਦੇ ਸਾਹਸ, ਬਹਾਦਰੀ, ਉਤਸਾਹ ਦਾ ਚਿੱਤਰਣ ਕਰਨ ਵਿਚ ਕਵੀ ਨੂੰ ਵਿਸ਼ੇਸ਼ ਸਫਲਤਾ ਮਿਲੀ ਹੈ। ਯੁੱਧ-ਵਿਦਿਆ, ਯੁੱਧ ਨੀਤੀ, ਯੁੱਧ-ਕੁਸ਼ਲਤਾ ਦੀ ਵੀ ਜਾਣਕਾਰੀ ਦਿੱਤੀ ਗਈ ਹੈ। ਉਹ ਆਮ ਤੌਰ ਤੇ ਦੋਵੇਂ ਪੱਖਾ ਦੇ ਵੀਰਾਂ ਦੀ ਬਹਾਦਰੀ ਨੂੰ ਪ੍ਰਗਟ ਕਰਦੇ ਹਨ। ਗੁਰੂ-ਪੱਖ ਦੇ ਵੀਰਾਂ ਵਿਚ ਉਦਾਰਤਾ ਹੈ ਅਤੇ ਉਨ੍ਹਾਂ ਦੇ ਆਦਰਸ਼ ਦੀ ਹਰ ਪਾਸੇ ਰਖਿਆ ਕੀਤੀ ਗਈ ਹੈ। ਕਵੀ ਨੇ ਵਿਜੈ ਉੱਤੇ ਖੁਸ਼ੀ-ਆਨੰਦ ਅਤੇ ਭੱਜਦੀ ਹੋਈ ਫੌਜ ਦੀ ਦੁਰਦਸ਼ਾ ਦਾ ਚਿੱਤਰਣ ਕੀਤਾ ਹੈ। ਫੌਜੀਆਂ ਦੇ ਮਨੋ-ਵਿਗਿਆਨ ਉੱਤੇ ਵੀ ਚਾਨਣਾ ਪਾਇਆ ਹੈ। ਵੀਰ ਰਸ ਨਾਲ ਸੰਬੰਧਿਤ ਇਕ ਉਦਾਹਰਣ ਵੇਖੋ :

ਅਗ੍ਰਜੁ ਆਵਤਿ ਤਾਂ ਉਥਲਾਵਤਿ, ਜਯੋਂ ਬਡ ਗਾਜ ਮੁਨਾਰੇ ਹਨੇ।
ਕਾਨ ਪ੍ਰਮਾਨ ਲੈ ਤਾਨਿ ਚਲਾਵਤਿ ਮਾਰੇ ਅਨੇਕ ਹੀ ਕੌਲ ਗਿਨੇ।

(ਰਾ. 6/11/28)

'ਗੁਰ ਪ੍ਰਤਾਪ ਸੂਰਜ' ਵਿਚ ਵਰਣਿਤ ਯੁੱਧਾਂ ਨੂੰ 'ਧਰਮ ਯੁੱਧ' ਦਾ ਨਾਂ ਦਿੱਤਾ ਗਿਆ ਹੈ ਕਿਉਂਕਿ ਉਹ ਅਤਿਆਚਾਰ, ਅਨਿਆਂ, ਅਸਤਿ ਅਤੇ ਅਧਰਮ ਦੇ ਵਿਰੁੱਧ ਲੜੇ ਗਏ ਹਨ। ਪੰਜਾਬ ਵਿਚ 'ਦਸਮ ਗ੍ਰੰਥ' ਤੋਂ ਲੈ ਕੇ ਐਸੇ ਅਨੇਕ ਵੀਰ ਕਾਵਿਆਂ ਦੀ ਰਚਨਾ ਹੋਈ ਹੈ ਜਿਨ੍ਹਾਂ ਵਿਚ ਬੀਰਤਾ ਦੀ ਉੱਦਾਤ ਰੂਪ ਵਿਚ ਅਭਿਵਿਅਕਤੀ ਹੋਈ ਹੈ। 'ਗੁਰ ਪ੍ਰਤਾਪ ਸੂਰਜ' ਉਸੇ ਪਰੰਪਰਾ ਦੀ ਰਚਨਾ ਹੈ। ਇਹ ਕਾਵਿ ਸਭਿਆਚਾਰਿਕ ਅਤੇ ਰਾਸ਼ਟਰੀ ਚੇਤਨਾ ਨਾਲ ਭਰਪੂਰ ਵੀਰ ਰਸ ਦਾ ਇਕ ਆਦਰਸ਼ ਰੂਪ ਪੇਸ਼ ਕਰਦਾ ਹੈ। ਜਿਸ ਦਾ ਰੀਤੀਕਾਲੀਨ (ਵੀਰ) ਵਿਚ ਇਕ ਵਿਸ਼ੇਸ਼ ਸਥਾਨ ਹੈ।

'ਗੁਰ ਪ੍ਰਤਾਪ ਸੂਰਜ' ਵਿਚ ਸ਼ਿੰਗਾਰ ਰਸ ਦਾ ਵਰਣਨ ਅਤਿਅੰਤ ਸੀਮਤ ਅਤੇ ਮਰਯਾਦਾ ਵਿਚ ਹੈ। ਭਾਈ ਸੰਤੋਖ ਸਿੰਘ 'ਰੀਤੀ ਕਾਲ' ਦੀਆਂ ਕਾਲ ਸੀਮਾਵਾਂ ਵਿਚ ਆਉਂਦੇ ਹਨ। ਕਿੰਤੂ ਉਸ ਯੁੱਗ ਦੀ ਸ਼ਿੰਗਾਰਕ ਭਾਵਨਾ, ਵਿਲਾਸਤਾ, ਕਾਮੁਕਤਾ ਅਤੇ ਰਸਿਕਤਾ ਦੀਆਂ ਪ੍ਰਵਿਰਤੀਆਂ ਤੋਂ ਉਹ ਬਿਲਕੁਲ ਮੁਕਤ ਹਨ। ਉਨ੍ਹਾਂ ਨੇ ਕਿਧਰੇ ਵੀ ਨਾਇਕ-ਨਾਇਕਾਵਾਂ ਦੀ ਰਸਿਕ ਮਨੋਬਿਰਤੀ, ਕਾਮ-ਉਤੇਜਕ ਇੱਛਾਵਾਂ, ਭਾਵ-ਕੁਟਿਲਤਾਵਾਂ, ਹਾਵਾਂ-ਅਨੁਭਾਵਾਂ ਦਾ ਚਿਤਰਣ ਨਹੀਂ ਕੀਤਾ। ਜਿੱਥੇ ਕਿਧਰੇ ਵੀ ਪ੍ਰੇਮ-ਭਾਵ ਦਾ ਚਿੱਤਰਣ ਕੀਤਾ ਗਿਆ ਹੈ, ਉਸ ਵਿਚ ਪਵਿੱਤਰਤਾ, ਸ਼ੁੱਧਤਾ ਅਤੇ ਉੱਚਤਾ ਹੈ। ਬਿਰਹਾ ਵਿਚ ਵੀ ਲਾਲਸਾ, ਦੁੱਖ, ਚਿੰਤਾ, ਸ਼ੋਕ, ਵਿਆਕੁਲਤਾ, ਅਧੀਰਜਤਾ, ਉਤਸੁਕਤਾ ਦਰਸ਼ਨ-ਅਭਿਲਾਸ਼ੀ ਮਨੋਵੇਗਾਂ, ਅੱਥਰੂ, ਸੁਰ-ਭੰਗ, ਖਿਣਤਾ, ਜੜ੍ਹਤਾ ਸਾਤਵਿਕ ਭਾਵਾਂ ਦੀ ਅਤਿਅੰਤ ਸੁਭਾਵਿਕ, ਸੰਜਮੀ ਅਤੇ ਪ੍ਰਭਾਵਸ਼ਾਲੀ ਅਭਿਵਿਅਕਤੀ ਕੀਤੀ ਗਈ ਹੈ।

ਭਾਈ ਸੰਤੋਖ ਸਿੰਘ ਦੇ ਸ਼ਿੰਗਾਰ-ਵਰਣਨ ਵਿਚ ਐਸੀ ਉਦਾਤਤਾ ਹੈ ਜੋ ਉਚ ਮਾਨਵੀ ਬਿਰਤੀਆਂ ਨੂੰ ਸਹਾਰਾ ਦਿੰਦੀ ਹੈ, ਭੈੜੀਆਂ ਅਤੇ ਅਨੈਤਿਕ ਬਿਰਤੀਆਂ ਨੂੰ ਉਤੇਜਿਤ ਨਹੀਂ ਕਰਦੀ। ਕੇਵਲ ਨਾਰੀ ਸੁੰਦਰਤਾ ਦੇ ਚਿੱਤਰਣ ਵਿਚ ਕਿਧਰੇ ਕਿਧਰੇ ਪਰੰਪਰਾਗਤ ਉਪਮਾਨਾਂ ਤੋਂ ਕੰਮ ਲਿਆ ਗਿਆ ਹੈ।

ਗੁਰੂ ਹਰਿ ਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਦੇ ਜਨਮ-ਉਤਸਵਾਂ, ਬਚਪਨ ਬਾਲ-ਅਵਸਥਾ ਦੇ ਰੂਪ, ਸੁੰਦਰਤਾ, ਵੇਸ਼-ਭੂਸਾ, ਬਾਲ-ਕੌਤਕ, ਅਤੇ ਮਨਮੋਹਕ ਬਾਲ-ਲੀਲਾਵਾਂ ਵਿਚ ਵਾਤਸਲ ਰਸ ਦਾ ਬੜਾ ਹੀ ਸੁਭਾਵਿਕ ਚਿੱਤਰਣ ਹੋਇਆ ਹੈ। ਨਾਲ ਹੀ ਉਨ੍ਹਾਂ ਦੇ ਮਾਤਾ ਪਿਤਾ ਦੀ ਇੱਛਾ, ਸਨੇਹ, ਖੁਸ਼ੀ, ਉਤਸੁਕਤਾ, ਚਿੰਤਾ, ਸੰਦੇਹ, ਵਿਆਕੁਲਤਾ, ਹਿਤ-ਭਾਵਨਾ, ਖ਼ੁਸ਼ੀ, ਇੱਛਾ ਅਤੇ ਅਧੀਰਜਤਾ ਆਦਿ ਮਨੋਵੇਗਾਂ ਦੀ ਸੁੰਦਰ ਅਭਿਵਿਅਕਤੀ ਹੋਈ ਹੈ। ਇਸ ਪ੍ਰਕਾਰ ਦੇ ਵਰਣਨਾਂ ਵਿਚ ਸੂਰਦਾਸ ਦਾ ਪ੍ਰਭਾਵ ਵੀ ਦਿਖਾਈ ਦਿੰਦਾ ਹੈ। ਕੁਝ ਬਾਲ-ਲੀਲਾਵਾਂ ਕ੍ਰਿਸ਼ਨ ਦੀਆਂ ਬਾਲ-ਲੀਲਾਵਾਂ ਸਮਾਨ ਹਨ। ਐਸੇ ਸਥਾਨਾਂ ਉੱਤੇ ਅਵਤਾਰਵਾਦੀ ਭਾਵਨਾ ਦੇ ਵੀ ਦਰਸ਼ਨ ਹੁੰਦੇ ਹਨ। ਕਵੀ ਨੇ ਕੁਝ ਬਿਲਕੁਲ ਨਵੀਨ ਪ੍ਰਸੰਗਾਂ ਨੂੰ ਵੀ ਜੋੜਿਆ ਹੈ, ਜੋ ਦੇਸ਼-ਕਾਲ ਅਨੁਸਾਰ ਹਨ ਅਤੇ ਅਤਿਅੰਤ ਮਨਮੋਹਕ ਹਨ। ਉਨ੍ਹਾਂ ਵਿਚ ਬਾਲਕ ਦਾ ਚੰਚਲ ਅਤੇ ਨਿੱਡਰ ਖੇਡਾਂ ਦਾ ਮਨੋ-ਵਿਗਿਆਨਕ ਚਿੱਤਰਣ ਕੀਤਾ ਗਿਆ ਹੈ। ਵਾਤਸਲ ਵਰਣਨ ਵਿਚ ਕਵੀ ਨੂੰ ਕਾਫੀ ਸਫ਼ਲਤਾ ਮਿਲੀ ਹੈ। ਉਸ ਵਿਚ ਸਜੀਵਤਾ, ਸੁਭਾਵਕਤਾ, ਮਨੋਹਰਤਾ ਹੈ ਅਤੇ ਉਹ ਪ੍ਰਭਾਵਸ਼ਾਲੀ ਹਨ। ਸ਼ਾਇਦ ਹੀ ਕਿਸੀ ਪ੍ਰਬੰਧ ਕਾਵਿ ਵਿਚ ਵਾਤਸਲ ਰਸ ਦਾ ਇੰਨਾ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਚਿੱਤਰਣ ਹੋਇਆ ਹੋਵੇਗਾ, ਜਿੰਨਾ ਇਸ ਕਾਵਿ ਵਿਚ ਹੋਇਆ ਹੈ।

ਕਰੁਣਾਪੂਰਣ ਅਨੇਕ ਪ੍ਰਸੰਗ ਇਸ ਰਚਨਾ ਵਿਚ ਆਏ ਹਨ ਜਿੱਥੇ ਸ਼ੋਕ-ਕਸ਼ਟਗ੍ਰਸਤ ਵਿਅਕਤੀਆਂ ਦੀ ਪੀੜਾ, ਵਿਆਕੁਲਤਾ, ਬਿਹਬਲਤਾ, ਉਦਵੇਗ, ਅਨੁਤਾਪ, ਬੇਹੋਸ਼ੀ, ਅੱਥਰੂ, ਰੰਗ ਹੀਨਤਾ, ਦੁੱਖ, ਉਦਾਸੀ, ਜੜਤਾ, ਵੈਪ੍ਰਥ, ਉਨਮਾਦ, ਮੂਰਛਾ, ਬੇਹੋਸ਼ੀ, ਰੋਮਾਂਚ, ਅਧੀਰਤਾ, ਭੂਮੀਪਤਨ, ਕੇਸ-ਉਖਾੜਨਾ, ਅਪਸਮਾਰ ਅਰਥਾਤ ਵਿਯੋਗ ਵਿਚ ਬੇਹੋਸ਼ ਹੋਣਾ ਆਦਿ ਦੀ ਪ੍ਰਭਾਵਸ਼ਾਲੀ ਢੰਗ ਨਾਲ ਅਭਿਵਿਅਕਤੀ ਕੀਤੀ ਗਈ ਹੈ। ਵਿਸ਼ੇਸ਼ ਰੂਪ ਵਿਚ ਹਰਿਪੁਰ ਦੇ ਰਾਜ ਕੁਮਾਰ, ਪ੍ਰਿਥੀਏ, ਗੁਰੂ ਅਰਜਨ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਪ੍ਰਸੰਗਾਂ ਵਿਚ ਐਸੇ ਹੀ ਸ਼ੋਕ-ਪੂਰਨ-ਮਨੋਵੇਗਾਂ ਦੀ ਅਭਿਵਿਅਕਤੀ ਹੋਈ ਹੈ। ਇਕ ਉਦਾਹਰਨ ਪੇਸ਼ ਹੈ ਜਿਵੇਂ :

ਸਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹੀਦੀ ਦਾ ਸਮਾਚਾਰ ਸੁਣ ਕੇ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਜੀ ਦੀ ਸ਼ੋਕ-ਗ੍ਰਸਤ ਅਵਸਥਾ ਦਾ ਚਿੱਤਰਣ ਕਵੀ ਨੇ ਇਸ ਪ੍ਰਕਾਰ ਕੀਤਾ ਹੈ :

> ਸੁਨਯੋ ਬਾਕ ਖਰ ਬਾਨ ਸਮਾਨ। ਲਗਯੋ ਕਾਨ ਬਿੰਧ ਰਿਦਾ ਨਿਸਾਨ।
> ਉਪਰ ਤਰ ਕੇ ਜੁਟਿ ਗਏ ਰਦਨੰ। ਭਯੋ ਦਰਦ ਨੇ ਜ਼ਰਦ ਸੁ ਬਦਨੰ। 29।
> ਖੁਸ਼ਕ ਹੋਇ ਮੁਖਿ ਲਾਗ ਸੁਲਾਟੀ। ਜਨੁ ਕਦਲੀ ਤਰੁ ਕੀ ਜੜ ਕਾਟੀ।
> ਤਰਫਰਾਤਿ ਮੂਰਛੋ ਕੋ ਪਾਈ। ਗਿਰੀ ਵਿਸੁਧ ਹ੍ਵੈ ਸੁਧਿ ਨਹਿੰ ਕਾਈ। 30।

ਅਦਭੁੱਤ ਰਸ ਨਾਲ ਸੰਬੰਧਤ ਅਨੇਕਾਂ ਹੈਰਾਨੀ ਜਨਕ ਅਤੇ ਚਮਤਕਾਰਪੂਰਨ ਘਟਨਾਵਾਂ ਇਸ ਕਾਵਿ-ਗ੍ਰੰਥ ਵਿਚ ਆਈਆਂ ਹਨ, ਜਿਨ੍ਹਾਂ ਵਿਚ ਹੈਰਾਨੀ-ਮੋਹਤ ਲੋਕਾਂ ਦੇ ਅਨੁਭਾਵਾਂ ਆਦਿ ਦਾ ਸਜੀਵ ਚਿੱਤਰਣ ਹੋਇਆ ਹੈ।

ਇਸ ਪ੍ਰਕਾਰ ਭਿਆਨਕ, ਵੀਭਤਸ, ਹਾਸ ਅਤੇ ਰੌਦ੍ਰ ਆਦਿ ਰਸਾਂ ਦਾ ਪੂਰਨ ਵਰਣਨ ਹੋਇਆ ਹੈ, ਅਤੇ ਇਨ੍ਹਾਂ ਨਾਲ ਸੰਬੰਧਤ ਵਿਭਿੰਨ ਸਾਤਵਿਕ, ਸੰਚਾਰੀ ਭਾਵਾਂ ਅਨੁਭਾਵਾਂ ਦੀ ਸੁੰਦਰ ਅਭਿਵਿਅਕਤੀ ਹੋਈ ਹੈ। ਇਨ੍ਹਾਂ ਪ੍ਰਮੁੱਖ ਭਾਵਾਂ ਤੋਂ ਇਲਾਵਾ, ਨਫਰਤ, ਪਛਤਾਵਾ, ਗਿਲਾਨੀ ਈਰਖਾ, ਦੋਖ, ਅਨੁਤਾਪ ਆਦਿ ਮਨੋਵੇਗਾਂ ਦੀ ਵੀ ਕਵੀ ਨੇ ਭਾਵ-ਅਭਿਵਿਅਕਤੀ ਕੀਤੀ ਹੈ।

ਅਸਲ ਵਿਚ, ਭਾਈ ਸੰਤੋਖ ਸਿੰਘ ਮਾਨਵੀ ਭਾਵਾਂ ਦੇ ਸੱਚੇ ਪਾਰਖੂ ਅਤੇ ਉਨ੍ਹਾਂ ਦੇ ਕੁਸ਼ਲ ਚਿਤੇਰੇ ਸਨ। ਉਹ ਇਕ ਅਨੁਭੂਤੀਸ਼ੀਲ ਕਵੀ ਸਨ। ਇਹੀ ਕਾਰਨ ਹੈ ਕਿ ਮਾਨਵੀ ਮਨੋਵੇਗਾਂ ਦੀ ਅਭਿਵਿਅਕਤੀ ਵਿਚ ਉਨ੍ਹਾਂ ਨੂੰ ਅਦਭੁੱਤ ਸਫ਼ਲਤਾ ਮਿਲੀ ਹੈ। ਉਨ੍ਹਾਂ ਦੀ ਭਾਵ-ਅਭਿਵਿਅਕਤੀ ਵਿਚ ਅਨੁਭੂਤੀ ਦੀ ਤੀਬਰਤਾ, ਗਹਿਰਾਈ ਅਤੇ ਮਨੋਵਿਗਿਆਨਕਤਾ ਹੈ। ਇਕ ਲੋਕਨਾਇਕ ਕਵੀ ਦੀ ਤਰ੍ਹਾਂ ਭਾਈ ਸੰਤੋਖ ਸਿੰਘ ਨੇ ਮਾਨਵੀ ਸਦ-ਬ੍ਰਿਤੀਆਂ ਉਠਾਉਣ ਦਾ ਪ੍ਰਸ਼ੰਸਾਜਨਕ ਕਾਰਜ ਕੀਤਾ। ਉਨ੍ਹਾਂ ਦੀ ਭਾਵ-ਅਭਿਵਿਅਕਤੀ ਵਿਚ, ਭਾਵੇਂ ਉਹ ਪ੍ਰੇਮ ਨਾਲ ਸੰਬੰਧਿਤ ਹੈ ਜਾਂ ਘ੍ਰਿਣਾ ਨਾਲ, ਭਾਵੇਂ ਸਾਹਸ ਅਤੇ ਉਤਸਾਹ ਤੋਂ ਪ੍ਰੇਰਿਤ ਹੋਏ ਜਾਂ ਕ੍ਰੋਧ ਤੋਂ, ਹਰ ਪਾਸੇ ਉਦਾਤਤਾ ਹੈ।

ਭਾਈ ਸੰਤੋਖ ਸਿੰਘ ਦੇ ਅਧਿਆਤਮਿਕ ਵਿਚਾਰ ਮੁੱਖ ਰੂਪ ਵਿਚ ਗੁਰਮਤਿ ਅਨੁਸਾਰ ਹਨ। ਜਿੱਥੋਂ ਤਕ ਬ੍ਰਹਮ, ਜੀਵ, ਮਾਇਆ ਸ੍ਰਿਸ਼ਟੀ ਆਦਿ ਸੰਬੰਧੀ ਵਿਚਾਰਾਂ ਦਾ ਪ੍ਰਸ਼ਨ ਹੈ, ਉਹ ਪੂਰਨ ਤੌਰ ਤੇ 'ਗੁਰੂ ਗ੍ਰੰਥ ਸਾਹਿਬ' ਉੱਤੇ ਹੀ ਆਧਾਰਿਤ ਹਨ। 'ਗੁਰੂ ਗ੍ਰੰਥ ਸਾਹਿਬ' ਦੇ ਵਿਵਹਾਰਕ ਪੱਖ ਅਤੇ ਹੋਰ ਮੁੱਖ ਤੱਤਾਂ ਦਾ ਵੀ ਉਨ੍ਹਾਂ ਨੇ ਉਸੇ ਰੂਪ ਵਿਚ ਵਰਣਨ ਕੀਤਾ ਹੈ। ਫਿਰ ਵੀ ਰਾਸ਼ਟਰੀ ਏਕਤਾ ਅਤੇ ਸਭਿਆਚਾਰਿਕ ਸੰਗਠਨ ਨੂੰ ਧਿਆਨ ਵਿਚ ਰਖਦੇ ਹੋਏ ਉਨ੍ਹਾਂ ਨੇ ਹਿੰਦੂ-ਸਿੱਖ ਦਾ ਸੁਮੇਲ ਕਰਨ ਦਾ ਯਤਨ ਕੀਤਾ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਵਿਚਾਰਾਂ ਵਿਚ ਐਸੇ ਤੱਤਾਂ ਦਾ ਵੀ ਵਰਣਨ ਕੀਤਾ ਗਿਆ ਹੈ ਜੋ ਆਧੁਨਿਕ ਸਿੱਖ ਵਿਚਾਰਕਾਂ ਅਨੁਸਾਰ ਵੱਖਰੀ ਭਾਤ ਦੇ ਹਨ। ਇਕ ਥਾਂ ਉੱਤੇ ਪ੍ਰਾਚੀਨ ਭਾਰਤੀ ਦਰਸ਼ਨ ਅਨੁਸਾਰ, ਗਿਆਨ, ਕਰਮ, ਯੋਗ, ਭਗਤੀ ਆਦਿ ਦਾ ਵਿਵੇਚਨ ਕਰਨ ਬਾਅਦ 'ਗੁਰਮਤਿ' ਦਾ ਵਿਵੇਚਨ ਕਰਨ ਦਾ ਉਨ੍ਹਾਂ ਦਾ ਇਹੀ ਉਦੇਸ਼ ਸੀ। ਉਹ ਇਹ ਸਿੱਧ ਕਰਨਾ ਚਾਹੁੰਦੇ ਸਨ ਕਿ 'ਗੁਰਮਤਿ' ਮੂਲ ਰੂਪ ਵਿਚ ਸ਼ੁੱਧ ਭਾਰਤੀ ਦਰਸ਼ਨ ਉੱਤੇ ਹੀ ਆਧਾਰਤ ਹੈ। ਵੈਸੇ ਵੀ ਉਹ ਗੁਰੂਆਂ ਨੂੰ ਹਿੰਦੂ ਧਰਮ ਦੇ ਰੱਖਿਅਕ ਜਾਂ ਤੁਰਕਾਂ ਤੋਂ ਉਨ੍ਹਾਂ ਦੀ ਰਖਿਆ ਕਰਨ ਲਈ ਅਵਤਾਰ ਲਿਆ ਮੰਨਦੇ ਹਨ। ਉਨ੍ਹਾਂ ਦੀ ਇਹ ਸਮਨਵੈ-ਭਾਵਨਾ ਅੱਜ ਦੇ ਯੁੱਗ ਵਿਚ, ਜਦੋਂ ਕਿ ਰਾਸ਼ਟਰੀ ਭਾਵਾਤਮਿਕ ਏਕਤਾ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਹੈ, ਵਿਸ਼ੇਸ਼ ਮਹੱਤਵ ਰਖਦੀ ਹੈ।

'ਗੁਰ ਪ੍ਰਤਾਪ ਸੂਰਜ' ਵਿਚ ਕਵੀ ਨੇ ਸ਼ਹਿਰਾਂ, ਜੰਗਲਾਂ, ਬਾਗਾਂ, ਪਿੰਡਾਂ, ਘੋੜਿਆਂ, ਪਸ਼ੂ-ਪੰਛੀਆਂ, ਤੰਬੂਆਂ, ਇਸਤਰੀ-ਪੁਰਸ਼ਾਂ ਦੀ ਸੁੰਦਰਤਾ, ਵੇਸ਼-ਭੂਸ਼ਾ, ਗਹਿਣਿਆਂ, ਸਭਾਵਾਂ, ਮੰਡਪਾਂ, ਵਿਆਹ, ਯੁੱਧ, ਸ਼ਿਕਾਰ ਅਤੇ ਹੋਲੀ ਆਦਿ ਤਿਉਹਾਰਾਂ ਦੇ ਅਤਿਅੰਤ ਵਿਸ਼ਾਲ, ਸਜੀਵ, ਸੁਭਾਵਿਕ ਅਤੇ ਮਨੋਹਰ ਚਿੱਤਰ ਪੇਸ਼ ਕੀਤੇ ਹਨ। ਇਹ ਸਾਰੇ ਵਰਣਨ ਪ੍ਰਸੰਗ ਅਤੇ ਦੇਸ਼ ਕਾਲ ਅਨੁਸਾਰ ਹਨ ਅਤੇ ਉਨ੍ਹਾਂ ਨੂੰ ਕਥਾ ਦੀ ਜ਼ਰੂਰਤ ਅਤੇ ਅਨੁਪਾਤ ਅਨੁਸਾਰ ਹੀ ਵਿਸਥਾਰ ਦਿੱਤਾ ਗਿਆ ਹੈ। ਉਹ ਕਥਾਨਕ ਦੀ ਚਾਲ ਅਤੇ ਪ੍ਰਵਾਹ ਵਿਚ ਰੁਕਾਵਟ ਪੈਦਾ ਨਹੀਂ ਕਰਦੇ, ਸਗੋਂ ਉਸ ਨੂੰ ਰਸਮਈ ਰੋਚਕ ਅਤੇ ਕਾਵਿਮਈ ਬਣਾਉਂਦੇ ਹਨ।

ਇਸ ਵਿਵੇਚਨ ਨਾਲ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਭਾਈ ਸੰਤੋਖ ਸਿੰਘ ਇਕ ਲੋਕ-ਨਾਇਕ ਅਤੇ ਯੁੱਗ-ਪਰਿਵਰਤਨ ਕਵੀ ਸਨ ਅਤੇ 'ਗੁਰ ਪ੍ਰਤਾਪ ਸੂਰਜ' ਇਕ ਇਤਿਹਾਸਿਕ ਮਹੱਤਵ ਵਾਲੀ ਰਚਨਾ ਹੈ। ਇਹ ਪੌਰਾਣਿਕ ਭਾਵਨਾ ਨਾਲ ਪ੍ਰੇਰਿਤ ਇਕ ਇਤਿਹਾਸਿਕ ਕਾਵਿ ਹੈ, ਜਿਸ ਵਿਚ ਸਿੱਖ ਗੁਰੂਆਂ ਦੀ ਚਰਿੱਤਰ-ਕਥਾ ਅਤੇ ਉਨ੍ਹਾਂ ਦੀ ਚਿੰਤਨ-ਧਾਰਾ ਦਾ ਸੁੰਦਰ ਰੂਪ ਵਿਚ ਵਰਣਨ ਹੋਇਆ ਹੈ। ਯੁੱਗ-ਪਰਿਵੇਸ਼ ਦਾ ਵਿਸ਼ਾਲ ਅਤੇ ਯਥਾਰਥ ਚਿੱਤਰਣ ਕਰਦੇ ਹੋਏ ਕਵੀ ਨਵੀਂ ਸਭਿਆਚਾਰਿਕ ਅਤੇ ਰਾਸ਼ਟਰੀ ਏਕਤਾ ਨੂੰ ਜਾਗ੍ਰਿਤ ਕਰਦਾ ਹੈ। ਉਹ ਹਿੰਦੂਆਂ ਤੇ ਸਿੱਖਾਂ ਦੀ ਸਭਿਆਚਾਰਿਕ ਏਕਤਾ ਨੂੰ ਦ੍ਰਿੜ ਕਰਦਾ ਹੈ ਅਤੇ ਮਾਨਵ-ਮੰਗਲਕਾਰੀ ਭਾਵਨਾਵਾਂ ਨੂੰ ਸਹਾਰਾ ਦਿੰਦਾ ਹੈ। ਸਮਾਜਿਕ ਬਰਾਬਰਤਾ ਅਤੇ ਮਾਨਵੀ ਏਕਤਾ ਦਾ ਪ੍ਰਸਾਰ ਕਰਦਾ ਹੈ। ਸੱਚ ਅਤੇ ਨਿਆਂ ਦੀ ਰਖਿਆ ਲਈ ਅਸਤਿ, ਅਧਰਮ, ਅਨੀਤੀ, ਅਨਿਆਂ ਅਤੇ ਅਤਿਆਚਾਰ ਦਾ ਸਾਹਸਪੂਰਬਕ ਵਿਰੋਧ ਕਰਨ ਦਾ ਉਤਸਾਹ ਪੈਦਾ ਕਰਦਾ ਹੈ। ਜਦੋਂ ਕਿ ਇਸ ਵਿਚ ਵਰਣਨਾਤਮਿਕਤਾ ਜ਼ਿਆਦਾ ਹੈ ਫਿਰ ਵੀ ਮਨੋਵੇਗਾਂ ਦੀ ਪ੍ਰਭਾਵਸ਼ਾਲੀ ਅਭਿਵਿਅਕਤੀ, ਵਸਤੂ-ਵਰਣਨ ਦੀ ਮਨਮੋਹਕਤਾ ਅਤੇ ਅਲੰਕਾਰਾਂ ਦੀ ਸੋਹਜਾਤਮਿਕ ਦ੍ਰਿਸ਼ਟੀ ਤੋਂ 'ਗੁਰ ਪ੍ਰਤਾਪ ਸੂਰਜ' ਇਕ ਸਰਵੋੱਤਮ ਕਾਵਿ-ਰਚਨਾ ਹੈ।

## ਹਵਾਲੇ

[2]ਗੁਰ ਪ੍ਰਤਾਪ ਸੂਰਜ, ਰਾ. 1 : 5 : 9-15
[3]ਗੁਰੂ ਨਾਨਕ ਪ੍ਰਕਾਸ਼, ਉੱਤਰਾਰਧ 57 : 90-91 ਪ੍ਰ, 52-50
[4]ਪਰਿਹ ਸੁਨਹਿ ਇਤਿਹਾਸ ਕੋ ਆਸਾ ਪੂਰਣ ਹਇ 11 (. 1/28/54)
[5]ਕਹਨਿ ਲਾਗੇ ਇਤਿਹਾਸ ਪੁਰਾਤਨਿ।

## 3

# ਭਾਈ ਸੰਤੋਖ ਸਿੰਘ ਅਤੇ ਉਨ੍ਹਾਂ ਦਾ ਯੁੱਗ

ਸਾਹਿਤ ਮੂਲ ਰੂਪ ਵਿਚ ਵਿਅਕਤੀਗਤ ਸੰਵੇਦਨਸ਼ੀਲਤਾ ਅਤੇ ਸਿਰਜਨਸ਼ੀਲ ਪ੍ਰਤਿਭਾ ਦਾ ਪਰਿਣਾਮ ਹੁੰਦਾ ਹੈ, ਫਿਰ ਵੀ ਯੁੱਗ-ਪਰਿਵੇਸ਼ ਜਾਂ ਯੁਗੀਨ ਮਾਨਸਿਕਤਾ ਤੋਂ ਉਹ ਹਮੇਸ਼ਾਂ ਅਛੋਹ ਅਤੇ ਅਪ੍ਰਭਾਵਿਤ ਨਹੀਂ ਰਹਿ ਸਕਦਾ। ਸਾਹਿਤ ਨਾ ਤਾਂ ਯੁੱਗ ਪਰਿਸਥਿਤੀਆਂ ਦਾ ਦਰਪਨ ਮਾਤਰ ਹੁੰਦਾ ਹੈ ਅਤੇ ਨਾ ਹੀ ਸਮਾਜ ਦਾ ਕ੍ਰਿਆਹੀਣ ਪ੍ਰਤਿਬਿੰਬ, ਫਿਰ ਵੀ ਯੁੱਗ ਜੀਵਨ ਅਤੇ ਯੁੱਗ ਬੋਧ ਨਾਲ ਉਸ ਦਾ ਡੂੰਘਾ ਸੰਬੰਧ ਹੁੰਦਾ ਹੈ। ਇਤਿਹਾਸਿਕ ਘਟਨਾਵਾਂ ਨੂੰ ਲੈ ਕੇ ਲਿਖੇ ਗਏ ਕਾਵਿ ਵਿਚ ਇਹ ਸੰਬੰਧ ਹੋਰ ਵੀ ਜ਼ਿਆਦਾ ਵਿਆਪਕ, ਦ੍ਰਿੜ੍ਹ ਬਹੁ-ਆਯਾਮੀ ਤੇ ਵਿਸਥਾਰ ਵਾਲਾ ਹੁੰਦਾ ਹੈ। ਪਰੰਤੂ ਕਲਪਨਾਸ਼ੀਲ ਅਤੇ ਸੁਤੰਤਰ ਰੂਪ ਵਿਚ ਚੇਤਨ ਹੋਣ ਨਾਤੇ ਇਕ ਪ੍ਰਤਿਭਾਵਾਨ ਸਾਹਿਤਕਾਰ ਯੁੱਗ ਪਰਿਵੇਸ਼ ਨੂੰ ਆਪਣੀ ਨਿੱਜੀ ਮਾਨਸਿਕਤਾ, ਦ੍ਰਿਸ਼ਟੀ ਅਤੇ ਉਦੇਸ਼ ਅਨੁਸਾਰ ਹੀ ਪ੍ਰਗਟ ਕਰਦਾ ਹੈ।

ਇਤਿਹਾਸਿਕ ਕਾਵਿ ਪੁਸਤਕਾਂ ਵਿਚ ਕਵੀ ਨੂੰ ਇਕ ਸਮੇਂ ਕਈ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਿਲਾਂ ਤਾਂ ਉਸ ਨੇ ਉਸ ਯੁੱਗ ਦੀ ਸਥਿਤੀ ਅਤੇ ਪਰਿਵੇਸ਼ ਦਾ ਯਥਾਰਥਿਕ ਅਤੇ ਸਜੀਵ ਚਿੱਤਰ ਪੇਸ਼ ਕਰਨਾ ਹੁੰਦਾ ਹੈ, ਜਿਸ ਯੁੱਗ ਨਾਲ ਉਹ ਰਚਨਾ ਸੰਬੰਧ ਰਖਦੀ ਹੈ, ਫਿਰ ਉਸ ਨੇ ਇਹ ਵੀ ਸਪੱਸ਼ਟ ਕਰਨਾ ਹੁੰਦਾ ਹੈ ਕਿ ਉਸ ਦੇ ਚਰਿੱਤ ਨਾਇਕ ਨੇ ਉਨ੍ਹਾਂ ਪਰਸਥਿਤੀਆਂ ਵਿਚ ਕਿਹੜੀਆਂ ਕਿਹੜੀਆਂ ਪੱਧਰਾਂ ਉੱਤੇ, ਕਿਸ ਤਰ੍ਹਾਂ ਅਤੇ ਕੀ ਹੋਰ ਯੁੱਗਾਂਤਰਾਂ ਪੇਸ਼ ਕੀਤਾ ਹੈ, ਅਤੇ ਇਕ ਇਤਿਹਾਸ ਪੁਰਸ਼ ਰੂਪ ਵਿਚ ਉਸ ਦਾ ਕੀ ਯੋਗਦਾਨ ਜਾਂ ਮਹੱਤਵ ਸੀ। ਿਪਸ ਦੇ ਨਾਲ ਹੀ ਉਸ ਨੂੰ ਆਪਣੇ ਯੁੱਗ ਦੀਆਂ ਜ਼ਰੂਰਤਾਂ, ਮੰਗਾਂ ਅਤੇ ਚਣੌਤੀਆਂ ਨਾਲ ਵੀ ਜੂਝਣਾ ਪੈਂਦਾ ਹੈ। ਆਪਣੇ ਯੁਗ ਪਰਿਵੇਸ਼ ਨੂੰ ਕਥਾ-ਤੱਤ ਵਿਚ ਆਰੋਪਤ ਕਰਦੇ ਹੋਏ ਆਪਣੇ ਯੁੱਗ ਦੀ ਸਭਿਆਚਾਰਿਕ ਸਮਾਜਿਕ ਅਤੇ ਰਾਜਨੀਤਕ ਸ਼ਕਤੀਆਂ ਜਾਂ ਨਵੀਂ ਮਾਨਸਿਕਤਾ ਦਾ ਵਿਵੇਚਨ ਕਰਦੇ ਹੋਏ ਉਨ੍ਹਾਂ ਪ੍ਰਤੀ ਆਪਣੀ ਪ੍ਰਤਿਕ੍ਰਿਆ ਬਿਆਨ ਕਰਨੀ ਹੁੰਦੀ ਹੈ। ਆਪਣੇ ਮਨਨ ਅਤੇ ਚਿੰਤਨ ਦੇ ਆਧਾਰ ਉੱਤੇ ਕਵੀ ਨੇ ਸਭਿਆਚਾਰਿਕ ਸਮਾਜਿਕ ਸੰਰਚਨਾ, ਨਵੀਂ ਦ੍ਰਿਸ਼ਟੀ ਅਤੇ ਦਿਸ਼ਾ ਦਾ ਸੰਕੇਤ ਕਰਨਾ ਹੁੰਦਾ ਹੈ। ਸਾਹਿਤ ਕੇਵਲ ਸਮਕਾਲੀਨਤਾ ਦਾ ਸੂਚਕ ਨਹੀਂ ਹੈ। ਸਾਹਿਤ ਇਕ ਐਸੀ ਅਮਰ ਜੋਤੀ ਹੈ, ਜਿਸ ਦਾ ਪ੍ਰਕਾਸ਼ ਅਨੰਤ ਕਾਲ ਤਕ ਪ੍ਰਵਾਹਮਾਨ ਰਹਿੰਦਾ ਹੈ ਅਤੇ ਉਹ ਯੁੱਗ ਯੁੱਗ ਦੇ ਅੰਧਕਾਰ ਨੂੰ ਦੂਰ ਕਰਨ ਦੀ ਸ਼ਕਤੀ ਰਖਦਾ ਹੈ। ਇਹੀ

ਕਾਰਨ ਹੈ ਕਿ ਸਮਾਂ ਬੀਤਣ ਤੋਂ ਬਾਅਦ ਵੀ ਹਰੇਕ ਰਚਨਾ ਦਾ ਅਧਿਐਨ ਅਤੇ ਮੁਲਾਂਕਣ ਹੁੰਦਾ ਰਹਿੰਦਾ ਹੈ ਅਤੇ ਹਰੇਕ ਪਾਠਕ ਆਪਣੀ ਸਮਕਾਲੀਨਤਾ ਅਤੇ ਆਪਣੀ ਮਾਨਸਿਕਤਾ ਦੇ ਸੰਦਰਭ ਵਿਚ ਉਸ ਰਚਨਾ ਦੀ ਪ੍ਰਸੰਗਕਤਾ ਅਤੇ ਲਾਭ ਦੀ ਪਰਖ ਕਰਦਾ ਰਹਿੰਦਾ ਹੈ।

ਭਾਈ ਸੰਤੋਖ ਸਿੰਘ ਦੀਆਂ ਅਮਰ ਰਚਨਾਵਾਂ "ਗੁਰ ਪ੍ਰਤਾਪ ਸੂਰਜ', ਅਤੇ 'ਗੁਰੂ ਨਾਨਕ ਪ੍ਰਕਾਸ਼' ਉਪਰੋਕਤ ਸਾਰੀਆਂ ਚਣੌਤੀਆਂ ਦਾ ਸਮਰੱਥਤਾ ਅਤੇ ਸਾਰਥਕਤਾ ਨਾਲ ਸਾਹਮਣਾ ਕਰਨ ਵਾਲੀਆਂ ਵਿਲੱਖਣ ਮਹੱਤਵ ਦੀਆਂ ਰਚਨਾਵਾਂ ਹਨ। 'ਗੁਰ ਪ੍ਰਤਾਪ ਸੂਰਜ' 19ਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖਿਆ ਗਿਆ ਇਕ ਵੱਡ-ਅਕਾਰੀ ਮਹਾਨ ਕਾਵਿ ਹੈ, ਜਿਸ ਵਿਚ ਦਸ ਸਿੱਖ ਗੁਰੂਆ ਦੇ ਜੀਵਨ ਅਤੇ ਚਿੰਤਨਧਾਰਾ ਨੂੰ ਕਥਾਨਕ ਦਾ ਆਧਾਰ ਬਣਾਇਆ ਗਿਆ ਹੈ। ਇਸ ਵਿਚ ਇਕ ਪਾਸੇ ਜੇ ਗੁਰੂਆਂ ਦੇ ਜੀਵਨ ਚਰਿੱਤ ਅਤੇ ਉਨ੍ਹਾਂ ਦੇ ਯੁੱਗ ਦੇ ਸਾਰੇ ਇਤਿਹਾਸਿਕ, ਸਮਾਜਿਕ, ਸਭਿਆਚਾਰਿਕ ਵਾਤਾਵਰਣ ਦਾ ਜੀਉਂਦਾ ਜਾਗਦਾ ਚਿੱਤਰਣ ਪੇਸ਼ ਹੋਇਆ ਹੈ, ਤਾਂ ਦੂਜੇ ਪਾਸੇ ਉਸ ਪਰਿਵੇਸ਼ ਦੀ ਪਿੱਠਭੂਮੀ ਵਿਚ ਗੁਰੂਆਂ ਨੇ ਜ ਨਵੀਂ ਸਭਿਆਚਾਰਿਕ, ਸਮਾਜਿਕ ਚੇਤਨਾ ਦਾ ਵਰਣਨ ਕੀਤਾ, ਉਸ ਦੀ ਸ਼ਰਧਾ ਪੂਰਬਕ ਅਭਿਵਿਅਕਤੀ ਕੀਤੀ ਗਈ ਹੈ। ਇਸ ਲਈ ਇਸ ਨੂੰ ਸਿੱਖ ਇਤਿਹਾਸ, ਧਰਮ, ਦਰਸ਼ਨ ਅਤੇ ਸਭਿਆਚਾਰ ਦਾ 'ਵਿਸ਼ਵਕੋਸ਼, ਕਿਹਾ ਜਾਂਦਾ ਹੈ। ਇੱਥੇ ਹੀ ਬਸ ਨਹੀਂ ਇਹ ਹਿੰਦੂਆਂ ਲਈ ਉਨ੍ਹਾਂ ਸੰਪੂਰਨ ਸਭਿਆਚਾਰਿਕ ਪਰੰਪਰਾਵਾ ਦਾ ਵੀ ਸਾਗਰ ਹੈ, ਜੋ ਭਾਈ ਸੰਤੋਖ ਸਿੰਘ ਦੇ ਨਿੱਜੀ ਪਰਿਵੇਸ਼ ਨਾਲ ਸੰਬੰਧਤ ਹਨ। ਇਸ ਵਿਚ ਜਿੱਥੇ ਇਕ ਪਾਸੇ ਸਿੱਖ ਗੁਰੂਆਂ ਦੇ ਜੀਵਨ ਕਾਲ ਦਾ ਲਗਭਗ 300 ਵਰ੍ਹਿਆਂ ਦਾ ਸਭਿਆਚਾਰਿਕ ਇਤਿਹਾਸ ਪ੍ਰਾਪਤ ਹੁੰਦਾ ਹੈ, ਉੱਥੇ 19ਵੀਂ ਸਦੀ ਦੇ ਪਹਿਲੇ ਅਧ ਦੀਆਂ (ਜਦ ਇਸ ਗ੍ਰੰਥ ਦੀ ਰਚਨਾ ਹਈ) ਸਾਰੀਆਂ ਇਤਿਹਾਸਿਕ, ਸਭਿਆਚਾਰਿਕ, ਸਮਾਜਿਕ ਪਰਿਸਥਿਤੀਆ, ਉਸ ਯੁੱਗ ਦੀ ਮਾਨਸਿਕਤਾ ਅਤੇ ਚਣੌਤੀਆਂ ਦਾ ਵੀ ਯਥਾਰਥਕ ਚਿੱਤਰਣ ਹੋਇਆ ਹੈ। ਭਾਈ ਸੰਤੋਖ ਸਿੰਘ ਨੇ ਆਪਣੀ ਪ੍ਰਤਿਭਾ ਅਤੇ ਚਿੰਤਨ ਦੇ ਬਲ ਉੱਤੇ ਉਸ ਮਾਨਸਿਕਤਾ ਨੂੰ ਜੋ ਨਵੀਂ ਦਿਸ਼ਾ ਅਤੇ ਪਹਿਲੂ ਦਿੱਤੇ ਹਨ, ਉਨ੍ਹਾਂ ਦੀ ਸਹਿਜੇ ਹੀ ਜਾਣਕਾਰੀ ਮਿਲਦੀ ਹੈ।

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸਮਨਵੈਵਾਦੀ ਅਤੇ ਮਾਨਵਤਾਵਾਦੀ ਪ੍ਰਵਿਰਤੀਆਂ ਆਪਣੇ ਵਿਸ਼ੇਸ਼ ਯੁੱਗ ਦੀ ਪ੍ਰਾਸੰਗਕਤਾ ਕਾਰਨ ਲਈਆਂ ਗਈਆ ਹਨ। ਇਸ ਪ੍ਰਕਾਰ ਇਹ ਗ੍ਰੰਥ ਅਨੇਕ ਪੱਧਰਾਂ ਉੱਤੇ ਮੱਧਯੁਗੀਨ ਅਤੇ ਆਧੁਨਿਕ ਮਾਨਸਿਕਤਾ ਨੂੰ ਉਜਾਗਰ ਕਰਕੇ ਅਤੇ ਹਲੂਣ ਕੇ ਨਵੀਂ ਦਿਸ਼ਾ ਪ੍ਰਦਾਨ ਕਰਦਾ ਵਿਖਾਈ ਦਿੰਦਾ ਹੈ।

ਭਾਈ ਸੰਤੋਖ ਸਿੰਘ ਇਕ ਯੁੱਗ ਪ੍ਰਵਰਤਿਕ ਕਵੀ ਸਨ, ਇਸ ਲਈ ਇਸ ਇਤਿਹਾਸਿਕ ਹਵਾਲੇ ਦਾ ਲਾਭ ਉਨ੍ਹਾਂ ਨੇ ਆਪਣੇ ਯੁੱਗ ਪਰਿਵੇਸ਼ ਦੇ ਪ੍ਰਸੰਗ ਵਿਚ ਸਫਲਤਾ ਨਾਲ ਕੀਤਾ ਹੈ ਅਤੇ ਆਪਣੀਆਂ ਯੁੱਗ ਪਰਿਸਥਿਤੀਆਂ ਨੂੰ ਧਿਆਨ ਵਿਚ ਰਖਦੇ ਹੋਏ ਗੁਰੂਆਂ ਦੇ ਇਤਿਹਾਸ ਦੇ ਮਾਧਿਅਮ ਨਾਲ ਲੋਕ ਜੀਵਨ ਵਿਚ ਇਕ ਨਵੀਂ ਸਭਿਆਚਾਰਿਕ ਅਤੇ ਰਾਸ਼ਟਰੀ ਚੇਤਨਾ ਦਾ ਸੰਚਾਰ ਕੀਤਾ ਹੈ। ਆਪਣੇ ਯੁੱਗ ਬੋਧ ਨੂੰ ਪ੍ਰਗਟ ਕੀਤਾ ਹੈ। 'ਗੁਰ

ਪ੍ਰਤਾਪ ਸੂਰਜ' ਵਿਚ ਜੋ ਮੁਗਲ ਵਿਰੋਧੀ ਸਵੱਰ ਹੈ, ਇਹ ਉਸ ਦੀ ਦੇਣ ਹੈ।[6] ਇਸ ਰਚਨਾ ਦੇ ਰੂਪਕ ਵਿਚ ਤੁਰਕ ਸ਼ਾਸ਼ਕਾਂ, ਉਨ੍ਹਾਂ ਦੇ ਅਤਿਆਚਾਰਾਂ, ਉਮਰਾਵਾਂ, ਮੁੱਲਾਂ, ਸ਼ਰ੍ਹਾ ਆਦਿ ਲਈ ਹਨੇਰਾ, ਉੱਲੂ, ਚਮਗ ਦੜ ਗਿੱਦੜ ਆਦਿ ਪ੍ਰਤੀਕਾਂ ਦਾ ਪ੍ਰਯੋਗ ਵੀ ਇਸੇ ਪ੍ਰਵਿਤ੍ਰੀ ਦਾ ਸੂਚਕ ਹੈ। ਗੁਰੂ ਨਾਨਕ ਦੀ ਤਰ੍ਹਾਂ ਉਸ ਦੀ ਮਸਨਤਾ ਹਿੰਸਕ ਪਸ਼ੂਆਂ ਨਾਲ ਵੀ ਵਿਖਾਈ ਗਈ ਹੈ। 'ਗੁਰ ਪ੍ਰਤਾਪ ਸੂਰਜ' ਵਿਚ ਤਾਂ ਕਈ ਨੇ ਅੰਗ੍ਰੇਜ਼ਾਂ ਦੁਆਰਾ ਕੈਬਲ ਦੀ ਲੁੱਟ ਪ੍ਰਤੀ ਆਪਣੀ ਪ੍ਰਤਿਕ੍ਰਿਆ ਵੀ ਪ੍ਰਗਟ ਕੀਤੀ ਹੈ, ਜੋ ਉਸ ਦੀ ਦੇਸ਼ ਪ੍ਰੇਮ ਦੀ ਭਾਵਨਾ ਨੂੰ ਪ੍ਰਗਟ ਕਰਦੀ ਹੈ। ਨਿਰਸੰਦੇਹ, ਕਵੀ ਇਸ ਇਤਿਹਾਸਿਕ ਕਥਾਨਕ ਦੇ ਮਾਧਿਅਮ ਨਾਲ ਰਾਸ਼ਟਰੀ ਅਤੇ ਸਭਿਆਚਾਰਿਕ ਚੇਤਨਾ ਜਾਗ੍ਰਿਤ ਕਰਨ, ਧਰਮ ਤੇ ਨਿਆਂ ਦੀ ਰੱਖਿਆ, ਅਨਿਆਂ ਅਤੇ ਅਧਰਮ ਦਾ ਸਾਹਸਪੂਰਵਕ ਵਿਰੋਧ ਕਰਨ ਦੀ ਭਾਵਨਾ ਨੂੰ ਉਤੇਜਿਤ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ। ਭਾਈ ਸੰਤੋਖ ਸਿੰਘ ਜੀ ਨੇ ਗੁਰੂਆਂ ਦੀ ਚਿੰਤਨਧਾਰਾ ਦੇ ਚਾਣਨ ਵਿਚ ਆਪਣੇ ਯੁੱਗ ਦੇ ਜਨ-ਸਮੂਹ ਦੀਆਂ ਮਨੋਵਿਤ੍ਰੀਆਂ ਦੀ ਸ਼ੁੱਧੀ ਕਰਨ ਅਤੇ ਉੱਪਰ ਉਠਾਉਣ ਦਾ ਕਲਿਆਣਕਾਰੀ ਕਾਰਜ ਵੀ ਕੀਤਾ ਗਿਆ ਹੈ।

**ਯੁੱਗ-ਚਿੱਤਰ ਅਤੇ ਯੁੱਗ-ਬੋਧ**

ਭਾਈ ਸੰਤੋਖ ਸਿੰਘ ਨੇ ਆਪਣੇ ਇਤਿਹਾਸ-ਗਿਆਨ ਦੇ ਨਾਲ ਆਪਣੇ ਯੁੱਗ-ਬੋਧ ਦਾ ਵੀ ਸੁੰਦਰ ਸੁਮੇਲ ਸਥਾਪਿਤ ਕੀਤਾ ਹੈ। 'ਗੁਰ ਪ੍ਰਤਾਪ ਸੂਰਜ' ਅਤੇ 'ਗੁਰੂ ਨਾਨਕ ਪ੍ਰਕਾਸ਼' ਦਾ ਯੁੱਗ ਚਿੱਤਰ ਅਤਿਅੰਤ ਵਿਆਪਕ ਹੈ। ਇਨ੍ਹਾਂ ਵਿਚ ਉਸ ਯੁੱਗ ਦੇ ਪੰਜਾਬ ਦਾ ਸਭਿਆਚਾਰਿਕ ਅਤੇ ਸਮਾਜਿਕ ਜੀਵਨ ਸਜੀਵ ਬਣ ਗਿਆ ਹੈ। ਇਨ੍ਹਾਂ ਵਿਚ ਲਗਭਗ 300 ਵਰ੍ਹਿਆਂ ਦੀ ਧਾਰਮਿਕ, ਸਭਿਆਚਾਰਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਅਵਸਥਾ ਦਾ ਯਥਾਰਥਿਕ ਵਰਣਨ ਹੋਇਆ ਹੈ।

ਯੁੱਗ ਦੀ ਧਾਰਮਿਕ ਅਵਸਥਾ ਦਾ ਚਿੱਤਰਣ ਕਰਦੇ ਹੋਏ ਕਵੀ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਅਨੇਕ ਮਤਾਂ, ਪੰਥਾਂ, ਸੰਪਰਦਾਵਾਂ ਦਾ ਵਰਣਨ ਕੀਤਾ ਹੈ। ਸਿੱਧਾਂ, ਨਾਥਾਂ-ਜੋਗੀਆਂ ਨਾਲ ਵੀ ਕਈ ਵਾਰ ਚਰਚਾ ਹੁੰਦੀ ਹੈ। ਇਹ ਸਿੱਧ, ਕਰਾਮਾਤਾਂ ਵਿਖਾ ਕੇ ਲੋਕਾਂ ਨੂੰ ਹੈਰਾਨ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਤਪੱਸਵੀ, ਜਤੀ, ਬ੍ਰਹਮਚਾਰੀ ਅਵਧੂਤ, ਸੰਨਿਆਸੀ, ਵੈਰਾਗੀ, ਸਾਧੂ, ਗਿਆਨੀ, ਸੰਤ, ਮਹੰਤ, ਦਿਗੰਬਰ, ਵੈਸ਼ਨਵ, ਸ਼ੈਵ, ਦੇਵੀ-ਉਪਾਸ਼ਕ, ਸੂਫੀ, ਮੁੱਲਾਂ, ਪੀਰ, ਫਕੀਰ, ਅਨੇਕ ਪ੍ਰਕਾਰ ਦੇ ਸਾਧਕਾਂ ਦੀ ਚਰਚਾ ਇਸ ਗ੍ਰੰਥ ਵਿਚ ਮਿਲਦੀ ਹੈ। ਤਪੱਸਵੀਆਂ ਦੇ ਆਸ਼ਰਮ ਦਾ ਹੂ-ਬ-ਹੂ ਚਿੱਤਰਣ ਕਰਦੇ ਹੋਏ ਕਵੀ ਲਿਖਦਾ ਹੈ : "ਕੋਈ ਉੱਥੇ ਉਲਟਾ ਲਟਕਿਆ ਹੋਇਆ ਹੈ, ਕੋਈ ਇਕ ਪੈਰ ਉੱਤੇ ਖੜ੍ਹਾ ਹੋਇਆ ਹੈ, ਕੋਈ ਗਲੇ ਤਕ ਠੰਡੇ ਪਾਣੀ ਵਿਚ ਖੜ੍ਹਾ ਹੈ, ਕੋਈ ਅੱਗ ਦੀ ਉਪਾਸਨਾ ਕਰ ਰਿਹਾ ਹੈ, ਕੋਈ ਜਲ ਉੱਤੇ ਨਿਰਭਰ ਹੈ, ਕੋਈ ਨਿਰਾਹਾਰੀ ਹੈ, ਕੋਈ ਜਟਾਧਾਰੀ ਹੈ, ਕੋਈ ਰੁੱਖ ਦੇ ਛਿਲਕੇ ਦਾ ਕਪੜਾ ਪਾਈ ਬੈਠਾ ਹੈ, ਕੋਈ ਮ੍ਰਿਗਛਾਲਾ ਉੱਤੇ ਬੈਠਾ ਯੋਗ ਸਾਧਨਾ ਕਰ ਰਿਹਾ ਹੈ, ਅਤੇ ਕੋਈ ਭਗਵਾਨ ਦੀ ਕਥਾ ਸੁਣ ਰਿਹਾ ਹੈ।

(ਗੁਰੂ ਨਾਨਕ ਪ੍ਰਕਾਸ਼)

ਇਨ੍ਹਾਂ ਦੋਵੇਂ ਰਚਨਾਵਾਂ ਅਨੁਸਾਰ ਇਸ ਯੁੱਗ ਵਿਚ ਸਧਾਰਨ ਲੋਕ ਆਸਤਿਕ ਸਨ ਅਤੇ ਧਰਮ ਤੋਂ ਡਰਦੇ ਸਨ। ਈਸ਼ਵਰ, ਜਨਮ-ਮਰਨ (ਆਵਾਗਮਨ), ਕਰਮ ਫਲ, ਭਾਗਵਾਦ ਆਦਿ ਵਿਚ ਉਨ੍ਹਾਂ ਦੀ ਪੂਰੀ ਸ਼ਰਧਾ ਸੀ। ਜਪ, ਤਪ, ਯੋਗ, ਯੱਗ, ਵਰਤ, ਦਾਨ, ਤੀਰਥ-ਸਥਾਨ ਸਾਲਗ੍ਰਾਮ ਪੂਜਾ ਅਤੇ ਅਵਤਾਰਵਾਦ ਵਿਚ ਵੀ ਉਨ੍ਹਾਂ ਦਾ ਵਿਸ਼ਵਾਸ ਸੀ। ਲੋਕ ਜੋਗੀਆਂ, ਤਪੱਸਵੀਆ, ਫਕੀਰਾਂ ਦੇਵ-ਦੇਹਰਾ ਆਦਿ ਨੂੰ ਵੀ ਪੂਜਦੇ ਸਨ। ਦੇਵੀ ਉਪਾਸ਼ਕਾਂ ਵਿਚ ਬਲੀ ਦੇਣ ਦੀ ਪ੍ਰਥਾ ਵੀ ਸੀ। ਤਪ ਦੇ ਪ੍ਰਭਾਵ ਵਿਚ ਵੀ ਉਨ੍ਹਾਂ ਦਾ ਵਿਸ਼ਵਾਸ ਸੀ। ਕੁਝ ਹਿੰਦੂ, ਕਬਰਾਂ ਤਕ ਨੂੰ ਪੂਜਦੇ ਸਨ। ਧਰਮ ਦੇ ਖੇਤਰ ਵਿਚ ਜੋ ਝੂਠ ਪਾਖੰਡ ਅਤੇ ਆਡੰਬਰ ਸਨ, ਕਵੀ ਨੇ ਉਨ੍ਹਾ ਦਾ ਵੀ ਵਰਣਨ ਕੀਤਾ ਹੈ, ਅਤੇ ਗੁਰੂਆਂ ਨੇ ਜਿਸ ਪ੍ਰਕਾਰ ਐਸੇ ਕਪਟੀਆਂ ਦਾ ਨਿਖੇਧ ਕੀਤਾ, ਉਸ ਉੱਤੇ ਵੀ ਵਿਸਥਾਰ ਨਾਲ ਚਾਣਨਾ ਪਾਇਆ ਹੈ।

ਇਹ ਸ਼ਰਧਾ ਅਤੇ ਵਿਸ਼ਵਾਸ ਦਾ ਯੁੱਗ ਸੀ। ਭਾਈ ਸੰਤੋਖ ਸਿੰਘ ਦਾ ਕਥਨ ਹੈ ਕਿ 'ਸ਼ਰਧਾ ਤਿਆਗਣ ਨਾਲ ਅਨੇਕ ਦੋਸ਼ ਆ ਜਾਦੇ ਹਨ।'[7] ਹਰਿ ਭਗਤੀ ਨੂੰ ਉਹ ਸਰਵ ਸ੍ਰੇਸ਼ਠ ਮੰਨਦੇ ਹਨ ਅਤੇ ਉਨ੍ਹਾਂ ਦੀ ਧਾਰਨਾ ਹੈ, ਸ਼ਰਧਾ ਬਿਨਾਂ ਨਾ ਭਗਤੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਈਸ਼ਵਰ। ਕਵੀ ਨੇ ਤਾਂ ਇੱਥੋਂ ਤਕ ਕਿਹਾ ਹੈ ਕਿ ਤਰਕ-ਵਿਤਰਕ ਨਹੀਂ ਕਰਨਾ ਚਾਹੀਦਾ ਅਤੇ ਨਾ ਸ਼ਕ ਸ਼ਰਧਾ ਨਾਲ ਰਹਿਣਾ ਚਾਹੀਦਾ ਹੈ।

'ਰਿਦੈ ਕੁਤਰਕਨ ਦੂਰ ਕਰੀਜੈ, ਸ਼ਰਧਾ ਧਾਰਿ ਦੇਖਿਯੇ ਦਰਸ਼ਨ।

ਅਸਲ ਵਿਚ, ਇਸ ਮਧਯੁਗੀਨ-ਬੋਧ ਦਾ ਵਰਣਨ 'ਗੁਰ ਪ੍ਰਤਾਪ ਸੂਰਜ' ਅਤੇ "ਗੁਰੂ ਨਾਨਕ ਪ੍ਰਕਾਸ਼' ਦੋਵਾਂ ਵਿਚ ਵਿਸ਼ਾਲਤਾ ਨਾਲ ਹੋਇਆ ਹੈ।

ਭਾਈ ਸੰਤੋਖ ਸਿੰਘ ਨੇ ਮੁਗਲ ਸ਼ਾਸਕਾਂ ਦੀ ਧਰਮ ਅਸਹਿਣਸ਼ੀਲਤਾ ਅਤੇ ਧਰਮ-ਅੰਧਤਾ ਉੱਤੇ ਵੀ ਪ੍ਰਕਾਸ਼ ਪਾਇਆ ਹੈ ਅਤੇ ਇਸ ਤੱਥ ਵੱਲ ਵੀ ਸੰਕੇਤ ਕੀਤਾ ਹੈ ਕਿ ਧਾਰਮਿਕ ਤੀਰਥ ਸਥਾਨਾਂ ਉੱਤੇ ਜਜ਼ੀਆ ਵੀ ਲਿਆ ਜਾਂਦਾ ਸੀ। (ਗ. 1-45-12)। ਮੁਗਲ ਰਾਜ ਵਿਚ ਹਿੰਦੂਆਂ ਦੀ ਕੀ ਦਸ਼ਾ ਸੀ, ਇਸ ਦਾ ਵੀ ਅਤਿਅੰਤ ਯਥਾਰਥਕ ਚਿੱਤਰਣ ਹੋਇਆ ਹੈ। 'ਨਾਨਕ ਪ੍ਰਕਾਸ਼' ਅਨੁਸਾਰ, ਜਦੋਂ ਗੁਰੂ ਨਾਨਕ ਨੂੰ ਬਲ-ਪੂਰਬਕ ਕਲਮਾ ਪੜ੍ਹਵਾਉਣ ਲਈ ਮਸਜਿਦ ਵਿਚ ਲੈ ਜਾਇਆ ਜਾਂਦਾ ਹੈ ਤਾਂ ਸੁਲਤਾਨਪੁਰ ਦੀ ਸਾਰੀ ਹਿੰਦੂ ਪ੍ਰਜਾ ਭੈ-ਭੀਤ ਹੋ ਜਾਂਦੀ ਹੈ। ਉਹ ਵੇਖਦੇ ਹਨ ਕਿ ਉਹ ਕਿੰਨੇ ਨਿਆਸਰੇ ਅਤੇ ਬੇਵਸ ਹਨ। ਕੁਝ ਕਰ ਨਹੀਂ ਸਕਦੇ, ਕੁਝ ਕਹਿ ਨਹੀਂ ਸਕਦੇ। ਬਸ ਪਰਮਾਤਮਾ ਹੀ ਉਨ੍ਹਾ ਦਾ ਇਕ ਮਾਤਰ ਸਹਾਰਾ ਹੈ, ਉਹ ਉੱਤੇ ਹੀ ਭਰੋਸਾ ਹੈ। ਉਹੋ ਉਨ੍ਹਾਂ ਦੀ ਲਾਜ ਦੀ ਰਖਿਆ ਕਰੇਗਾ, ਇਸ ਲਈ ਉਸੇ ਦਾ ਸਿਮਰਨ ਕਰਦੇ ਹਨ।

ਹਿੰਦੂ ਕੋਟਿ ਨ ਕਹਿ ਸਕੇ, ਤੁਰਕਨ ਤੇਜ ਬਿਸਾਲ।
ਪਰਮੇਸੁਰ ਪਤ ਰਾਖਈ, ਸਿਮਰਹੁ ਦੀਨ ਦਯਾਲ॥

(ਪੰਨਾ 31-4)

ਇਨ੍ਹਾਂ ਰਚਨਾਵਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਵਿਦੇਸ਼ੀ ਸ਼ਾਸਕ ਗਊ

ਬ੍ਰਾਹਮਣਾਂ ਨੂੰ ਕਸ਼ਟ ਦਿੰਦੇ ਸਨ ਅਤੇ ਪ੍ਰਜਾ ਦਾ ਸ਼ੋਸ਼ਣ ਕਰਦੇ ਸਨ। ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਵੀ ਬਣਾਉਂਦੇ ਸਨ ਸ਼ਾਸਕ ਕਾਮੀ ਸਨ ਅਤੇ ਪਰਾਈ ਇਸਤਰੀ ਨਾਲ ਨਜ਼ਾਇਜ਼ ਸੰਬੰਧ ਰਖਦੇ ਸਨ। ਬਾਬਰ ਨੇ ਐਮਨਾਬਾਦ ਉੱਤੇ ਜਦੋਂ ਹਮਲਾ ਕੀਤਾ ਤਾਂ ਜਵਾਨ ਇਸਤਰੀਆਂ ਦੀ ਜਿਵੇਂ ਦੁਰਦਸ਼ਾ ਕੀਤੀ ਗਈ ਉਸ ਦਾ ਚਿੱਤਰਣ ਵੀ ਕਵੀ ਨੇ ਭਾਵ ਪੂਰਤ ਢੰਗ ਨਾਲ ਕੀਤਾ ਹੈ। ਯੁੱਗ ਦੀ ਰਾਜਨੀਤਿਕ ਅਵਸਥਾ ਉੱਤੇ ਪ੍ਰਕਾਸ਼ ਪਾਉਂਦੇ ਹੋਏ ਕਵੀ ਨੇ ਸ਼ਾਸਨ ਅਵਸਥਾ ਦੀਆਂ ਵਿਭਿੰਨ ਪਦਵੀਆਂ ਰਾਜਾ, ਸਕੱਤਰ, ਮੰਤਰੀ, ਸੈਨਾਪਤੀ, ਬਾਦਸ਼ਾਹ, ਉਮਰਾਉ, ਸੂਬੇਦਾਰ, ਸੈਨਕ, ਸਿਪਾਹੀ, ਕਾਜ਼ੀ ਆਦਿ ਦਾ ਉਲੇਖ ਕੀਤਾ ਹੈ। ਮੁਗ਼ਲ ਸ਼ਾਸਕਾਂ ਅਤੇ ਪਹਾੜੀ ਰਾਜਿਆਂ ਦੀ ਅਨੀਤੀ ਅਤੇ ਅਤਿਆਚਾਰਾਂ ਅਤੇ ਮੁਗਲਾਂ ਦੀਆਂ ਅੰਦਰੂਨੀ ਸਾਜ਼ਿਸ਼ਾਂ ਅਤੇ ਖੜਯੰਤਰ ਵੀ ਵਰਣਨ ਕੀਤਾ ਹੈ।

ਰਾਜੇ ਨੂੰ 'ਨਰਰਾਇ' ਵੀ ਕਿਹਾ ਗਿਆ ਹੈ, ਜੋ ਰਾਜਾ ਦੇ ਪ੍ਰਤੀ ਲੋਕ ਦੀ ਭਾਵਨਾ ਨੂੰ ਪ੍ਰਗਟ ਕਰਦਾ ਹੈ। ਸ਼ਾਸਨ ਅਵਸਥਾ ਵਿਚ ਸਰਪੰਚ, ਪੰਚ, ਪੰਚਾਇਤਾਂ, ਪਿੰਡ ਦਾ ਚੌਧਰੀ ਆਦਿ ਦਾ ਵੀ ਮਹੱਤਵਪੂਰਨ ਸਥਾਨ ਸੀ। ਕੁਝ ਰਾਜਿਆਂ ਨਾਲ ਪ੍ਰਜਾ ਦਾ ਬੜਾ ਪਿਆਰ ਸੀ। ਪ੍ਰਜਾ ਰਾਜਾ ਦੇ ਦੁੱਖ ਨਾਲ ਦੁੱਖੀ ਹੁੰਦੀ ਸੀ। ਰਾਜੇ ਦਾ ਧਰਮ ਹੀ ਆਮ ਤੌਰ ਤੇ ਪ੍ਰਜਾ ਦਾ ਧਰਮ ਹੁੰਦਾ ਸੀ। ਕਈ ਵਾਰ ਰਾਜੇ ਵਲੋਂ ਧਰਮ ਪਾਲਣਾ ਲਈ ਆਗਿਆ ਵੀ ਦਿੱਤੀ ਜਾਂਦੀ ਸੀ। ਰਾਜਾ ਦਾ ਪ੍ਰਜਾ ਉੱਤੇ ਪੂਰਣ ਅਧਿਕਾਰ ਹੁੰਦਾ ਸੀ। ਰਾਇ ਬੁਲਾਰ ਜੈਸੇ ਸੁਹਿਰਦ ਅਤੇ ਪ੍ਰਜਾ-ਪ੍ਰੇਮੀ ਸ਼ਾਸਕ ਵੀ ਸਨ।

ਵਿਦੇਸ਼ੀ ਸ਼ਾਸਕਾਂ ਦੀ ਅਧੀਨਗੀ ਸਿਰ ਝੁਕਾ ਕੇ ਸਵੀਕਾਰ ਕਰਨੀ ਪੈਂਦੀ ਸੀ। ਅਕਬਰ ਦੇ ਸੈਨਾਪਤੀ ਦੇ ਆਉਣ ਉੱਤੇ ਪਿੰਡ ਵਾਸੀਆਂ ਨੂੰ ਇਕ ਇਕ ਰੁਪਿਆ ਦੇ ਕੇ ਅਤੇ ਸਿਰ ਨਿਵਾ ਕੇ ਉਨ੍ਹਾਂ ਸਾਹਮਣੇ ਮੌਜੂਦ ਹੋਣਾ ਪੈਂਦਾ ਸੀ। (ਰਾ. 2-30-2)।

ਸਮਾਜਿਕ ਅਵਸਥਾ ਦਾ ਵਰਣਨ ਕਵੀ ਨੇ ਬੜੀ ਵਿਸ਼ਾਲਤਾ ਨਾਲ ਕੀਤਾ ਹੈ। ਗੁਰ ਪ੍ਰਤਾਪ ਸੂਰਜ ਵਿਚ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸੂਦਰ ਚਾਰੇ ਵਰਣਾਂ ਦਾ ਉਲੇਖ ਮਿਲਦਾ ਹੈ। ਇਨ੍ਹਾਂ ਰਚਨਾਵਾਂ ਤੋਂ ਇਹ ਵੀ ਗਿਆਤ ਹੈ ਕਿ ਸਮਾਜ ਵਿਚ ਬ੍ਰਾਹਮਣ ਦੀ ਕਿੰਨੀ ਇੱਜ਼ਤ ਸੀ। ਸਾਰੇ ਅਨੁਸ਼ਠਾਨਾਂ ਅਤੇ ਸੰਸਕਾਰਾਂ ਵਿਚ ਉਸ ਦੀ ਮੌਜੂਦਗੀ ਮਹੱਤਵਪੂਰਨ ਸੀ। ਜਨਮ-ਉਤਸਵ, ਮੁੰਡਨ, ਵਿਆਹ ਅਤੇ ਮੌਤ ਸੰਸਕਾਰ ਆਦਿ ਉਹੀ ਪੂਰਣ ਕਰਾਉਂਦਾ ਸੀ।

ਲੋਕ ਇਸ ਵਰਣ-ਵਿਵਸਥਾ ਦਾ ਪਾਲਣ ਕਰਦੇ ਸਨ। ਕਿੰਤੂ, ਗੁਰੂਆਂ ਨੇ ਕੇਵਲ ਆਪਣੇ ਉਪਦੇਸ਼ਾਂ ਤੋਂ ਹੀ ਨਹੀਂ, ਆਪਣੇ ਆਚਰਣ ਤੋਂ ਵੀ ਇਸ ਪ੍ਰਕਾਰ ਦੀ ਵਰਣ-ਵਿਵਸਥਾ ਦਾ ਵਿਰੋਧ ਕੀਤਾ ਸੀ, ਜਿਸ ਦਾ ਵਰਣਨ ਕਵੀ ਨੇ ਦ੍ਰਿੜਤਾ ਨਾਲ ਕੀਤਾ ਹੈ। ਉਨ੍ਹਾਂ ਦਾ ਮਤ ਸੀ :

ਜਾਤਿ ਕੁਜਾਤਿ ਨ ਪਰਖਈ ਕੋਈ ॥

(ਰਾ. 1/40/12)

ਗੁਰੂਆਂ ਨੇ ਲੰਗਰ ਪ੍ਰਥਾ ਦਾ ਪ੍ਰਚਲਨ ਕਰਕੇ ਇਸ ਵਰਣ ਅਤੇ ਵਰਗ ਬੁਰਾਈ ਨੂੰ

ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਅਮਰਦਾਸ ਦਾ ਨਿਯਮ ਸੀ, ਕੋਈ ਵੀ ਵਿਅਕਤੀ ਗੁਰੂ ਘਰ ਦੀ ਦੇਗ ਅਤੇ ਲੰਗਰ ਵਿਚੋਂ ਭੋਜਨ ਛਕ ਕੇ ਹੀ ਉਨ੍ਹਾਂ ਦੇ ਦਰਸ਼ਨ ਕਰ ਸਕਦਾ ਹੈ। ਚਾਹੇ ਉਹ ਬ੍ਰਾਹਮਣ ਹੋਵੇ ਚਾਹੇ ਰੰਕ। ਸਮਾਜਿਕ ਸਮਾਨਤਾ ਦੀ ਇਹ ਇਕ ਬਹੁਤ ਵਧੀਆ ਉਦਾਹਰਣ ਸੀ। 'ਗੁਰ ਪ੍ਰਤਾਪ ਸੂਰਜ' ਵਿਚ ਇਸ ਦਾ ਵਿਸਥਾਰ ਪੂਰਵਕ ਚਿੱਤਰਣ ਹੋਇਆ ਹੈ। ਉਸ ਵਿਚ ਅਨੇਕ ਜਾਤੀਆਂ ਅਤੇ ਉਪਜਾਤੀਆਂ ਦਾ ਉਲੇਖ ਵੀ ਮਿਲਦਾ ਹੈ।

ਸਮਾਜ ਵਿਚ ਦੋ ਵਰਗ ਵਿਸ਼ੇਸ਼ ਰੂਪ ਵਿਚ ਮੌਜੂਦ ਸਨ। ਅਕਬਰ ਦੇ ਦਰਬਾਰ ਵਿਚ ਉਨ੍ਹਾਂ ਨੂੰ ਆਮ-ਖਾਸ ਦਾ ਦਰਜਾ ਪ੍ਰਾਪਤ ਸੀ, ਜਿਸ ਦਾ ਵਰਣਨ ਭਾਈ ਸੰਤੋਖ ਸਿੰਘ ਨੇ ਵੀ ਕੀਤਾ ਹੈ। ਸਧਾਰਨ ਤੌਰ ਤੇ ਇਨ੍ਹਾਂ ਦੋ ਵਰਗਾਂ ਨੂੰ ਰਾਜਾ ਅਤੇ ਰੰਕ ਕਿਹਾ ਜਾਂਦਾ ਸੀ ਪਰ ਇਨ੍ਹਾਂ ਦੋਹਾਂ ਵਰਗਾਂ ਦੇ ਵਿਚਕਾਰ ਦੀ ਖਾਈ ਕਾਫੀ ਗਹਿਰੀ ਸੀ। ਇਕ ਪਾਸੇ ਸ਼ਾਸਕ ਵਰਗ ਸੀ ਜਿਸ ਵਿਚ ਰਾਜਾ, ਰਾਣੀ, ਮੰਤਰੀ, ਉਮਰਾਵ ਆਦਿ ਆਉਂਦੇ ਸਨ ਅਤੇ ਕੁਝ ਵੱਡੇ ਵਿਉਪਾਰੀ ਜਾਂ ਸ਼ਾਹੂਕਾਰ ਸਨ ਜੋ ਧਨੀ ਅਤੇ ਸੰਪੰਨ ਸਨ। ਦੂਜੇ ਪਾਸੇ ਸਾਧਾਰਨ ਸ਼ਿਲਪੀ, ਕਾਰੀਗਰ, ਕਿਸਾਨ, ਵਪਾਰੀ ਅਤੇ ਕਰਮਚਾਰੀ ਆਦਿ ਲੋਕ ਸਨ, ਜਿਨ੍ਹਾਂ ਦੀ ਆਰਥਿਕ ਦਸ਼ਾ ਅਤਿਅੰਤ ਸਾਧਾਰਨ ਸੀ। ਇਹ ਵਰਗ ਭੇਦ ਉਨ੍ਹਾਂ ਦੇ ਕੱਪੜਿਆਂ, ਗਹਿਣਿਆਂ, ਭੋਜਨ ਅਤੇ ਰਹਿਣ ਸਹਿਣ ਨਾਲ ਪ੍ਰਗਟ ਹੁੰਦਾ ਸੀ। ਅਮੀਰ ਲੋਕ ਜਿੱਥੇ ਉੱਤਮ ਭੋਜਨ, ਹੀਰੇ ਮੋਤੀਆਂ ਨਾਲ ਜੜੇ ਸੋਨੇ ਦੇ ਗਹਿਣੇ ਅਤੇ ਕੀਮਤੀ ਰੇਸ਼ਮੀ ਕਪੜੇ ਪਹਿਨਦੇ ਸਨ, ਉੱਥੇ ਗਰੀਬ ਲੋਕਾਂ ਨੂੰ ਡੇਢ ਗਜ਼ ਕਪੜਾ ਪਹਿਨ ਕੇ ਤੇ ਬਾਜਰੇ ਜਾਂ ਛੋਲਿਆਂ ਦੀ ਰੋਟੀ ਖਾ ਕੇ ਗੁਜ਼ਾਰਾ ਕਰਨਾ ਪੈਂਦਾ ਸੀ। ਉਨ੍ਹਾਂ ਦੇ ਕਪੜੇ ਅਤੇ ਗਹਿਣੇ ਉਨ੍ਹਾਂ ਦੇ ਸਮਾਜਿਕ ਪੱਧਰ ਦੇ ਸੂਚਕ ਸਨ। ਭਾਈ ਸੰਤੋਖ ਸਿੰਘ ਨੇ ਇਸ ਵਰਗ-ਭੇਦ ਉੱਤੇ ਕਾਫੀ ਪ੍ਰਕਾਸ਼ ਪਾਉਂਦੇ ਹੋਏ ਸਮਾਜਿਕ ਨਾ ਬਰਾਬਰੀ ਦਾ ਵਰਣਨ ਕੀਤਾ ਹੈ। ਭਾਈ ਲਾਲੋ ਦੇ ਪ੍ਰਸੰਗ ਵਿਚ ਉਹ ਆਰਥਿਕ ਸ਼ੋਸ਼ਣ ਦੀ ਤਿੱਖੀ ਆਲੋਚਨਾ ਕਰਦੇ ਹੋਏ ਵਿਖਾਈ ਦਿੰਦੇ ਹਨ।

ਸਾਧਾਰਨ ਜਨਤਾ ਦੀ ਲੌਕਿਕ ਵੈਦਿਕ ਰੀਤ, ਸ੍ਰੁਤੀ-ਸਿਮ੍ਰਤੀ ਆਦਿ ਵਿਚ ਵੀ ਦ੍ਰਿੜ੍ਹ ਵਿਸ਼ਵਾਸ ਸੀ। ਆਮ ਲੋਕਾਂ ਵਿਚ ਅਨੇਕਾਂ ਅੰਧ-ਵਿਸ਼ਵਾਸ ਅਤੇ ਵਹਿਮ ਪ੍ਰਚਲਿਤ ਸਨ। ਸਫ਼ਰ ਦਾ ਡਰ, ਤੰਤਰ-ਮੰਤਰ ਭੂਤ-ਪ੍ਰੇਤ, ਜਿੰਨ, ਟੂਣੇ, ਸ਼ਗਨ-ਅਪਸ਼ਗਨ ਆਦਿ ਵਿਚ ਵੀ ਆਮ ਲੋਕਾਂ ਦਾ ਵਿਸ਼ਵਾਸ ਸੀ। ਜ਼ਿਆਦਾਤਰ ਲੋਕਾਂ ਵਿਚ ਭੇਡਚਾਲ ਸੀ (ਰਾ. 2/46, 32. 33)।

ਭਾਈ ਸੰਤੋਖ ਸਿੰਘ ਨੇ ਇਨ੍ਹਾਂ ਲੋਕਾਂ ਦੇ ਜਨਮ, ਨਾਮਕਰਨ, ਮੁੰਡਨ, ਜਨੇਊ, ਮੌਤ ਵਿਆਹ ਆਦਿ ਦੇ ਸੰਸਕਾਰਾਂ ਅਤੇ ਹੋਲੀ ਜਨਮਅਸ਼ਟਮੀ ਆਦਿ ਪੁਰਬਾਂ ਦਾ ਵੀ ਵਰਣਨ ਕੀਤਾ ਹੈ। ਜੋਤਿਸ਼ ਵਿਚ ਵੀ ਆਮ ਲੋਕਾਂ ਦਾ ਵਿਸ਼ਵਾਸ ਸੀ। ਪਗੜੀ ਬੰਨ੍ਹਣ, ਦਸਤਾਰ, ਤਿਲਕ ਆਦਿ ਦੀਆਂ ਪ੍ਰਥਾਵਾਂ ਵੀ ਪ੍ਰਚਲਿਤ ਸਨ। ਕਵੀ ਨੇ ਵਿਭਿੰਨ ਸੰਸਕਾਰਾਂ ਅਤੇ ਅਨੁਸ਼ਠਾਨਾਂ ਦੇ ਤਰੀਕੇ ਅਤੇ ਸਮੱਗਰੀ ਆਦਿ ਦਾ ਵੀ ਵਰਣਨ ਕੀਤਾ ਹੈ। ਗੁਰੂ ਨਾਨਕ, ਗੁਰੂ ਹਰਿਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਦੇ ਅਵਤਾਰ

ਧਾਰਨ, ਵਿਆਹ ਅਤੇ ਜੋਤਿ ਜੋਤਿ ਸਮਾਉਣ ਆਦਿ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ ।

ਲੋਕ ਇਕ ਦੂਜੇ ਨੂੰ ਨਮਸਕਾਰ ਅਤੇ ਸਤਿਕਾਰ ਕਿਸ ਤਰ੍ਹਾਂ ਕਰਦੇ ਸਨ ਇਸ ਦਾ ਉਲੇਖ ਵੀ ਮਿਲਦਾ ਹੈ। ਆਪਣਿਆਂ ਤੋਂ ਵੱਡਿਆਂ ਨੂੰ ਪੈਰੀਂ ਪੈਣਾ ਅਤੇ ਦੂਜਿਆਂ ਨੂੰ ਰਾਮ ਰਾਮ ਕਹਿੰਦੇ ਸਨ । ਵੱਡੇ ਲੋਕਾਂ ਦਾ ਸਤਿਕਾਰ ਪੈਰਾਂ ਹੇਠ ਕੱਪੜਾ ਵਿਛਾ ਕੇ ਵੀ ਕੀਤਾ ਜਾਂਦਾ ਸੀ ।

ਪਰਿਵਾਰ ਵਿਚ ਮਾਤਾ-ਪਿਤਾ, ਪੁੱਤਰ–ਪੁੱਤਰੀ, ਪੋਤਰੇ, ਛੋਟੇ ਭਾਈ, ਭੈਣ, ਪਤੀ, ਪਤਨੀ, ਸੱਸ, ਵਹੁਟੀ, ਨਣਾਨ, ਸੌਂਕਣ, ਤਾਇਆ, ਚਾਚਾ ਭਤੀਜਾ ਅਤੇ ਹੋਰ ਰਿਸ਼ਤੇਦਾਰਾਂ ਦੀ ਕੀ ਭੂਮਿਕਾ ਹੁੰਦੀ ਸੀ ? ਸਪੁੱਤਰ ਕਿਸ ਨੂੰ ਕਹਿੰਦੇ ਸਨ ਅਤੇ ਕਪੁੱਤਰ ਕਿਸ ਨੂੰ ? ਘਰ ਜੁਆਈ ਦੀ ਕੀ ਸਥਿਤੀ ਸੀ ? ਵਿਆਹ ਲਈ ਕਿਸ ਤਰ੍ਹਾਂ ਦਾ ਸੱਦਾ ਦਿੱਤਾ ਜਾਂਦਾ ਸੀ ? ਰਿਸ਼ਤੇਦਾਰਾਂ ਦੇ ਪਰਿਵਾਰ ਦੇ ਸੁੱਖ ਦੁੱਖ ਵਿਚ ਕਿਸ ਤਰ੍ਹਾਂ ਦੀ ਸਦਭਾਵਨਾ ਹੁੰਦੀ ਸੀ ? ਉਹ ਉਨ੍ਹਾਂ ਦੇ ਉਤਸਵ ਵਿਚ ਕਿਸ ਤਰ੍ਹਾਂ ਇਕੱਠੇ ਹੁੰਦੇ ਸਨ ? ਇਸ ਦਾ ਵੀ ਵਰਣਨ ਕੀਤਾ ਗਿਆ ਹੈ । ਪਰਿਵਾਰ ਦੇ ਸੰਗਠਨ ਅਤੇ ਉਨ੍ਹਾਂ ਦੀ ਰੀਤੀ ਨੀਤੀ ਤੋਂ ਇਲਾਵਾ ਇਨ੍ਹਾਂ ਸੰਬੰਧਾਂ ਦੀ ਪਵਿੱਤਰਤਾ ਅਤੇ ਕਰੱਤਵ ਭਾਵਨਾ ਦਾ ਵੀ ਵਰਣਨ ਉੱਚਿਤ ਸਥਾਨ ਉੱਤੇ ਕੀਤਾ ਗਿਆਂ ਹੈ ।

ਸਮਾਜ ਵਿਚ ਇਸਤਰੀ ਦਾ ਕੀ ਸਥਾਨ ਸੀ ਅਤੇ ਇਸਤਰੀ ਪੁਰਸ਼ ਦੇ ਸੰਬੰਧ ਕਿਸ ਤਰ੍ਹਾਂ ਦੇ ਸਨ, ਇਸ ਦੀ ਵੀ ਜਾਣਕਾਰੀ ਮਿਲਦੀ ਹੈ । ਇਸਤਰੀ ਦੇ ਮਾਂ, ਦਾਦੀ ਪਤਨਾ, ਪੁੱਤਰੀ, ਭੈਣ, ਨਣਾਨ, ਭਰਜਾਈ, ਪ੍ਰੇਮਿਕਾ, ਸੌਂਕਣ, ਸਹੇਲੀ, ਵੇਸਵਾ, ਸੇਵਕਾ ਆਦਿ ਅਨੇਕ ਰੂਪਾ ਦੇ ਦਰਸ਼ਨ ਹੁੰਦੇ ਹਨ । ਸਮਾਜ ਵਿਚ ਬਹੁ-ਵਿਆਹ ਦੀ ਪ੍ਰਥਾ ਪ੍ਰਚਲਿਤ ਸੀ । ਗੁਰੂ ਹਰਿਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਦੇ ਵੀ ਇਕ ਤੋਂ ਜ਼ਿਆਦਾ ਵਿਆਹ ਹੋਏ ਸਨ । ਹਰਿ ਪੁਰ ਦੇ ਰਾਜਾ ਦੀਆਂ ਅਨੇਕ ਰਾਣੀਆਂ ਸਨ । ਆਮ ਤੌਰ ਤੇ ਲੜਕੀ ਨੂੰ ਪੁਛੇ ਬਿਨਾਂ ਹੀ ਮਾਪੇ ਪੁੱਤਰੀ ਦਾ ਵਿਆਹ ਨਿਸ਼ਚਿਤ ਕਰ ਦਿੰਦੇ ਸਨ । ਕਈ ਵਾਰ ਲੜਕੀ ਦੀ ਮਾਤਾ ਨੂੰ ਵੀ ਨਹੀਂ ਪੁਛਿਆ ਜਾਂਦਾ ਸੀ । ਗੁਰੂ ਜੀ ਦੀ ਇੱਛਾ ਪੂਰਤੀ ਲਈ ਹੀ ਸ਼ਾਹ ਉੱਪਲ ਆਪਣੀ ਪੁੱਤਰੀ ਦਾ ਵਿਆਹ ਗੁਰੂ ਕ੍ਰਿਪਾ ਨਾਲ ਰੋਗ ਮੁਕਤ ਇਕ ਕੋਹੜੀ ਨਾਲ ਕਰ ਦਿੰਦਾ ਹੈ । ਲੜਕੀ ਦੀ ਪ੍ਰਾਪਤੀ ਲਈ ਰਾਜੇ ਲੋਕ-ਯੁੱਧ ਵੀ ਕਰਦੇ ਸਨ । ਇਸਤਰੀਆਂ ਦਾ ਪੁਨਰ–ਵਿਆਹ ਵੀ ਹੋ ਜਾਂਦਾ ਸੀ । ਹਰਿਪੁਰ ਦੀ ਰਾਣੀ ਜੋ ਗੁਰੂ ਵਾਕ ਨਾਲ ਪਾਗਲ ਹੋ ਗਈ ਸੀ, ਬਾਅਦ ਵਿਚ ਗੁਰੂ ਜੀ ਉਸ ਦਾ ਵਿਆਹ ਆਪਣੇ ਇਕ ਸੇਵਕ ਨਾਲ ਕਰਵਾ ਦਿੰਦੇ ਹਨ । ਰਾਜਾ ਤਾਂ ਉਸ ਨੂੰ ਇਸ ਹਾਲਤ ਵਿਚ ਛੱਡ ਕੇ ਹੀ ਚਲਾ ਗਿਆ ਸੀ । ਉਪਰੋਕਿਤ ਪ੍ਰਸੰਗ ਇਸਤਰੀ ਦੀ ਉਪੇਖਿਅਤ ਦਸ਼ਾ ਵਲ ਵੀ ਸੰਕੇਤ ਕਰਦਾ ਹੈ ।

ਇਸਤਰੀ ਨੂੰ 'ਅਬਲਾ' ਸਮਝਿਆ ਜਾਂਦਾ ਸੀ (ਮਤਿ ਅਬਲਾ ਭੂਲੋ) ਅਤੇ ਉਹ ਪਤੀ ਦੇ ਪਿਛੇ ਚਲਣ ਵਾਲੀ ਹੁੰਦੀ ਸੀ । ਸੁੱਖੀ ਅਤੇ ਸੰਪੰਨ ਦੰਪਤੀ ਜੀਵਨ ਇਸਤਰੀ ਪੁਰਸ਼ ਦੇ ਵਿਸ਼ਵਾਸਪੂਰਣ ਮਿੱਠੇ ਅਤੇ ਸੰਜਮੀ ਸੰਬੰਧਾਂ ਉੱਤੇ ਹੀ ਨਿਰਭਰ ਸੀ।

ਗੁਰੂਆਂ ਦਾ ਪਰਿਵਾਰਿਕ ਜੀਵਨ ਇਸ ਦਾ ਵਧੀਆ ਉਦਾਹਰਣ ਪੇਸ਼ ਕਰਦਾ ਹੈ। ਪਵਿੱਤਰਤਾ ਦਾ ਮਹੱਤਵ ਅਤੇ ਆਦਰਸ਼ ਹਰ ਪਾਸੇ ਮੰਨਣ ਯੋਗ ਸੀ। ਉਸ ਵਿਚ ਵੱਡੀ ਸ਼ਕਤੀ ਮੰਨੀ ਜਾਂਦੀ ਸੀ। ਇਸਤਰੀਆਂ ਵਿਚ ਪਰਦਾ-ਪ੍ਰਥਾ ਪ੍ਰਚਲਿਤ ਸੀ, ਪਰ ਗੁਰੂ ਜੀ ਪਰਦਾ-ਪ੍ਰਥਾ ਦੇ ਵਿਰੋਧੀ ਸਨ। ਹਰਿਪੁਰ ਦੀਆਂ ਕੇਵਲ ਉਨ੍ਹਾਂ ਰਾਣੀਆਂ ਨੂੰ ਹੀ ਦਰਸ਼ਨ ਕਰਨ ਦੀ ਆਗਿਆ ਮਿਲੀ ਸੀ ਜੋ ਬਿਨਾਂ ਪਰਦੇ ਦੇ ਗੁਰੂ ਦਰਸ਼ਨ ਨੂੰ ਆਈਆਂ ਸਨ। ਆਮ ਤੌਰ ਤੇ ਲੜਕੀਆਂ ਦਾ ਵਿਆਹ ਆਪਣੀ ਜਾਤ ਅਤੇ ਆਪਣੀ ਪੱਧਰ ਦੇ ਪਰਿਵਾਰ ਵਿਚ ਹੀ ਕੀਤਾ ਜਾਂਦਾ ਸੀ। ਪਰੰਤੂ ਗੁਰੂ ਅਮਰਦਾਸ ਕੇਵਲ ਸੁਯੋਗ ਲੜਕੇ ਨੂੰ ਵਖ ਕੇ ਹੀ ਆਪਣੀ ਲੜਕੀ ਦਾ ਵਿਆਹ ਗਰੀਬ (ਗੁਰੂ) ਰਾਮ ਦਾਸ ਨਾਲ ਕਰ ਦਿੰਦੇ ਹਨ। ਲੜਕੀ ਵਾਲੇ ਦਾ ਸਥਾਨ ਵਰ ਪੱਖ ਵਾਲੇ ਤੋਂ ਨੀਵਾਂ ਸਮਝਿਆ ਜਾਂਦਾ ਸੀ। ਰਾਜਪੂਤ ਆਪਣੀ ਲੜਕੀ ਦਾ ਵਿਆਹ ਕਿਸੇ ਮੁਗ਼ਲ ਨਾਲ ਕਰਨ ਦੀ ਬਜਾਏ ਉਸ ਮੁਗਲ ਨਾਲ ਯੁੱਧ ਕਰਨਾ ਜ਼ਿਆਦਾ ਗੌਰਵਪੂਰਨ ਸਮਝਦੇ ਸਨ। ਕੁਆਰੀ ਅਤੇ ਮੁਟਿਆਰ ਲੜਕੀ ਦਾ ਘਰ ਵਿਚ ਬੈਠੇ ਰਹਿਣਾ ਬੜਾ ਕਸ਼ਟਪੂਰਨ ਸੀ। ਕੰਨਿਆਦਾਨ ਇਕ ਪੁੰਨ ਕਰਮ ਸਮਝਿਆ ਜਾਂਦਾ ਸੀ। ਇਕ ਜਗ੍ਹਾ ਸਤੀ ਪ੍ਰਥਾ ਅਤੇ ਇਸਤਰੀ ਨੂੰ ਗਹਿਣੇ ਰਖਣ ਦਾ ਸੰਕੇਤ ਵੀ ਮਿਲਦਾ ਹੈ। ਸਮਾਜ ਦਾ ਨੈਤਿਕ ਆਦਰਸ਼ ਨਿਮਨ ਪ੍ਰਕਾਰ ਸੀ।

ਧਰਮ ਵਿਰਤ ਕਰਿ ਸੰਤਨ ਸੇਵੈ।
ਪਰਤ੍ਰਿਯ ਪਰਧਨ ਕਬਹੂ ਨ ਲੇਵੇ।

ਭਾਈ ਸੰਤੋਖ ਸਿੰਘ ਨੇ ਉਸ ਯੁੱਗ ਦੀ ਆਰਥਿਕ ਅਵਸਥਾ ਦਾ ਕਾਫ਼ੀ ਵੇਰਵਾ 'ਗੁਰ ਪ੍ਰਤਾਪ ਸੂਰਜ' ਵਿਚ ਦਿੱਤਾ ਹੈ। ਖੇਤੀ ਲਈ ਸੰਚਾਈ ਦੇ ਉੱਚਿਤ ਸਾਧਨ ਪ੍ਰਾਪਤ ਨਹੀਂ ਸਨ। ਜਦੋਂ ਵਰਖਾ ਸਮੇਂ ਸਿਰ ਨਹੀਂ ਹੁੰਦੀ ਸੀ, ਅੰਨ ਦਾ ਸੰਕਟ ਪੈਦਾ ਹੋ ਜਾਂਦਾ ਸੀ। ਐਸੀ ਹਾਲਤ ਵਿਚ ਧਰਮ ਤੋਂ ਡਰਦੇ ਲੋਕ ਵਰਖਾ ਪ੍ਰਾਪਤੀ ਹਿਤ ਸਿੱਧ ਜਾਂ ਤਪੱਸਵੀਆਂ ਦੀ ਪੂਜਾ ਕਰਦੇ ਸਨ।

ਵਿਉਪਾਰ ਦੇ ਪ੍ਰਸੰਗ ਵਿਚ ਪਟਨਾ, ਤਲਵੰਡੀ, ਆਨੰਦਪੁਰ, ਅੰਮ੍ਰਿਤਸਰ ਸੁਲਤਾਨਪੁਰ ਆਦਿ ਥਾਵਾਂ ਅਤੇ ਬਾਜ਼ਾਰ, ਦੁਕਾਨ, ਕੋਠੀ ਆੜ੍ਹਤ ਆਦਿ ਦਾ ਵੀ ਉਲੇਖ ਹੋਇਆ ਹੈ। ਇਕ ਸਥਾਨ ਤੋਂ ਦੂਜੇ ਸਥਾਨ ਤਕ ਅੰਨ ਲਿਜਾ ਕੇ ਮਹਿੰਗੇ ਭਾਅ ਵੇਚਣ ਦਾ ਵੀ ਵਰਣਨ ਹੈ। ਸਿੱਕੇ ਸਨ—ਪੈਸੇ, ਟਕੇ, ਆਨੇ, ਰੁਪਏ, ਚਾਂਦੀ ਦੇ ਸਿੱਕੇ, ਮੋਹਰਾਂ, ਸੂਦਕਾ, ਦੀਨਾਰ ਆਦਿ ਅਤੇ ਮਾਪ ਲਈ ਗਜ਼, ਤੋਲ ਦੇ ਲਈ ਸੇਰ, ਮਣ ਆਦਿ ਨਾਲ ਕੰਮ ਲਿਆ ਜਾਂਦਾ ਸੀ। ਹੁੰਡੀਆਂ ਵੀ ਚਲਦੀਆਂ ਸਨ। ਸਵਾਰੀ ਦੇ ਰੂਪ ਵਿਚ ਹਾਥੀ, ਊਠਨੀ, ਰੱਥ, ਗੱਡਾ, ਪਾਲਕੀ, ਘੋੜੇ, ਬੈਲਗੱਡੀ ਆਦਿ ਦੀ ਵਰਤੋਂ ਕੀਤੀ ਜਾਂਦੀ ਸੀ। ਬੋਹਿਥ ਅਤੇ ਜਹਾਜ਼ ਦਾ ਉਲੇਖ ਵੀ ਮਿਲਦਾ ਹੈ। ਨਦੀ ਵਿਚ ਬੇੜੇ ਬੰਨ੍ਹ ਕੇ ਲੱਕੜੀ ਲੈ ਜਾਣ ਦਾ ਵਰਣਨ ਵੀ ਹੋਇਆ ਹੈ। ਸੰਚਾਰ ਵਿਵਸਥਾ ਲਈ ਊਠਨੀ, ਘੋੜੇ ਆਦਿ ਉੱਤੇ ਹਰਕਾਰੇ ਪੱਤਰ ਲੈ ਕੇ ਜਾਂਦੇ ਸਨ। ਜ਼ਿਆਦਾਤਰ ਲੋਕ ਸਾਧਾਰਨ ਕਾਰੋਬਾਰ ਹੀ ਕਰਦੇ ਸਨ। ਪ੍ਰਸ਼ਾਸਨ ਨਾਲ ਸੰਬੰਧਤ ਮੰਤਰੀ,

ਸਕੱਤਰ, ਸੈਨਾਪਤੀ, ਸੈਨਿਕ, ਮੁਨਸ਼ੀ, ਸਿਪਾਹੀ, ਕਾਜ਼ੀ, ਚੌਧਰੀ ਆਦਿ ਕੁਝ ਅਧਿਕਾਰੀ ਲੋਕ ਜ਼ਰੂਰ ਸਨ। ਕੁਝ ਵੱਡੇ ਸ਼ਾਹੂਕਾਰ ਅਤੇ ਵਪਾਰੀ ਵੀ ਸਨ। ਜ਼ਿਆਦਾਤਰ ਛੋਟੇ ਛੋਟੇ ਕਾਰੀਗਰ ਜਾਂ ਕਰਮਚਾਰੀ ਆਦਿ ਹੀ ਸਨ, ਜਿਵੇਂ ਘੁਮਿਆਰ, ਜੁਲਾਹੇ, ਪੱਥਰ ਤੋੜਨ ਵਾਲੇ, ਇੱਟਾਂ ਬਣਾਉਣ ਵਾਲੇ, ਤਰਖਾਣ, ਲੋਹਾਰ, ਝੀਊਰ, ਧੋਬੀ, ਦਰਜ਼ੀ, ਰਸੋਈਏ, ਸੂਪਕਾਰ, ਹਲਵਾਈ, ਲਾਂਗਰੀ, ਨਾਈ, ਗਡੱਰੀਏ, ਗਵਾਲੇ, ਸੂਰ ਜਾਂ ਗੱਧੇ ਪਾਲਣ ਵਾਲੇ, ਟੋਕਰੀ ਢੋਣ ਵਾਲੇ ਮਜ਼ਦੂਰ, ਘਾਹ ਵੇਚਣ ਵਾਲੇ, ਤੈਰਾਕ, ਮਾਲੀ ਅਤੇ ਛੋਟੇ ਕਲਾਕਾਰ ਜਿਵੇਂ ਨਟ, ਭਟ, ਰਬਾਬੀ, ਡੂਮ ਆਦਿ। ਇਨ੍ਹਾਂ ਤੋਂ ਇਲਾਵਾ ਕਿਸਾਨ, ਕਲਾਲ, ਸੌਦਾਗਰ, ਸਰਾਫ, ਮਸੰਦ, ਪਾਂਧੇ, ਪੁਰੋਹਿਤ, ਚੰਡਾਲ, ਵੇਸ਼ਵਾ ਆਦਿ ਅਨੇਕ ਕਾਰੋਬਾਰਾਂ ਦਾ ਉਲੇਖ ਮਿਲਦਾ ਹੈ। ਇਨ੍ਹਾਂ ਗ੍ਰੰਥਾਂ ਦੇ ਅਧਿਐਨ ਕਰਨ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸੰਪੰਨ ਜਾਂ ਧਨੀ ਵਰਗ ਘੱਟ ਹੀ ਸੀ, ਜ਼ਿਆਦਾ ਨਿਮਨ ਵਰਗ ਹੀ ਸੀ, ਮੱਧਵਰਗ ਵੀ ਘੱਟ ਸੀ।

ਉਸ ਯੁੱਗ ਵਿਚ ਸੇਵਾ ਦਾ ਬੜਾ ਮਹੱਤਵ ਸੀ। ਉੱਚ ਕੁਲ ਵਾਲੇ ਲੋਕ ਜਦੋਂ ਮਜ਼ਦੂਰੀ ਕਰਦੇ ਸਨ ਤਾਂ ਇਸ ਨੂੰ ਅਪਮਾਨਜਨਕ ਸਮਝਿਆ ਜਾਂਦਾ ਸੀ। ਜਦੋਂ ਕਿ ਗੁਰੂਆਂ ਨੇ ਸੇਵਾ ਦੇ ਮਾਧਿਅਮ ਨਾਲ ਮਿਹਨਤ ਦੇ ਮਹੱਤਵ ਨੂੰ ਸਥਾਪਿਤ ਕੀਤਾ ਹੈ। ਮਜ਼ਦੂਰੀ ਸਸਤੀ ਸੀ, ਦੋ ਆਨੇ ਅਤੇ ਭੋਜਨ ਬਦਲੇ ਦਿਨ ਭਰ ਲਈ ਮਜ਼ਦੂਰ ਮਿਲ ਸਕਦਾ ਸੀ। ਰੁਪਏ ਦਾ ਇਤਨਾ ਮੁੱਲ ਸੀ ਕਿ ਸਾਧਾਰਨ ਪਰਿਵਾਰ ਪੰਜੀ ਰੁਪਏ ਵਿਚ ਆਪਣੀ ਲੜਕੀ ਦਾ ਵਿਆਹ ਸੰਪੰਨ ਕਰ ਸਕਦਾ ਸੀ।

ਫੌਜ ਦੇ ਪ੍ਰਸੰਗ ਵਿਚ ਕਵੀ ਨੇ ਫੌਜੀਆਂ ਦੀ ਵੇਸ਼-ਭੂਸਾ, ਹਥਿਆਰਾਂ, ਸਵਾਰ, ਯੁੱਧ ਵਾਜਿਆਂ ਯੁੱਧ ਨੀਤੀ, ਯੁੱਧ ਰੀਤ ਆਦਿ ਦਾ ਵਿਸ਼ਾਲ ਵਰਣਨ ਕੀਤਾ ਹੈ। ਅਪਰਾਧੀਆਂ ਨੂੰ ਕਿਸ ਪ੍ਰਕਾਰ ਦੀ ਸਜ਼ਾ ਦਿੱਤੀ ਜਾਂਦੀ ਸੀ, ਇਸ ਦਾ ਵੀ ਸੰਕੇਤ ਮਿਲਦਾ ਹੈ। ਫਾਂਸੀ, ਕੈਦ ਅਤੇ ਹੱਥ ਪੈਰ ਕੱਟਣ ਦੀ ਪ੍ਰਥਾ ਦਾ ਉਲੇਖ ਮਿਲਦਾ ਹੈ।

ਭਾਈ ਸੰਤੋਖ ਸਿੰਘ ਨੇ ਲੋਕਾਂ ਦੇ ਭੋਜਨ, ਕਪੜਿਆ, ਗਹਿਣਿਆਂ, ਰਹਿਣ ਸਹਿਣ, ਸ਼ਿੰਗਾਰ, ਬਰਤਨ, ਆਦਿ ਐਸੀ ਵਸਤੂਆਂ ਦਾ ਵਰਣਨ ਕੀਤਾ ਹੈ ਜੋ ਰੋਜ਼ ਵਿਹਾਰ ਵਿਚ ਆਉਂਦੀਆਂ ਹਨ। ਉਨ੍ਹਾਂ ਦੇ ਮਨੋਰੰਜਨ ਦੇ ਸਾਧਨਾਂ ਅਤੇ ਖੇਡ ਤਮਾਸ਼ਿਆਂ ਆਦਿ ਦਾ ਵੀ ਵਰਣਨ ਮਿਲਦਾ ਹੈ। ਭੋਜਨ ਲਈ ਖੀਰ, ਚੋਲ, ਚੂਰੀ, ਦਹੀਂ, ਖਿਚੜੀ, ਦਲੀਆ, ਪੂੜੀ, ਖੰਡ, ਘਿਉ, ਫੁਲਕਾ, ਖੁਰਮਾ, ਭੋਲਾ, ਚਿਉੜਾ ਆਦਿ ਪਦਾਰਥਾਂ ਦਾ ਉਲੇਖ ਮਿਲਦਾ ਹੈ, ਜਿਨ੍ਹਾਂ ਦਾ ਪ੍ਰਯੋਗ ਅਵਸਰ ਅਤੇ ਆਰਥਿਕ ਸਥਿਤੀ ਅਨੁਸਾਰ ਹੀ ਹੁੰਦਾ ਸੀ। ਗਰੀਬ ਆਦਮੀ ਛੋਲੇ ਅਤੇ ਬਾਜਰੇ ਦੀ ਰੋਟੀ ਖਾ ਕੇ ਗੁਜ਼ਾਰਾ ਕਰਦੇ ਸਨ। ਕੁਝ ਲੋਕ ਮਾਸ ਅਤੇ ਸ਼ਰਾਬ ਦਾ ਵੀ ਪ੍ਰਯੋਗ ਕਰਦੇ ਸਨ। ਭੋਜਨ ਕਰਨ ਲਈ ਬਹੁਤ ਸਾਰੇ ਲੋਕ ਪਾਣੀ ਛਿੜਕ ਕੇ, ਕੱਪੜਾ ਵਿਛਾ ਕੇ ਉਸ ਉੱਤੇ ਚੌਕੀ ਰਖ ਕੇ ਬੈਠਦੇ ਸਨ। ਕੱਪੜਿਆਂ ਵਿਚ ਜਾਮਾ, ਪੱਗੜੀ, ਚੀਗ, ਸੁਥਣ, ਦੁਕੂਲ, ਕੁਲਹੀ, ਡਿਗਾ, ਕਲਗੀ ਆਦਿ ਅਤੇ ਗਹਿਣਿਆਂ ਵਿਚ ਨੱਥ, ਝਾਂਝਰ, ਕੰਗਣ, ਕੜੇ, ਹਾਰ, ਮਾਲਾ, ਬਾਜੂਬੰਦ ਅਤੇ ਹੀਰੇ ਮੋਤੀ ਨਾਲ ਜੜੇ ਸੋਨੇ ਦੇ ਅਨੇਕ ਗਹਿਣਿਆਂ ਦਾ

ਤੁਲੇਖ ਮਿਲਦਾ ਹੈ। ਭੋਜਨ, ਕਪੜੇ ਅਤੇ ਗਹਿਣੇ ਆਦਿ ਵਿਅਕਤੀ ਦੀ ਆਰਥਿਕ ਸਥਿਤੀ ਨੂੰ ਪ੍ਰਗਟ ਕਰਦੇ ਸਨ।

ਕਵੀ ਨੇ ਬਟਨਾ, ਦਹੀਂ, ਸੁਰਮਾ, ਮਹਿੰਦੀ ਆਦਿ ਸ਼ਿੰਗਾਰ ਸਾਧਨਾਂ ਅਤੇ ਬੰਬ (ਨਗਾਰਾ) ਢੋਲਕ, ਰਣਸਿੰਘਾ, ਛੈਣੇ, ਨਗਾਰੇ, ਮ੍ਰਿਦੰਗ, ਰਬਾਬ, ਡਫਲੀ, ਬੰਸਰੀ, ਧੌਂਸਾ (ਨਗਾਰਾ), ਪਟਹ (ਘੋੜੇ ਉੱਤੇ ਰਖਿਆ ਨਗਾਰਾ.) ਨੌਬਤ (ਵੱਡਾ ਨਗਾਰਾ) ਸਿਤਾਰ, ਸ਼ਹਨਾਈ, ਤੁਰਹੀ, ਤੂਤੀ ਆਦਿ ਸਾਜ਼ ਯੰਤਰਾਂ, ਗੜਵੀ, ਘੜੀ, ਥਾਲੀ, ਲੋਹੇ ਆਦਿ ਦੇ ਭਾਂਡਿਆਂ ਅਤੇ ਪਲੰਘ, ਪਾਲਕੀ, ਚੌਰ ਆਦਿ ਦਾ ਵੀ ਉਲੇਖ ਕੀਤਾ ਹੈ, ਜੋ ਉਸ ਸਮੇਂ ਵਰਤੋਂ ਵਿਚ ਆਉਂਦੇ ਸਨ।

ਇਨ੍ਹਾਂ ਰਚਨਾਵਾਂ ਵਿਚ ਨਿਵਾਸ, ਸ਼ਹਿਰ, ਕਿਲ੍ਹੇ, ਸਰੋਵਰ, ਮੰਦਰ ਅਤੇ ਬਾਗ ਆਦਿ ਦੇ ਰਚਨਾ ਸ਼ਿਲਪ ਉੱਤੇ ਵੀ ਪ੍ਰਕਾਸ਼ ਪਾਇਆ ਗਿਆ ਹੈ। ਇੱਥੋਂ ਤਕ ਕਿ ਦਰਖਤਾਂ, ਪਸ਼ੂ-ਪੰਛੀਆਂ, ਫੁੱਲਾਂ ਅਤੇ ਰਿਤੂਆਂ ਦਾ ਵੀ ਵਰਣਨ ਕੀਤਾ ਹੈ, ਜੋ ਯੁੱਗ-ਚਿੱਤਰ ਨੂੰ ਪੂਰਣ, ਯਥਾਰਥ ਅਤੇ ਸਰਵਾਂਗੀ ਬਣਾਉਣ ਵਿਚ ਸਹਾਇਕ ਹੁੰਦੇ ਹਨ।

ਕਿੰਨੇ ਐਸੇ ਕਾਵਿ-ਗ੍ਰੰਥ ਹਨ ਜਿਨ੍ਹਾਂ ਦਾ ਇਤਿਹਾਸ ਬੋਧ ਇਨ੍ਹਾਂ ਜੀਉਂਦਾ ਹੈ ਅਤੇ ਜਿਨ੍ਹਾਂ ਦਾ ਯੁੱਗ ਚਿੱਤਰ ਇਤਨਾ ਵਿਸ਼ਾਲ ਅਤੇ ਵਿਆਪਕ ਹੈ ? ਜਿਨ੍ਹਾਂ ਵਿਚ ਯੁੱਗ ਚੇਤਨਾ ਦੀ ਐਸੀ ਜੀਉਂਦੀ ਜਾਗਦੀ ਅਭਿਵਿਅਕਤੀ ਹੋਈ ਹੈ ? 'ਪ੍ਰਿਥਵੀਰਾਜ ਰਾਸੋ' 'ਰਾਮ ਚਰਿਤ ਮਾਨਸ' ਅਤੇ 'ਦਸਮ ਗ੍ਰੰਥ' ਨੂੰ ਛੱਡ ਕੇ ਇਸ ਦ੍ਰਿਸ਼ਟੀ ਵਿਚ ਸ਼ਾਇਦ ਹੀ ਕੋਈ ਰਚਨਾ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ 'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਦੇ ਬਰਾਬਰ ਉਤਰਦੀ ਹੋਵੇ।

## ਹਵਾਲੇ

ਤਰਕ ਤੇਜ ਦ੍ਰਿੜ ਭਤ੍ਰ ਉਖਾਰਾ ॥ ਹਿੰਦੂ ਧਰਮ ਕੋ ਰਾਖਯੋ ਪ੍ਰਤਿਪਾਰਾ ॥

ਸ਼ਰਧਾ ਤਯਾਗੋ ਦੋਸ਼ ਬਿਸਾਲੈ, ਬਿਨ ਸ਼ਰਧਾ ਸੋ ਹਾਥ ਨਾ ਆਵੈ ॥

4

# ਭਾਈ ਸੰਤੋਖ ਸਿੰਘ ਦੇ ਅਧਿਆਤਮਕ ਵਿਚਾਰ

ਭਾਈ ਸੰਤੋਖ ਸਿੰਘ ਇਕ ਵਿਦਵਾਨ ਕਵੀ ਸਨ। ਭਾਰਤੀ ਦਰਸ਼ਨ ਦਾ ਉਨ੍ਹਾਂ ਨੇ ਗੰਭੀਰ ਅਧਿਐਨ ਕੀਤਾ ਸੀ ਅਤੇ ਗੁਰਮਤਿ ਵਿਚ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ। 'ਗਰਬ-ਸੰਜਨੀ' ਵਿਚ ਉਹ 'ਜਪੁਜੀ' ਦਾ 'ਛੇ ਦਰਸ਼ਨਾਂ' ਦੇ ਪ੍ਰਕਾਸ਼ ਵਿਚ ਵਿਦੱਵਤਾ ਪੂਰਣ ਟੀਕਾ ਲਿਖ ਚੁੱਕੇ ਸਨ। 'ਗੁਰ ਪ੍ਰਤਾਪ ਸੂਰਜ' ਵਿਚ ਉਨ੍ਹਾਂ ਦੇ ਅਧਿਆਤਮਿਕ ਵਿਚਾਰ ਥਾਂ ਥਾਂ ਉੱਤੇ ਸਿੱਖ ਗੁਰੂਆਂ ਦੇ ਮਾਧਿਅਮ ਨਾਲ ਵਰਣਿਤ ਹੋਏ ਹਨ।

ਭਾਈ ਸੰਤੋਖ ਸਿੰਘ ਸਿੱਖ ਗੁਰੂਆਂ ਦੇ ਪਰਮ ਭਗਤ ਸਨ। ਉਨ੍ਹਾਂ ਦੇ ਇਸ਼ਟਦੇਵ 'ਅਕਾਲ ਪੁਰਖ' ਅਤੇ ਦਸ ਸਿੱਖ ਗੁਰੂ ਸਾਹਿਬਾਨ ਹਨ। ਗੁਰੂ ਨਾਨਕ ਨੂੰ ਉਹ ਅਕਾਲ ਪੁਰਖ ਦਾ ਅਵਤਾਰ ਮੰਨਦੇ ਸਨ ਅਤੇ ਦਸਾਂ ਗੁਰੂਆਂ ਨੂੰ ਇਕ ਹੀ ਜੋਤ ਦੇ ਰੂਪ ਵਿਚ ਸਵੀਕਾਰ ਕਰਦੇ ਸਨ। ਭਵਸਾਗਰ ਨੂੰ ਪਾਰ ਕਰਨ ਲਈ 'ਸਿੱਖੀ' ਨੂੰ ਸਰਵ-ਸ੍ਰੇਸ਼ਠ ਸਾਧਨ ਮੰਨਦੇ ਸਨ ਅਤੇ 'ਖਾਲਸਾ' ਨੂੰ ਸਰਬ ਸ਼ਿਰੋਮਣੀ 'ਪੰਥ'। ਉਨ੍ਹਾਂ ਦੇ ਧਾਰਮਿਕ-ਵਿਚਾਰਾਂ ਉੱਤੇ ਵੈਸ਼ਣਵ-ਮੱਤ ਦਾ ਕੁਝ ਐਸਾ ਪ੍ਰਭਾਵ ਜ਼ਰੂਰ ਹੈ, ਜੋ ਪੂਰੀ ਤਰ੍ਹਾਂ ਗੁਰਮਤਿ ਦੇ ਅਨੁਕੂਲ ਨਹੀਂ ਹੈ। ਇਸ ਤੋਂ ਇਨ੍ਹਾਂ ਦੀ ਸਮਨਵੈ-ਵਾਦੀ ਭਾਵਨਾ ਦੀ ਜਾਣਕਾਰੀ ਮਿਲਦੀ ਹੈ। ਫਿਰ ਵੀ ਬ੍ਰਹਮ, ਜੀਵ, ਮਾਇਆ, ਜਗਤ ਆਦਿ ਦੇ ਸਬੰਧ ਵਿਚ ਉਨ੍ਹਾਂ ਦੇ ਵਿਚਾਰ ਬਹੁਤ ਕੁਝ ਗੁਰਮਤਿ ਅਨੁਸਾਰ ਹੀ ਹਨ।

'ਸਿੱਖ-ਮਤ' ਇਕ ਭਗਤੀ-ਪ੍ਰਧਾਨ ਮਤ ਹੈ। 'ਗੁਰੂ ਗ੍ਰੰਥ ਸਾਹਿਬ' ਵਿਚ ਬ੍ਰਹਮ, ਜੀਵ, ਮਾਇਆ, ਸ੍ਰਿਸ਼ਟੀ ਆਦਿ ਦੇ ਸਬੰਧ ਵਿਚ ਵਿਚਾਰ ਪ੍ਰਗਟ ਕੀਤੇ ਗਏ ਹਨ। ਕਿੰਤੂ ਉਸ ਵਿਚ ਸਿਧਾਂਤਕ ਪੱਖ ਇਤਨਾ ਪ੍ਰਬਲ ਨਹੀਂ ਹੈ, ਜਿਤਨਾ ਵਿਹਾਰਕ ਪੱਖ। ਉਸ ਵਿਚ ਹਰਿ ਪ੍ਰਾਪਤੀ' ਲਈ ਸਾਧਨਾ-ਮਾਰਗ ਅਤੇ ਸ਼ੁੱਧ ਆਚਰਣ ਉੱਤੇ ਅਧਿਕ ਬਲ ਦਿਤਾ ਗਿਆ ਹੈ। ਉਸ ਦਾ ਦਾਰਸ਼ਨਿਕ ਪੱਖ ਹਰ ਤਰ੍ਹਾਂ ਭਾਰਤੀ ਦਰਸ਼ਨ ਦੇ ਅਨੁਕੂਲ ਹੈ। 'ਸਿੱਖ ਮਤ' ਦੀ ਮੁਖ ਧਾਰਣਾ ਇਹੀ ਹੈ ਕਿ ਇਸ ਸੰਪੂਰਣ ਬ੍ਰਹਮੰਡ ਅੰਦਰ ਅਤੇ ਉਸ ਤੋਂ ਪਰੇ, ਇਕ 'ਸਤਿ' ਮੌਜੂਦ ਹੈ ਅਤੇ ਉਸ 'ਸਤਿ' ਵਿਚ ਆਪਣੇ ਆਪ ਨੂੰ ਸਮਾਉਣਾ ਹੀ ਮਾਨਵ ਜੀਵਨ ਦੀ ਸਾਰਥਿਕਤਾ ਹੈ।

**ਬ੍ਰਹਮ** : 'ਗੁਰਮਤਿ' ਵਿਚ ਬ੍ਰਹਮ ਨੂੰ ਅਕਾਲਪੁਰਖ ਕਿਹਾ ਗਿਆ ਹੈ, ਉਸ ਦੇ ਸਰੂਪ ਉੱਤੇ ਪ੍ਰਕਾਸ਼ ਪਾਉਣ ਵਾਲਾ 'ਗੁਰਮਤਿ' ਦਾ 'ਬੀਜ ਮੰਤ੍ਰ' ਇਸ ਪ੍ਰਕਾਰ ਹੈ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ

ਸੈਭੰ ਗੁਰ ਪ੍ਰਸਾਦਿ ।।

ਗੁਰੂਆਂ ਨੇ ਬ੍ਰਹਮ ਨੂੰ ਜਿੱਥੇ ਨਿਰਗੁਣ, ਨਿਰਾਕਾਰ, ਅਦ੍ਰਿਸ਼, ਅਗੋਚਰ, ਅਛੇਦ, ਅਭੇਦ, ਅਵਿਅਕਤ ਮੰਨਿਆ ਹੈ, ਉੱਥੇ ਉਸ ਨੂੰ ਸਰਵ-ਵਿਆਪੀ, ਸਰਵ-ਅੰਤਰਜਾਮੀ, ਸਰਵ-ਸ਼ਕਤੀਮਾਨ, ਦਾਤਾ, ਭਗਤ-ਵੱਤਸਲ, ਪਤਿਤ-ਪਾਵਨ, ਪਰਮ ਕ੍ਰਿਪਾਲੂ, ਸਰਵ-ਪ੍ਰੇਰਕ, ਸ਼ੀਲਵਾਨ, ਸਖਾ, ਸਹਾਇਕ, ਮਾਤਾ-ਪਿਤਾ, ਸੁਆਮੀ ਆਦਿ ਵਿਸ਼ੇਸ਼ਣਾਂ ਦੇ ਨਾਲ ਅਲੰਕ੍ਰਿਤ ਕੀਤਾ ਹੈ ।

ਭਾਈ ਸੰਤੋਖ ਸਿੰਘ ਨੇ ਬ੍ਰਹਮ ਦੇ ਸਰੂਪ ਦਾ ਵਰਣਨ 'ਨਾਨਕ ਪ੍ਰਕਾਸ਼' ਵਿਚ ਇਸ ਪ੍ਰਕਾਰ ਕੀਤਾ ਹੈ :

ਅਗਮ ਅਗੋਚਰ ਅਲਖ ਅਨੰਤਾ । ਅਚੁਤ ਅਵਧ ਸ੍ਰੀ ਭਗਵੰਤਾ । 42 ।
ਸਤਿ ਅਰੂਪ ਅਨੂਪ ਅਲੇਖਾ । ਨਿਤ ਅਛੂਤ ਅਭੇਦ ਅਭੇਖਾ ।
ਅਕਰਮ ਅਭਰਮ ਅਦ੍ਵੈਤ ਅਨਾਸ਼ਾ । ਅਭੈ ਅਨਾਦੀ ਸੁਤੇ ਪ੍ਰਕਾਸਾ । 43 ।
ਰੇਖ ਨ ਰੰਗ ਨ ਮੋਹ ਨ ਮਾਯਾ । ਅਜੈ ਅਜਨਮਾ ਅਜਰ ਅਜਾਯਾ ।
ਸਭਿ ਤੈ ਦੂਰ ਸਭਿਨ ਅਤਿ ਪਾਸਾ । ਸਦਾ ਅਲੇਪ ਸਰਬ ਮਹਿ ਬਾਸਾ । 44 ।
ਨੇਤਿ ਨੇਤਿ ਨਿਤ੍ਯ ਅਪਰ ਅਪਾਰਾ । ਸਹੰਸ੍ਰ ਨਾਮ ਅਸ ਬਦਨ ਉਚਾਰਾ । 45 ।

(ਉਤ. ਅ. 26)

ਉਹ ਪਰਮਾਤਮਾ ਨਿਰਗੁਣ, ਨਿਰਾਕਾਰ, ਅਲਖ ਅਰੂਪ ਹੈ । ਪਰ ਉਹ ਸਗੁਣ ਰੂਪ ਵੀ ਹੈ । ਅਸਲ ਵਿਚ, ਨਿਰਗੁਣ ਅਤੇ ਸਗੁਣ ਵਿਚ ਕੋਈ ਭਿੰਨ ਭੇਦ ਨਹੀਂ ਹੈ ।

ਇੱਥੇ ਉਸ ਬ੍ਰਹਮ ਦੀ ਸਰਵ-ਵਿਆਪਕਤਾ, ਸਰਵ-ਸ਼ਕਤੀਮਾਨਤਾ, ਸਰਵੱਗਤਾ, ਆਤਮਾ ਅਤੇ ਪਰਮਾਤਮਾ ਦੀ ਏਕਤਾ ਅਤੇ ਅਭਿੰਨਤਾ ਦਾ ਵਰਣਨ ਕੀਤਾ ਗਿਆ ਹੈ ।

'ਗੁਰ ਪ੍ਰਤਾਪ ਸੂਰਜ' ਵਿਚ ਵੀ ਬ੍ਰਹਮ ਦੇ ਸਰੂਪ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ ਕਿ ਉਹ ਪਾਰਬ੍ਰਹਮ ਕਰਤਾਰ ਹੈ, ਪਰਮੇਸ਼ਰ ਹੈ, ਸਰਵ-ਵਿਆਪਕ ਹੈ, ਨਿਰਵਿਕਾਰ, ਨਿਰੰਕਾਰ, ਅਕਾਲ, ਨਿਰਭੈ, ਨਿਰਗੁਨ, ਸਗੁਣ, ਸੈਭੰ, ਕਰਤਾਪੁਰਖ, ਅਨੰਤ ਸਤਿ ਰੂਪ, ਅਵਿਨਾਸ਼ੀ ਹੈ, ਉਸ ਦਾ ਕੋਈ ਰੂਪ ਰੰਗ ਨਹੀਂ ਹੈ, ਉਹ ਸੰਪੂਰਣ ਜਗਤ ਵਿਚ ਪ੍ਰਕਾਸ਼ਵਾਨ ਹੈ ਜਾਂ ਇਹ ਜਗਤ ਉਸ ਦੀ ਸੋਭਾ ਨਾਲ ਪ੍ਰਕਾਸ਼ਿਤ ਹੈ । ਉਹ ਦੀਨ-ਬੰਧੂ, ਸਿੱਖਾਂ ਦਾ ਗੁਰੂ, ਪਰਮ ਕਿਰਪਾਲੂ, ਸੁਖ-ਦਾਤਾ, ਸੁਆਮੀ, ਗੁਣਵਾਨ, ਦਾਤਾ, ਮਧੁਸੂਦਨ ਹੈ ।

(ਗੁ. ਪ੍ਰ. ਸੂ. ਰਿ 4:51)

ਭਾਈ ਸੰਤੋਖ ਸਿੰਘ ਨੇ ਉਸੀ ਦੇ ਟਿਕ ਰੂਪ ਨੂੰ ਵਿਭਿੰਨ ਰੂਪਾਂ ਵਿਚ ਪ੍ਰਗਟ ਹੋਣਾ ਅਤੇ ਉਸੀ ਨੂੰ ਜਗਤ ਦਾ ਕਰਤਾ ਅਤੇ ਕਾਰਣ ਮੰਨਿਆ ਹੈ ।

**ਸ੍ਰਿਸ਼ਟੀ ਰਚਨਾ**

ਭਾਈ ਸੰਤੋਖ ਸਿੰਘ ਨੇ ਬ੍ਰਹਮ ਨੂੰ ਹੀ ਇਸ ਸ੍ਰਿਸ਼ਟੀ ਦਾ ਕਰਤਾ ਅਤੇ ਕਾਰਣ ਕਿਹਾ ਹੈ । ਉਹਨਾਂ ਅਨੁਸਾਰ ਬ੍ਰਹਮ ਦੇ 'ਹੁਕਮ' ਨਾਲ ਹੀ ਮਾਇਆ ਪੈਦਾ ਹੁੰਦੀ ਹੈ, ਜੋ ਸੰਪੂਰਣ ਜਗਤ ਨੂੰ ਭਰਮ ਵਿਚ ਪਾਈ ਰਖਦੀ ਹੈ । ਜੋ ਵੀ ਭਿੰਨ ਭਿੰਨ

ਪ੍ਰਕਾਰ ਦਾ ਪ੍ਰਤੀਤ ਹੁੰਦਾ ਹੈ, ਉਹ ਬਾਜ਼ੀਗਰ ਦੇ ਤਮਾਸ਼ੇ ਦੀ ਤਰ੍ਹਾਂ ਮਾਇਆ ਦੇ ਹੀ ਕਾਰਣ ਵਿਖਾਈ ਦਿੰਦਾ ਹੈ। ਇੰਦ੍ਰੀਆਂ ਤੇ ਕਾਬੂ ਪਾਉਣ, ਅੰਤਰ-ਬਿਰਤੀ ਅਤੇ 'ਨਾਮ-ਜਾਪ' ਨਾਲ ਇਹ ਭਰਮ ਮਿਟ ਜਾਂਦਾ ਹੈ। ਫਿਰ ਜਗਤ ਦਾ ਰੂਪ ਵੀ ਮਿਟ ਜਾਂਦਾ ਹੈ ਅਤੇ ਹਰ ਪਾਸੇ ਬ੍ਰਹਮ ਹੀ ਵਿਖਾਈ ਦੇਣ ਲਗਦਾ ਹੈ ਜਾਂ ਉਹ ਬ੍ਰਹਮ ਵਿਚ ਹੀ ਲੀਨ ਹੋ ਜਾਂਦਾ ਹੈ।

(ਉਹੀ, ਰਾ. 2:36:20)

ਸੰਸਾਰ ਨੂੰ ਗੁਰੂਆਂ ਨੇ ਸੁਫਨੇ ਵਾਂਗ, ਜਲ ਦੇ ਬੁਲਬੁਲੇ, ਹਰਿਚੰਦੌਰੀ, ਪਾਣੀ ਦੀ ਝੱਗ, ਮ੍ਰਿਗ-ਤ੍ਰਿਸ਼ਣਾ, ਧੂੰਏਂ ਦੇ ਪਹਾੜ ਅਤੇ ਬਾਲੂ ਦੀ ਰੇਤ ਬਰਾਬਰ ਨਾਸ਼ਵਾਨ ਅਤੇ ਖਿਣ-ਭੰਗੁਰ ਕਿਹਾ ਹੈ।

ਭਾਈ ਸੰਤੋਖ ਸਿੰਘ ਅਨੁਸਾਰ, ਜਗਤ ਅਨਾਦਿ ਕਾਲ ਤੋਂ ਇਸੇ ਪ੍ਰਕਾਰ ਚਲਿਆ ਆ ਰਿਹਾ ਹੈ ਅਤੇ ਉਸ ਦਾ ਕੋਈ ਵੀ 'ਪਾਰ' ਨਹੀਂ ਹੈ।

ਪਰੰਤੂ ਦ੍ਰਿਸ਼ਟਮਾਨ ਜਗਤ ਸੁਫਨੇ ਸਮਾਨ, ਜੜ੍ਹ, ਅਨਿਤ ਅਤੇ ਨਾਸ਼ਵਾਨ ਹੈ। ਇਹ ਪਰਿਵਰਤਸ਼ੀਲ ਅਤੇ ਅਯਥਾਰਥ ਹੈ। ਉਹ ਇਕ ਰਸ ਅਤੇ ਸਥਿਰ ਨਹੀਂ ਹੈ। ਇੱਥੋਂ ਦੇ ਸੰਬੰਧ ਵੀ 'ਬੇੜੀ ਦੇ ਮੇਲ' ਅਤੇ 'ਕਾਲ ਪ੍ਰਵਾਹ' ਦੇ ਬਰਾਬਰ ਛਿਣ-ਭਰੇ ਅਤੇ ਅਸਥਿਰ ਹਨ।

**ਮਾਇਆ**

ਗੁਰੂਆਂ ਨੇ ਮਾਇਆ ਦੀ ਸੁਤੰਤਰ ਹੋਂਦ ਸਵੀਕਾਰ ਨਹੀਂ ਕੀਤੀ; ਉਨ੍ਹਾਂ ਨੇ ਇਸ ਦੀ ਰਚਨਾ ਪਰਮਾਤਮਾ ਦੇ 'ਹੁਕਮ' ਨਾਲ ਮੰਨੀ ਹੈ। ਉਸ ਨੂੰ ਉਨ੍ਹਾਂ ਨੇ ਪਰਮਾਤਮਾ ਦੀ ਦਾਸੀ ਅਤੇ ਆਗਿਆ ਮਨਣ ਵਾਲੀ ਕਿਹਾ ਹੈ। ਜਿਸ ਨੇ ਉਸ ਦੀ ਆਗਿਆ ਅਨੁਸਾਰ ਸੰਸਾਰ ਨੂੰ ਮੋਹਿਤ ਕੀਤਾ ਹੋਇਆ ਹੈ।

ਭਾਈ ਸੰਤੋਖ ਸਿੰਘ ਨੇ ਵੀ ਇਸ ਨੂੰ ਬ੍ਰਹਮ ਦੁਆਰਾ ਉਤਪੰਨ ਅਤੇ ਉਸ ਦੇ ਹੁਕਮ ਨਾਲ ਸਾਰੇ ਜਗਤ ਨੂੰ ਚਲਾਉਣ ਵਾਲੀ ਕਿਹਾ ਹੈ।

ਮਾਇਆ ਨਦੀ ਨੇ ਛਲ ਨਾਲ ਅਤੇ ਬਲ ਦੁਆਰਾ ਸਾਰੇ ਸੰਸਾਰ ਨੂੰ ਭਰਮ ਵਿਚ ਪਾਇਆ ਹੋਇਆ ਹੈ। ਜਗਤ ਜੋ ਵੀ ਵਿਖਾਈ ਦਿੰਦਾ ਹੈ, ਇਹ ਉਸੀ ਦੇ ਕਾਰਣ ਹੈ। ਭਾਈ ਸੰਤੋਖ ਸਿੰਘ ਨੇ ਇਸ ਦੇ ਅਕਥਨ, ਸ਼ਕਤੀਮਾਣਤਾ, ਅਤੇ ਅਨੰਤਤਾ ਨੂੰ ਸਵੀਕਾਰ ਕੀਤਾ ਹੈ। ਉਨ੍ਹਾਂ ਅਨੁਸਾਰ ਉਹ ਤ੍ਰਿਗੁਣਾਤਮਕ ਹੈ, ਉਸ ਦੇ ਦੋ ਰੂਪ ਹਨ—ਇਕ ਬ੍ਰਹਮ ਦੇ ਸਰੂਪ ਨੂੰ ਛਿਪਾਉਣ ਵਾਲਾ 'ਆਵਰਨ' ਅਤੇ ਦੂਜਾ ਉਹ ਜੋ ਸਾਰੇ ਨਾਨਤਵ ਪਰਤੀਤ ਕਰਾਉਂਦਾ ਹੈ ਉਸ ਨੂੰ 'ਵਿਖੇਪ' ਦਾ ਨਾਂ ਦਿੱਤਾ ਹੈ। ਭਾਈ ਸੰਤੋਖ ਸਿੰਘ ਨੇ ਵੈਰਾਗ ਅਤੇ ਗਿਆਨ ਦੁਆਰਾ ਵੀ ਮਾਇਆ ਦਾ ਅੰਤ ਮੰਨਿਆ ਹੈ। ਪਰੰਤੂ ਭਗਤੀ ਨੂੰ ਮੁੱਖ ਕਿਹਾ ਹੈ ਕਿਉਂਕਿ ਪੁਰਸ਼ ਰੂਪ, ਗਿਆਨ ਵੈਰਾਗ ਅਤੇ ਜੋਗ ਨੂੰ ਉਹ ਮੋਹਿਤ ਕਰ ਸਕਦੀ ਹੈ, ਪਰੰਤੂ ਭਗਤੀ ਤਾਂ ਵਿਆਹੁਤਾ ਇਸਤਰੀ ਹੈ, ਉਹ ਕਦੀ ਵੀ ਉਸ ਨਾਲ ਮੋਹਿਤ ਨਹੀਂ ਹੋ ਸਕਦੀ। ਇਸ ਦੇ ਇਲਾਵਾ ਸਤਿਸੰਗਤ, ਗੁਰੂ ਕ੍ਰਿਪਾ ਅਤੇ ਗੁਰੂ ਉਪਦੇਸ਼ ਸੁਣਨਾ ਜਾਂ ਗੁਰਬਾਣੀ ਨਾਲ ਵੀ ਉਸ ਮੋਹ ਕਰਨ ਵਾਲੀ ਤੋਂ ਬਚਿਆ ਜਾ ਸਕਦਾ ਹੈ।

**ਆਤਮਾ ਅਤੇ ਜੀਵ :**

ਭਾਈ ਸੰਤੋਖ ਸਿੰਘ ਨੇ ਆਤਮਾ ਅਤੇ ਜੀਵ ਦੇ ਸਰੂਪ ਦਾ ਵਰਣਨ ਵਿਸਥਾਰ ਨਾਲ ਕੀਤਾ ਹੈ। ਆਤਮਾ ਨੂੰ ਉਨ੍ਹਾਂ ਨੇ ਸਤਿ, ਚਿੱਤ ਅਤੇ ਆਨੰਦ-ਸਰੂਪ ਮੰਨਿਆ ਹੈ ਜਿਵੇਂ :

ਸਤਿ ਆਤਮਾ ਨਿਰਨੈ ਕਰਹਿ। ਪੂਰਬ ਹੁਤੋ, ਦੇਹਿ ਬਹੁ ਧਰਹਿ ॥
ਅਬਿ ਪ੍ਰਤਖ ਅਰੁ ਰਹੈ ਭਵਿੱਖ। ਯਾਂ ਤੇ ਸਤਿ ਲਖਹਿ ਗੁਰੂ ਸਿਖ। 51।

× × × × × ×

ਬਹੁਰ ਆਤਮਾ ਚੇਤਨ ਜਾਨਹਿ। ਜਿਹ ਸੰਬਧ ਤਨ ਚੇਤਨ ਠਾਨਹਿ।
ਪੁਨ ਆਤਮ ਕੋ ਰੂਪ ਅਨੰਦ।

(ਗੁ. ਪ੍ਰ. ਸੂ. ਗ 1 : 1 : 53)

× × × × × ×

ਜਲ ਤਰੰਗ ਜਿਉਂ ਜਲਹਿ ਸਮਾਵੈ। ਹੈ ਜਲ ਜਲ ਤੇ ਭਿੰਨ ਦਿਖਾਵੈ ॥

(ਉਹੀ, ਰਾ. 1 : 28 : 6)

ਉਨ੍ਹਾਂ ਅਨੁਸਾਰ ਆਤਮਾ ਅਮਰ ਹੈ, ਮਾਰਨੇ ਤੇ ਵੀ ਮਰ ਨਹੀਂ ਸਕਦੀ, ਅੱਗ ਉਸ ਨੂੰ ਸਾੜ ਨਹੀਂ ਸਕਦੀ, ਪਾਣੀ ਡੁਬਾ ਨਹੀਂ ਸਕਦਾ, ਹਵਾ ਉਡਾ ਨਹੀਂ ਸਕਦੀ, ਸ਼ਸਤਰ ਨਾਲ ਉਸ ਨੂੰ ਕਟਿਆ ਨਹੀਂ ਜਾ ਸਕਦਾ। ਜਿਸ ਪ੍ਰਕਾਰ ਮਨੁੱਖ ਫੱਟੇ ਹੋਏ ਕੱਪੜੇ ਨੂੰ ਉਤਾਰ ਕੇ ਨਵਾਂ ਪਾ ਲੈਂਦਾ ਹੈ, ਉਸੀ ਪ੍ਰਕਾਰ ਆਤਮਾ ਖਰਾਬ ਸਰੀਰ ਨੂੰ ਤਿਆਗ ਨਵੇਂ ਸਰੀਰ ਨੂੰ ਧਾਰਣ ਕਰ ਲੈਂਦੀ ਹੈ। ਪਰੰਤੂ ਉਹ ਸਰੀਰ ਨਾਲ ਨਸ਼ਟ ਨਹੀਂ ਹੁੰਦੀ।[8]

ਆਤਮਾ ਸੰਬੰਧੀ ਉਨ੍ਹਾਂ ਦੇ ਇਨ੍ਹਾਂ ਵਿਚਾਰਾਂ ਉੱਤੇ 'ਗੀਤਾ' ਦਾ ਪ੍ਰਭਾਵ ਸਪੱਸ਼ਟ ਰੂਪ ਵਿਚ ਵਿਖਾਈ ਦਿੰਦਾ ਹੈ।

ਭਾਈ ਸੰਤੋਖ ਸਿੰਘ ਨੇ ਆਤਮਾ ਅਤੇ ਬ੍ਰਹਮ ਦੇ ਸੰਬੰਧ ਦਾ ਵਰਣਨ ਵੇਦਾਂਤੀਆਂ ਅਨੁਸਾਰ, 'ਕੰਚਨ ਕੁੰਡਲ', 'ਬੂੰਦ ਸਾਗਰ', 'ਅਗਨੀ ਪੁੰਜ ਸਫੁਲਿੰਗ', 'ਜਲ ਲਹਿਰ' ਆਦਿ ਨਾਲ ਕੀਤਾ ਹੈ। ਜੀਵ ਜਲ ਵਿਚ ਪਏ ਹੋਏ ਉਸ ਜਲ ਨਾਲ ਭਰੇ ਘੜੇ ਦੇ ਸਮਾਨ ਹੈ ਜਿਸ ਦੇ ਟੁੱਟਣ ਨਾਲ ਜਲ ਰੂਪ (ਆਤਮਾ) ਬ੍ਰਹਮ ਰੂਪੀ ਜਲ ਸਮੂਹ ਵਿਚ ਲੀਨ ਹੋ ਕੇ ਇਕ ਰੂਪ ਹੋ ਜਾਂਦਾ ਹੈ। ਦੇਹ ਨਾਸ਼ਮਾਨ, ਜੜ੍ਹ ਅਤੇ ਅਸਤਿ ਹੈ। ਜਿਸ ਪ੍ਰਕਾਰ ਪਾਣੀ ਵਿਚ ਅਨੇਕ ਬੁਲਬਲੇ ਉੱਠ ਮੁੜ ਪਾਣੀ ਵਿਚ ਲੀਨ ਹੋ ਜਾਂਦੇ ਹਨ, ਉਸੀ ਪ੍ਰਕਾਰ ਜਨਮ ਮਰਨ ਨੂੰ ਸਮਝਣਾ ਚਾਹੀਦਾ ਹੈ। ਵਿਸ਼ਿਆਂ ਵਿਚ ਲਿਪਤ ਰਹਿਣ ਦੇ ਕਾਰਣ ਇਹ ਜੀਵ ਅਣਜਾਣ ਅਤੇ ਨਾਸਮਝ ਹੈ। ਜੀਵ ਅਹੰਕਾਰ ਨੂੰ ਨਸ਼ਟ ਕਰਕੇ, ਬ੍ਰਹਮ ਗਿਆਨ ਦੇ ਅਭਿਆਸ ਨਾਲ ਅਤੇ ਪ੍ਰਭੂ ਦੀ ਭਗਤੀ ਦੁਆਰਾ ਬ੍ਰਹਮ ਵਿਚ ਮਿਲ ਕੇ ਇਕ ਰੂਪ ਹੋ ਜਾਂਦਾ ਹੈ ਅਤੇ ਫਿਰ ਉਹ ਆਵਾਗਮਨ ਦੇ ਚੱਕਰ ਵਿਚ ਨਹੀਂ ਪੈਂਦਾ। ਜਦੋਂ ਤਕ ਦ੍ਵੈਤ ਭਾਵ ਹੈ ਉਦੋਂ ਤਕ ਧਿਆਨ, ਧਿਆਨ ਕਰਨ ਵਾਲਾ, ਧਿਆਨ ਕਰਨ ਯੋਗ ਅਰਥਾਤ ਗਿਆਨ, ਗਿਆਤਾ ਅਤੇ (ਗ੍ਯੇਯ) ਅਤੇ ਨਾਮੀ, ਨਾਮ ਅਤੇ ਜਾਪਕ

ਦਾ ਭੇਦ ਹੈ, ਜਦੋਂ ਜੀਵ ਅਦ੍ਵੈਤਤਾ ਨੂੰ ਪ੍ਰਾਪਤ ਕਰ ਲੈਂਦਾ ਹੈ, ਤਾਂ ਇਹ ਭੇਦ ਨਹੀਂ ਰਹਿੰਦਾ, ਉਹ ਹਰ ਪਾਸੇ ਆਪਣਾ ਹੀ ਸਰੂਪ ਵੇਖਣ ਲਗਦਾ ਹੈ

**ਸਾਧਨਾ ਮਾਰਗ :**

ਗੁਰੂਆਂ ਨੇ ਪ੍ਰਭੂ-ਪ੍ਰਾਪਤੀ ਲਈ ਗਿਆਨ, ਕਰਮ ਯੋਗ ਦੀ ਸਾਰਥਕਤਾ ਸਵੀਕਾਰ ਕੀਤੀ ਹੈ ਜਦੋਂ ਕਿ ਭਗਤੀ ਉੱਤੇ ਉਨ੍ਹਾਂ ਨੇ ਜ਼ਿਆਦਾ ਜ਼ੋਰ ਦਿੱਤਾ ਹੈ ਤੇ ਇਨ੍ਹਾਂ ਤਿੰਨਾਂ ਮਾਰਗਾਂ ਨੂੰ ਵੀ ਭਗਤੀ-ਧਾਰਾ ਨਾਲ ਸਿੰਜਿਆ । ਮਨੁੱਖੀ ਸੁਭਾ ਵਿਚ ਜੋ ਕੋਮਲ ਜਾਂ ਪ੍ਰਚੰਡ ਮੂਲ ਅਤੇ ਪ੍ਰਾਕ੍ਰਿਤਕ ਮਨੋ-ਵ੍ਰਿਤੀਆਂ ਗਤੀਸ਼ੀਲ ਹਨ, ਉਹ ਲੌਕਿਕ ਰਾਗ-ਦਵੇਖ ਤੋਂ ਉੱਪਰ ਉਠ ਕੇ ਉਸ ਦੀ ਉੱਦਾਤ ਸ਼ਕਤੀਆਂ ਨੂੰ ਅਧਿਆਤਮਕ ਸਾਧਨਾ ਮਾਰਗ ਦੇ ਵਲ ਜਾਣ ਲਈ ਸ਼ਕਤੀਹੀਣ ਕਰਦੀਆਂ ਰਹਿੰਦੀਆਂ ਹਨ, ਜੇਕਰ ਉਨ੍ਹਾਂ ਬੁਰੀਆਂ ਬਿਰਤੀਆਂ ਦੀ ਗਿਆਨ ਦੁਆਰਾ ਸ਼ੁੱਧੀ ਰੋਕ ਕਰ ਲਈ ਜਾਵੇ ਤਾਂ ਜੀਵ ਸਹਿਜੇ ਹੀ ਸੰਸਾਰੀ ਮਾਇਆ, ਕਾਮ, ਕ੍ਰੋਧ, ਮੋਹ, ਲੋਭ, ਅਹੰਕਾਰ ਆਦਿ ਦਾ ਨਾਸ਼ ਕਰਨ ਵਾਲੇ ਜਾਂ ਸੰਸਾਰੀ ਆਕਰਸ਼ਣਾਂ ਤੋਂ ਦੂਰ ਹੋ ਕੇ ਪਰਮਾਤਮਾ ਨਾਲ ਰਾਗਾਤਮਿਕ ਸੰਬੰਧ ਸਥਾਪਿਤ ਕਰਨ ਦੀ ਪ੍ਰਕ੍ਰਿਆ ਵਿਚ ਲੱਗ ਸਕਦਾ ਹੈ। ਇਹੀ ਕਾਰਨ ਹੈ ਕਿ ਭਗਤ ਕਵੀਆਂ ਅਤੇ ਸੰਤਾਂ ਨੇ ਭਗਤੀ ਸਾਧਨਾਂ ਦੀ ਪ੍ਰੌੜ੍ਹਤਾ ਅਤੇ ਪੂਰਣਤਾ ਲਈ ਗਿਆਨ ਅਤੇ ਵਿਰਕਤੀ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ। ਗੁਰੂਆਂ ਨੇ ਪ੍ਰਭੂ-ਪ੍ਰਾਪਤੀ ਨੂੰ ਹੀ ਮਾਨਵ-ਜੀਵਨ ਦਾ ਪਰਮ ਉਦੇਸ਼ ਮੰਨਿਆ ਹੈ ਅਤੇ ਮਨੁੱਖੀ ਪੂਰਣਤਾ ਅਤੇ ਪਰਮਾਤਮਾ ਦੀ ਪ੍ਰਾਪਤੀ ਲਈ ਭਗਤੀ ਜਾਂ ਨਾਮ ਸਿਮਰਨ ਨੂੰ ਸਭ ਤੋਂ ਪ੍ਰਮੁੱਖ ਸਾਧਨ ਸਵੀਕਾਰ ਕੀਤਾ ਹੈ, ਫਿਰ ਵੀ ਉਨ੍ਹਾਂ ਨੇ ਗਿਆਨ ਅਤੇ ਵਿਰਕਤੀ ਨੂੰ ਅੱਖੋਂ ਪਰੋਖੇ ਨਹੀਂ ਕੀਤਾ।

ਸਿੱਖ ਮਤ ਵਿਚ ਕਰਮ ਦਾ ਨਿਖੇਧ ਨਹੀਂ ਕੀਤਾ ਗਿਆ, ਸਗੋਂ ਨਿਸ਼ਕਾਮ ਕਰਮਾਂ ਉੱਤੇ ਬਲ ਦਿੱਤਾ ਗਿਆ ਹੈ ਅਤੇ ਅਡੰਬਰ ਸਹਿਤ, ਪਾਖੰਡ ਪੂਰਣ, ਸਵਾਰਥਮਈ, ਕਾਮ ਸਹਿਤ ਅਤੇ ਅਹੰਕਾਰ ਸਹਿਤ ਕਰਮ ਦਾ ਨਿਖੇਧ ਅਤੇ ਖੰਡਨ ਕੀਤਾ ਗਿਆ ਹੈ। ਭਗਤੀ 'ਨਾਮ ਸਿਮਰਨ' ਅਤੇ ਅਭਿਆਸ ਲਈ ਜਿਸ ਅਧਿਆਤਮਿਕ ਵਾਤਾਵਰਨ ਅਤੇ ਮਾਨਸਿਕ ਇਕਾਗਰਤਾ ਦੀ ਜ਼ਰੂਰਤ ਹੈ ਉਹ ਸੰਤ-ਸੇਵਾ ਸਤਿਸੰਗਤ, ਇਸ਼ਨਾਨ, ਦਾਨ, ਸਦਾਚਾਰ, ਪਰਉਪਕਾਰ, ਇਤਿਆਦੀ ਸ਼ੁਭ ਅਤੇ ਸੁੰਦਰ, ਮਾਨਸਿਕ ਅਤੇ ਸਰੀਰਕ ਕਰਮਾਂ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਇਸ ਪ੍ਰਕਾਰ ਦੇ ਕਰਮਾਂ ਦੁਆਰਾ ਭੈੜੇ ਸੰਸਕਾਰਾਂ ਦਾ ਨਾਸ਼ ਅਤੇ ਸ਼ੁੱਧੀ ਕਰਕੇ ਗਿਆਨ ਦੁਆਰਾ ਚਿੱਤ-ਵ੍ਰਿੱਤੀਆਂ ਦਾ ਰੋਕ ਕਰਨ ਦੇ ਬਾਅਦ ਹੀ ਪ੍ਰਭੂ ਭਗਤੀ ਸੰਭਵ ਹੈ।

ਭਾਈ ਸੰਤੋਖ ਸਿੰਘ ਨੇ ਵੀ ਗੁਰੂਆਂ ਦਾ ਅਨੁਕਰਣ ਕਰਦੇ ਹੋਏ ਪ੍ਰਭੂ ਪ੍ਰਾਪਤੀ ਲਈ ਗਿਆਨ, ਵੈਰਾਗ, ਯੋਗ ਅਤੇ ਭਗਤੀ ਆਦਿ ਸਾਰੇ ਮਾਰਗਾਂ ਦੀ ਸਾਰਥਕਤਾ ਸਵੀਕਾਰ ਕੀਤੀ ਹੈ। ਪਰੰਤੂ ਇਨ੍ਹਾਂ ਵਿਚ ਮੁੱਖ ਭਗਤੀ ਨੂੰ ਹੀ ਮੰਨਿਆ ਹੈ। ਉਨ੍ਹਾਂ ਅਨੁਸਾਰ, 'ਇਹ ਚਾਰੇ ਮਾਰਗ ਹਰਿਮੰਦਰ ਦੇ ਚਾਰ ਦਰਵਾਜ਼ਿਆਂ ਦੇ ਬਰਾਬਰ ਹਨ ਜਿਨ੍ਹਾਂ ਦੇ ਦੁਆਰਾ ਮੰਦਿਰ ਵਿਚ ਜਾਣ ਤੇ ਵੀ 'ਨਾਮ ਸਿਮਰਨ' ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ

ਨਹੀਂ ਹੋ ਸਕਦੀ। ਇਸ ਲਈ ਹੋਰ ਮਾਰਗਾਂ ਦੀ ਵਾ 'ਨਾਮ ਸਿਮਰਨ' ਨਾਲ ਹੀ ਸਾਰਥਕਤਾ ਹੈ। ਇਸ ਲਈ ਇਹ ਚਾਰੇਂ ਸਤਿਨਾਮ ਦੇ ਹੀ ਆਸਰਿਤ ਹਨ। ਗਿਆਨ, ਬੈਰਾਗ ਅਤੇ ਯੋਗ, ਇਹ ਤਿੰਨੇ ਪੁਰਸ਼ ਰੂਪ ਹਨ, ਇਸ ਲਈ ਇਹ ਮਾਇਆ ਦੁਆਰਾ ਮੋਹਿਤ ਕੀਤੇ ਜਾ ਸਕਦੇ ਹਨ। ਪਰੰਤੂ ਭਗਤੀ ਵਿਆਹੁਤਾ ਇਸਤਰੀ ਹੈ, ਮਾਇਆ ਇਸ ਨੂੰ ਮੋਹਿਤ ਨਹੀਂ ਕਰ ਸਕਦੀ। ਇਸ ਲਈ ਉਨ੍ਹਾਂ ਨੇ ਥਾਂ ਥਾਂ ਉੱਤੇ 'ਨਾਮ' ਦੀ ਮਹਿਮਾ ਦੇ ਗੁਣਾਂ ਦਾ ਗਾਣ ਕੀਤਾ ਹੈ। ਉਨ੍ਹਾਂ ਦਾ ਕਥਨ ਹੈ ਕਿ 'ਕਰਮ ਉਹੀ ਸ੍ਰੇਸ਼ਠ ਹੈ ਜਿਸ ਵਿਚ 'ਨਾਮ' ਸਿਮਰਨ ਕੀਤਾ ਜਾਵੇ ਉਸ ਦੇ ਬਿਨਾ ਸਾਰੇ ਕਰਮ ਸਿਫਰ ਬਰਾਬਰ ਹਨ। 'ਯੋਗ ਵੀ ਉਹੀ ਸ੍ਰੇਸ਼ਠ ਹੈ ਜਿਸ ਵਿਚ 'ਸਤਿਨਾਮ' ਦਾ ਸਿਮਰਨ ਕੀਤਾ ਜਾਏ। ਗਿਆਨ ਵੀ ਉਹੀ ਕਲਿਆਣਕਾਰੀ ਅਤੇ ਸ੍ਰੇਸ਼ਠ ਹੈ ਜਿਸ ਵਿਚ ਨਾਮ-ਜਾਪ ਕੀਤਾ ਜਾਏ। 'ਨਾਮ ਤੋਂ ਬਿਨਾਂ ਜੀਵ ਦਾ ਛੁਟਕਾਰਾ ਸੰਭਵ ਨਹੀਂ ਅਤੇ ਉਹ ਯਮਲੋਕ ਵਿਚ ਜਾਂਦਾ ਹੈ। 'ਨਾਮ' ਹੀ ਇਕ ਐਸਾ ਮਹਾ-ਮੰਤਰ ਹੈ ਜਿਸ ਦਾ ਜਾਪ ਕਰਨ ਨਾਲ ਜੀਵ ਦੇ ਸਾਰੇ ਰੋਗ, ਤਾਪ ਅਤੇ ਕਸ਼ਟ ਦੂਰ ਹੋ ਜਾਂਦੇ ਹਨ।

ਭਾਈ ਸੰਤਖ ਸਿੰਘ ਦਾ ਕਥਨ ਹੈ ਕਿ ਨਾਮ ਸਿਮਰਨ ਨਾਲ ਜੀਵ ਭਵਸਾਗਰ ਨੂੰ ਪਾਰ ਕਰ ਸਕਦਾ ਹੈ। ਇਸ ਲਈ ਮਨੁੱਖ ਨੂੰ 'ਨਾਮ ਸਿਮਰਨ' ਬਿਨਾਂ ਇਕ ਸਾਹ ਵੀ ਨਸ਼ਟ ਨਹੀਂ ਕਰਨਾ ਚਾਹੀਦਾ।

ਭਾਈ ਸੰਤੋਖ ਸਿੰਘ ਨੇ ਗਿਆਨ ਦੇ ਮਹੱਤਵ ਨੂੰ ਵੀ ਸਵੀਕਾਰ ਕੀਤਾ ਹੈ, ਪਰੰਤੂ ਉਨ੍ਹਾਂ ਨੇ ਨੀਰਸ ਗਿਆਨ ਦੀ ਉਪੇਖਿਆ ਕਰਕੇ ਭਗਤੀ ਸਹਿਤ ਬ੍ਰਹਮ ਗਿਆਨ ਨੂੰ ਹੀ ਸਰਬ-ਕਲਿਆਣਕਾਰੀ ਮੰਨਿਆ ਹੈ ਅਤੇ ਬ੍ਰਹਮ ਗਿਆਨ ਦੇ ਸਾਧਨ ਰੂਪ ਵਿਰਕਤੀ, ਸ਼ਰਧਾ, ਸ੍ਰਵਣ, ਮਨਨ, ਅਹੰਕਾਰ, ਤਿਆਗ ਅਤੇ ਗੁਰੂ-ਕ੍ਰਿਪਾ ਆਦਿ ਦਾ ਵਿਸਥਾਰ ਨਾਲ ਵਿਵੇਚਨ ਕੀਤਾ ਹੈ।

ਕਰਮ-ਫਲ ਵਿਚ ਵੀ ਉਨ੍ਹਾਂ ਨੇ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ ਅਤੇ ਗੁਰੂਆਂ ਦੀ ਤਰ੍ਹਾਂ ਕਰਮ-ਫਲ ਨੂੰ ਪਰਮਾਤਮਾ ਦੇ ਅਧੀਨ ਮੰਨਿਆ ਹੈ।

ਉਨ੍ਹਾਂ ਦੀ ਧਾਰਣਾ ਹੈ ਕਿ ਸਕਾਮਾ ਕਰਮਾਂ ਨਾਲ ਮਨੁੱਖ ਨੂੰ ਗੰਦਰਭ ਲੋਕ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਿਸ਼ਕਾਮ ਕਰਮਾਂ ਨਾਲ ਮਨੁੱਖ ਬ੍ਰਹਮ ਨਾਲ ਮਿਲ ਕੇ ਇਕ ਰੂਪ ਹੋ ਜਾਂਦਾ ਹੈ, ਇਸ ਲਈ ਨਿਸ਼ਕਾਮ ਕਰਮ ਸ੍ਰੇਸ਼ਠ ਹਨ। ਬਾਹਰੀ ਅਡੰਬਰ ਵਾਲੇ ਕਰਮ ਅਤੇ ਪਾਖੰਡਾਂ ਦਾ ਉਨ੍ਹਾਂ ਨੇ ਬਲ-ਪੂਰਬਕ ਨਿਖੇਧ ਕੀਤਾ ਹੈ। ਇਸ ਲਈ ਉਨ੍ਹਾਂ ਨੇ ਮੂਰਤੀ ਪੂਜਾ ਅਤੇ ਜਾਤ-ਪਾਤ ਦਾ ਵੀ ਖੰਡਨ ਕੀਤਾ ਹੈ। ਉਨ੍ਹਾਂ ਦਾ ਕਥਨ ਹੈ ਕਿ ਬਿਨਾ ਭਗਤੀ ਦੇ ਸਾਰੇ ਕਰਮ ਅਧਰਮ ਹੋ ਜਾਂਦੇ ਹਨ, ਪਰੰਤੂ ਗੁਰੂ ਦੀ ਸਰਣ ਵਿਚ ਜਾਣ ਨਾਲ ਬੁਰੇ ਕਰਮ ਵੀ ਇਸ ਪ੍ਰਕਾਰ ਸਿੱਧੇ ਹੋ ਜਾਂਦੇ ਹਨ ਜਿਸ ਪ੍ਰਕਾਰ ਮੋਹਰ ਦੇ ਉਲਟੇ ਅੱਖਰ ਮੋਹਰ ਲਗਾਉਣ ਨਾਲ ਸਿੱਧੇ ਹੋ ਜਾਂਦੇ ਹਨ। 'ਨਾਮ ਸਿਮਰਨ' ਇਕ ਅੰਕ ਹੈ ਅਤੇ ਕਰਮ ਸਿਫਰ ਦੇ ਸਮਾਨ ਹਨ। ਇਸ ਨਾਮ ਦੇ ਅੰਕ ਬਿਨਾ ਕਰਮ-ਰੂਪੀ ਸਿਫਰ ਦਾ ਕੋਈ ਮੁੱਲ ਨਹੀਂ ਹੈ, ਪਰੰਤੂ ਸਿਫਰ ਦੇ ਖੱਬੇ ਇਕ ਦਾ ਅੰਕ ਲਗਾ ਦੇਣ ਨਾਲ ਜਿਸ ਤਰ੍ਹਾਂ ਸਿਫਰ ਦਾ ਮੁੱਲ ਵਧ ਜਾਂਦਾ ਹੈ, ਵੈਸੇ ਹੀ ਨਾਮ ਦੇ ਨਾਲ ਕਰਮ ਸਾਰਥਕ ਹੋ

ਜਾਂਦੇ ਹਨ :

ਸਤਿਨਾਮ ਏਕਾਂਗ ਪੰਛਾਨ। ਅਪਰ ਕਰਮ ਸਭਿ ਸੂਨਯ ਸਮਾਨ।

(ਰਾ. 5 : 46 : 7)

ਇਸ ਲਈ ਉਨ੍ਹਾਂ ਨੇ ਕਰਮ ਕਰਦੇ ਸਮੇਂ ਵੀ ਨਾਮ-ਜਾਪ ਕਰਦੇ ਰਹਿਣ ਉੱਤੇ ਬੱਲ ਦਿੱਤਾ ਹੈ, ਕਿਉਂਕਿ ਉਸ ਨਾਲ ਮਨੁੱਖ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਦਾ ਹੈ।

ਉਨ੍ਹਾਂ ਅਨੁਸਾਰ, ਪਰਮਾਤਮਾ ਦਾ ਗੁਣ-ਗਾਣ 'ਗੁਰਮੁਖਾਂ' ਦਾ ਸਰਵਸ੍ਰੇਸ਼ਠ ਕਰਮ ਹੈ। ਇਸ ਤੋਂ ਇਲਾਵਾ ਇਸ਼ਨਾਨ, ਦਾਨ, ਪਰਉਪਕਾਰ, ਸੇਵਾ, ਸਦਾਚਾਰ ਦੀ ਮਹੱਤਾ ਉੱਤੇ ਵੀ ਪ੍ਰਕਾਸ਼ ਪਾਇਆ ਗਿਆ ਹੈ। ਉਨ੍ਹਾਂ ਨੇ ਗੁਰਮੁਖਾਂ ਦੀ ਆਦਰਸ਼ ਮਰਿਆਦਾ ਵਰਣਨ ਕਰਦੇ ਹੋਏ ਸਿੱਖਾਂ ਨੂੰ ਸਦਾਚਾਰ, ਸ਼ੁੱਧ ਆਚਰਣ ਅਤੇ ਨੈਤਿਕ ਉੱਨਤੀ ਦਾ ਮਹੱਤਵ ਦਰਸਾਇਆ ਹੈ। ਗੁਰਮਤਿ ਅਨੁਸਾਰ, 'ਸਤਿਸੰਗਤਿ' ਅਤੇ ਸੰਤ ਸੇਵਾ' ਦਾ ਵੀ ਬਹੁਤ ਮਹੱਤਵ ਹੈ। ਸਤਿਸੰਗਤ ਨਾਲ 'ਹਉਮੈ' ਦਾ ਨਾਸ਼ ਹੁੰਦਾ ਹੈ, ਮਾਇਆ ਦੇ ਬੰਧਨ ਢਿੱਲੇ ਪੈ ਜਾਂਦੇ ਹਨ, ਭਗਤੀ ਪ੍ਰਾਪਤ ਹੁੰਦੀ ਹੈ ਅਤੇ ਹਰ ਪਾਸੇ '੧ਓ' 'ਪਰਮਾਤਮਾ ਦੇ ਦਰਸ਼ਨ ਹੋਣ ਲਗਦੇ ਹਨ। ਸੰਤਾਂ ਦੀ ਸੰਗਤਿ ਅਤੇ ਸੇਵਾ ਕਰਨ ਨਾਲ ਪਰਮਾਤਮਾ ਦੇ ਨਾਮ-ਜਾਪ ਵਿਚ ਮਨ ਲਗਦਾ ਹੈ ਅਤੇ ਜੀਵ ਆਵਗਮਨ ਤੋਂ ਮੁਕਤ ਹੋ ਜਾਂਦਾ ਹੈ। ਭਾਈ ਸੰਤੋਖ ਸਿੰਘ ਨੇ 'ਸਤਿ ਸੰਗਤਿ' ਅਤੇ 'ਸੰਤ ਸੇਵਾ' ਦੀ ਮਹਿਮਾਂ ਦਾ ਠੀਕ ਢੰਗ ਨਾਲ ਵਰਣਨ ਕੀਤਾ ਹੈ। ਉਹ ਸਮ, ਦਮ ਬਾਹਰੀ ਬਿਰਤੀਆਂ ਨੂੰ ਕਾਬੂ ਕਰਨਾ ਯੋਗ, ਯੱਗ, ਜਪ, ਦਾਨ ਆਦਿ ਨੂੰ ਸਤਿ ਸੰਗਤਿ ਦੇ ਬਿਨਾਂ ਨਿਸਫਲ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੰਤ ਸੇਵਾ ਮਹਾਂ-ਫਲਦਾਇਕ ਹੈ, ਉਹ ਰਿੱਧੀ-ਸਿੱਧੀ ਅਤੇ ਅੰਤ ਵਿਚ ਮੁਕਤੀ ਦੇਣ ਵਾਲੀ ਹੈ। ਸੰਤ ਸੇਵਾ ਦਾ ਤਪ ਨਾਲ ਦਸ ਗੁਣਾਂ ਫਲ ਮਿਲਦਾ ਹੈ। ਸ਼ਰਧਾ ਪੂਰਬਕ ਸੇਵਾ ਕਰਨ ਨਾਲ ਜਨਮ-ਮਰਨ ਅਤੇ ਭਵਸਾਗਰ ਤੋਂ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਸੇਵਾ ਬਿਨਾਂ ਭਗਤੀ ਪ੍ਰਾਪਤ ਨਹੀਂ ਹੁੰਦੀ, ਇਸ ਲਈ ਸੇਵਾ ਹੀ ਮੁਖ ਹੈ।

ਗੁਰੂਆਂ ਨੇ ਘਰ ਤਿਆਗ ਕੇ 'ਵਿਰਕਤੀ' ਦੇ ਜੀਵਨ ਨੂੰ ਕੋਈ ਮਹੱਤਵ ਨਹੀਂ ਦਿੱਤਾ, ਉਹ ਗ੍ਰਹਿਸਥੀ ਵਿਚ ਹੀ ਨਿਰਲੇਪ ਭਾਵ ਨਾਲ ਰਹਿ ਕੇ ਪਰਮਾਤਮਾ ਦੀ ਭਗਤੀ ਅਤੇ ਸੰਤ-ਸੇਵਾ ਕਰਨ ਦਾ ਉਪਦੇਸ਼ ਦਿੰਦੇ ਹਨ। ਭਾਈ ਸੰਤੋਖ ਸਿੰਘ ਨੇ ਵੀ ਇਸੀ ਪ੍ਰਵਿੱਤੀ ਮਾਰਗ ਦਾ ਵਰਣਨ ਕੀਤਾ ਹੈ, ਜਿਸ ਵਿਚ ਭੋਗ ਦੇ ਨਾਲ ਯੋਗ ਉੱਤੇ ਵੀ ਬਲ ਦਿੱਤਾ ਗਿਆ ਹੈ।

ਉਨ੍ਹਾਂ ਨੇ ਗ੍ਰਿਹਸਥੀ ਵਿਚ ਕਮਲ ਵਾਂਗ ਨਿਰਲੇਪ ਭਾਵ ਨਾਲ ਰਹਿੰਦੇ ਹੋਏ ਭਗਤੀ ਕਰਦੇ ਰਹਿਣ ਨੂੰ ਹੀ 'ਗੁਰਮੁਖ' ਦਾ ਮੁਖ ਧਰਮ ਮੰਨਿਆ ਹੈ ਅਤੇ ਤੁਲਸੀ ਦੀ ਤਰ੍ਹਾਂ ਵਿਰਾਗ ਗਯਾਨ ਗੁਣ ਸਾਨੀ' ਭਗਤੀ-ਮਾਰਗ ਦਾ ਵਰਣਨ ਕੀਤਾ ਹੈ।

ਭਾਈ ਸੰਤੋਖ ਸਿੰਘ ਨੇ ਦੋਵਾਂ ਪ੍ਰਕਾਰ ਦੇ 'ਯੋਗ' ਦਾ ਵਿਵੇਚਨ ਕੀਤਾ ਹੈ, ਪਰੰਤੂ ਸ੍ਰੇਸ਼ਠ ਉਸੇ ਯੋਗ ਨੂੰ ਮੰਨਿਆ ਹੈ ਜਿਸ ਵਿਚ ਮਨ ਦੀਆਂ ਵਾਸ਼ਨਾਵਾਂ ਨੂੰ ਰੋਕ ਲਿਆ

ਜਾਂਦਾ ਹੈ। ਜੀਵ ਅਤੇ ਬ੍ਰਹਮ ਦੀ ਏਕਤਾ ਨੂੰ ਸਮਝ ਲਿਆ ਜਾਂਦਾ ਹੈ ਅਤੇ ਸਾਧਕ ਆਤਮ ਬਿਰਤੀ ਵਿਚ ਲੀਨ ਰਹਿੰਦਾ ਹੈ। ਉਨ੍ਹਾਂ ਨੇ ਯੋਗ ਦੀ ਉਸ 'ਅਚਲ ਸਮਾਧੀ' ਨੂੰ ਮਹੱਤਵ ਦਿੱਤਾ ਹੈ ਜਿਸ ਵਿਚ ਹਰ ਪਾਸੇ ਬ੍ਰਹਮ ਹੀ ਵਿਖਾਈ ਦੇਵੇ, ਬ੍ਰਹਮ ਹੀ ਸੁਣਾਈ ਦੇਵੇ, ਜਾਗਦੇ ਫਿਰਦੇ, ਉੱਠਦੇ ਬੈਠਦੇ ਹਮੇਸ਼ਾਂ ਇਕ ਹੀ ਬਿਰਤੀ ਬਣਾਈ ਰਖੇ। ਪੈਰਾਂ ਨਾਲ ਚਲਦੇ ਹੋਏ ਵੀ ਪ੍ਰਭੂ ਦਾ ਸਿਮਰਨ ਕਰੇ, ਉਠਦੇ ਬੈਠਦੇ, ਜਾਗਦੇ ਸੌਂਦੇ, ਸੁਣਦੇ-ਵੇਖਦੇ ਅਤੇ ਹੋਰ ਕੰਮ ਕਰਦੇ ਸਮੇਂ ਵੀ ਪ੍ਰਭੂ ਦਾ ਹੀ ਧਿਆਨ ਰਹੇ। ਭਾਈ ਸੰਤੋਖ ਸਿੰਘ ਦੀ 'ਅਚਲ ਸਮਾਧੀ' ਗੁਰੂਆਂ ਦੀ ਉਸ 'ਸਹਜ ਅਵਸਥਾ' ਦਾ ਹੀ ਰੂਪ ਹੈ ਜਿਸ ਵਿਚ ਨਾ ਨੀਂਦ ਆਉਂਦੀ ਹੈ, ਨਾ ਭੁੱਖ ਲਗਦੀ ਹੈ, ਜਿੱਥ ਨਾਮ-ਅੰਮ੍ਰਿਤ ਅਤੇ ਆਨੰਦ ਦਾ ਹੀ ਨਿਰੰਤਰ ਨਿਵਾਸ ਰਹਿੰਦਾ ਹੈ, ਜਿੱਥੇ ਨਾ ਸੁੱਖ ਹੈ ਨਾ ਦੁੱਖ; ਪਰਮਾਤਮਾ ਆਪਣ ਸਰੀਰ ਵਿਚ ਸਥਿਤ ਹੋਇਆ ਜਾਪਦਾ ਹੈ। ਕਬੀਰ ਦੀ 'ਸਹਜ ਸਮਾਧੀ' ਵੀ ਇਸੇ ਅਨੁਸਾਰ ਹੈ।

ਭਗਤੀਹੀਣ ਕਸ਼ਟ ਯੋਗ ਦਾ ਭਾਈ ਸੰਤੋਖ ਸਿੰਘ ਨੇ ਸਪੱਸ਼ਟ ਰੂਪ ਨਾਲ ਨਿਖੇਧ ਕੀਤਾ ਹੈ। 'ਗੁਰ ਪ੍ਰਤਾਪ ਸੂਰਜ' ਵਿਚ ਗੁਰੂ ਅੰਗਦ ਦੇਵ ਦੇ ਮਾਧਿਅਮ ਦੁਆਰਾ ਪ੍ਰੇਮਾ-ਭਗਤੀ ਦਾ ਵੀ ਵਰਣਨ ਕੀਤਾ ਗਿਆ ਹੈ ਜਿਸ ਵਿਚ ਭਗਤ ਆਪਣੇ ਨੂੰ ਪਤਨੀ ਅਤੇ ਪਰਮਾਤਮਾ ਨੂੰ ਪਤੀ ਰੂਪ ਵਿਚ ਮੰਨ ਕੇ ਉਸ ਨਾਲ ਪ੍ਰੇਮ ਕਰਦਾ ਹੈ। ਪਤੀ ਦੀ ਰਜਾ ਵਿਚ 'ਰਾਜ਼ੀ' ਰਹਿੰਦਾ ਹੈ ਅਤੇ ਵਿਛੜ ਜਾਣ ਉੱਤੇ ਬਿਰਹਾ-ਵਿਆਕੁਲ ਹੋ ਜਾਂਦਾ ਹੈ। ਇਹੀ ਸਿੱਖ ਰਹੱਸਵਾਦ ਦਾ ਸਰੂਪ ਹੈ।

'ਸਿੱਖ-ਮਤ' ਵਿਚ ਹਉਮੈ (ਅਹੰਕਾਰ) ਦਾ ਤਿਆਗ, 'ਹੁਕਮ ਪਾਲਣ' 'ਨਾਮ ਸਿਮਰਨ', 'ਸੰਤ ਸੇਵਾ' ਅਤੇ 'ਗੁਰੂ' ਦਾ ਵਿਸ਼ੇਸ਼ ਮਹੱਤਵ ਹੈ। ਭਾਈ ਸੰਤੋਖ ਸਿੰਘ ਨੇ 'ਭਾਣਾ ਮਾਨਨੇ' 'ਆਗਿਆ-ਪਾਲਣਾ', ਹਓਮੈ ਤਜਨੇ' (ਅਹੰਕਾਰ-ਤਿਆਗ), ਅਤੇ 'ਨਾਮ ਸਿਮਰਨ,' ਦੇ ਮਹੱਤਵ ਉੱਤੇ ਇਸ ਪ੍ਰਕਾਰ ਪ੍ਰਕਾਸ਼ ਪਾਇਆ ਹੈ :

ਭਾਣਾ ਮਾਨਨਿ ਹੰਤਾ ਤਯਾਗਨਿ, ਸਤਿਨਾਮ ਸਿਮਰਨਿ ਲਿਵ ਲਾਗਨਿ।
ਇਹਿ ਪਰਮਪਦ ਕੋ ਪਹੁਚਾਵੈ, ਕ੍ਰਿਯਾ ਜਿਨਹੁ ਪਰ ਸੋ ਚਲਿ ਜਾਵੇ।

(ਗੁ. ਪ੍ਰ. ਸੂ. ਕਿ 4 : 51 : 42)

**ਹਉਮੈ :**

ਭਾਈ ਸੰਤੋਖ ਸਿੰਘ ਨੇ 'ਹਉਮੈ' ਦੇ ਸਰੂਪ, ਪਰਿਣਾਮ ਅਤੇ ਉਸ ਦੇ ਨਾਸ਼ ਦੇ ਉਪਾਵਾਂ ਦਾ ਵਿਸ਼ਾਲ ਵਿਵੇਚਨ ਕੀਤਾ ਹੈ। ਉਨ੍ਹਾਂ ਨੇ ਉਸ ਦੇ ਪਰਿਵਾਰ, ਕੁਲ, ਜਾਤ ਧਨ, ਸੁੱਖ ਸੰਬੰਧੀ ਅਨੇਕ ਰੂਪਾਂ ਦਾ ਵਰਣਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦਾ ਤਿਆਗ ਨਾ ਕਰਨ ਕਾਰਣ ਮਨੁੱਖ ਨੂੰ ਅਨੇਕ ਕਲੇਸ਼ ਹੁੰਦੇ ਹਨ, ਉਹ ਜਨਮ ਮਰਨ ਦੇ ਕਸ਼ਟ ਨੂੰ ਭੋਗਦਾ ਹੈ। ਅਹੰਕਾਰੀ ਮਨੁੱਖ ਨਾ ਤਾਂ ਸਤਿਸੰਗਤਿ ਕਰਦਾ ਹੈ ਅਤੇ ਨਾ ਹੀ ਉਸ ਨੂੰ ਗਿਆਨ ਪ੍ਰਾਪਤ ਹੁੰਦਾ ਹੈ, ਇਸ ਲਈ ਉਸ ਦੀ ਮੁਕਤੀ ਵਿਚ ਵੀ ਸ਼ੰਕਾ ਹੈ, ਪਰੰਤੂ, ਵਿਸ਼ੇ ਵਿਕਾਰਾਂ ਦਾ ਨਾਸ਼ ਹੋ ਜਾਣ ਉੱਤੇ ਮਨੁੱਖ ਕਰਮਫਲ ਨਾਲ ਮੁਕਤ ਹੋ ਜਾਂਦਾ ਹੈ। ਉਹ ਵਾਸ਼ਨਾ-ਰਹਿਤ ਹੋ ਜਾਂਦਾ ਹੈ ਅਤੇ ਜਨਮ-ਮਰਨ ਦੇ ਚੱਕਰ

ਵਿਚ ਨਹੀਂ ਪੈਂਦਾ, ਉਹ ਅੰਤਰ-ਬਿਰਤੀ ਹੋ ਕੇ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਉਨ੍ਹਾਂ ਅਨੁਸਾਰ, 'ਹਉਮੈ' ਦਾ ਨਾਸ਼ ਗੁਰੂ-ਉਪਦੇਸ਼, ਗੁਰੂ ਦੀ ਕਿਰਪਾ ਅਤੇ 'ਨਾਮ-ਸਿਮਰਨ' ਆਦਿ ਨਾਲ ਹੀ ਹੋ ਸਕਦਾ ਹੈ।

(ਗ. 4 : 12 : 11 ; ਰਾ. 4 : 22 : 9 ; ਰਾ. 5 : 41 : 45)

'ਗੁਰੂ ਨਾਨਕ ਪ੍ਰਕਾਸ਼' ਵਿਚ ਹਉਮੈ ਦੇ ਸਰੂਪ, ਉਸ ਦੇ ਤਿਆਗ, ਭਾਣਾ ਮੰਨਣ, ਵੰਡ ਕੇ ਖਾਣ, ਹਰਿ ਸਿਮਰਨ, ਗੁਰੂ-ਮਹਿਮਾ ਆਦਿ ਦਾ ਵਰਣਨ ਵਿਸਥਾਰ ਨਾਲ ਕੀਤਾ ਗਿਆ ਹੈ।

**ਹੁਕਮ :**

ਗੁਰੂਆਂ ਅਨੁਸਾਰ, 'ਹੁਕਮ' ਨਾਲ ਜਗਤ ਦੇ ਸਾਰੇ ਜੀਵ ਪਰਮਾਤਮਾ ਤੋਂ ਵੱਖ ਹੁੰਦੇ ਹਨ ਅਤੇ ਹੁਕਮ ਨਾਲ ਹੀ ਫਿਰ ਉਸੇ ਵਿਚ ਸਮਾ ਜਾਂਦੇ ਹਨ। 'ਜਪੁਜੀ' ਦਾ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਦੀ ਵਿਆਖਿਆ ਭਾਈ ਸੰਤੋਖ ਸਿੰਘ ਨੇ ਇਸ ਪ੍ਰਕਾਰ ਕੀਤੀ ਹੈ, 'ਜੀਵ ਨੂੰ ਹਮੇਸ਼ਾਂ ਪਰਮਾਤਮਾ ਦੇ ਹੁਕਮ ਦੇ ਅਨੁਸਾਰ ਚਲਣਾ ਚਾਹੀਦਾ ਹੈ, ਸਰੀਰ ਨੂੰ ਚਾਹੇ ਕੋਈ ਦੁੱਖ ਜਾਂ ਮੁਸੀਬਤ ਹੋਵੇ, ਪਰਮਾਤਮਾ ਨੂੰ ਦੋਸ਼ੀ ਨਾ ਠਹਿਰਾਏ। ਸਗੋਂ ਪਰਮਾਤਮਾ ਦੇ 'ਹੁਕਮ' ਨੂੰ ਅੱਛਾ ਮੰਨ ਕੇ ਦੁੱਖ ਨੂੰ ਧੀਰਜ ਨਾਲ ਸਹਿਣ ਕਰਦਾ ਰਹੇ, ਇਸ ਨਾਲ ਉਸ ਉੱਤੇ ਪਰਮਾਤਮਾ ਖੁਸ਼ ਹੋ ਜਾਂਦਾ ਹੈ, ਨਵਧਾ ਅਤੇ ਪ੍ਰੇਮਾ-ਭਗਤੀ ਵਿਚ ਇਹੀ ਸ੍ਰੇਸ਼ਟ ਹੈ ਕਿ ਪਰਮਾਤਮਾ ਦਾ ਭਾਣਾ ਚੰਗਾ ਲਗੇ।'

ਭਾਈ ਸੰਤੋਖ ਸਿੰਘ ਨੇ 'ਹੁਕਮ' ਦੇ ਸਰੂਪ ਦੀ ਵਿਆਖਿਆ ਕਈ ਥਾਵਾਂ ਉੱਤੇ ਕੀਤੀ ਹੈ। ਸ੍ਰਿਸ਼ਟੀ ਰਚਨਾ ਅਤੇ ਮਾਇਆ ਆਦਿ ਦੇ ਸੰਬੰਧ ਵਿਚ 'ਹੁਕਮ' ਦੀ ਸਥਿਤੀ ਉੱਤੇ ਅਸੀਂ ਪਿਛੇ ਪ੍ਰਕਾਸ਼ ਪਾ ਚੁੱਕੇ ਹਾਂ। ਸਾਧਕ ਦੇ ਲਈ ਕਵੀ ਦਾ ਕਥਨ ਹੈ ਕਿ ਜੀਵ ਉੱਤੇ ਕਿਸੇ ਤਰ੍ਹਾਂ ਦਾ ਵੀ ਸੁੱਖ ਦੁੱਖ ਆਵੇ, ਉਸ ਨੂੰ ਪਰਮਾਤਮਾ ਦਾ ਹੁਕਮ ਮੰਨ ਕੇ ਹਮੇਸ਼ਾਂ ਖੁਸ਼ ਰਹਿਣਾ ਚਾਹੀਦਾ ਹੈ, ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਪ੍ਰਭੂ ਦਾ ਭਾਣਾ ਉਸ ਨੂੰ ਪਿਆਰਾ ਲਗਣਾ ਚਾਹੀਦਾ ਹੈ ਅਤੇ ਹਰ ਪਾਸੇ ਸਤਿ ਸਰੂਪ ਦੇ ਹੀ ਦਰਸ਼ਨ ਕਰਨੇ ਚਾਹੀਦੇ ਹਨ। ਐਸਾ ਕਰਨ ਨਾਲ ਉਸ ਦੇ ਅਹੰਕਾਰ ਦਾ ਆਪਣ ਆਪ ਨਾਸ਼ ਹੋ ਜਾਂਦਾ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਮੁਕਤੀ ਨੂੰ ਪ੍ਰਾਪਤ ਕਰਦਾ ਹੈ।

**ਗੁਰੂ :**

ਮਨੁੱਖ ਦੀਆਂ ਭੈੜੀਆਂ ਬਿਰਤੀਆਂ ਦੀ ਰੋਕ ਅਤੇ ਸੁੱਧੀ ਗੁਰੂ ਸ਼ਬਦ ਦੁਆਰਾ ਹੀ ਹੁੰਦੀ ਹੈ। ਉਹ ਹੀ ਸਾਧਕ ਦੀ ਚੇਤਨਾ ਵਿਚ ਅਧਿਆਤਮਕ ਜਗਿਆਸਾ ਪੈਦਾ ਕਰਕੇ ਉਸ ਨੂੰ ਪ੍ਰਭੂ ਪ੍ਰਾਪਤੀ ਲਈ ਜਾਗ੍ਰਿਤ ਕਰਕੇ ਸਾਧਨਾ ਲਈ ਪ੍ਰੇਰਿਤ ਕਰਦਾ ਹੈ। ਸਿੱਖ ਗੁਰੂਆਂ ਨੇ ਵੀ ਅਹੰਕਾਰ ਨਾਸ, ਬ੍ਰਹਮਗਿਆਨ ਦੀ ਪ੍ਰਾਪਤੀ ਅਤੇ ਹਰਿ ਪ੍ਰਾਪਤੀ ਦੇ ਲਈ ਸਤਿਗੁਰ ਦੀ ਸੇਵਾ, ਉਸ ਦਾ ਉਪਦੇਸ਼ ਅਤੇ ਕਿਰਪਾ ਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ ਹੈ। ਉਨ੍ਹਾਂ ਨੇ ਕਰਮ, ਯੋਗ, ਗਿਆਨ ਅਤੇ ਭਗਤੀ ਸਾਰਿਆਂ ਵਿਚ ਗੁਰੂ ਦੀ ਮਹੱਤਤਾ ਸਵੀਕਾਰ ਕੀਤੀ ਹੈ।

ਭਾਈ ਸੰਤੋਖ ਸਿੰਘ ਨੇ ਵੀ ਗੁਰ ਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ ਹੈ ਅਤੇ ਗੁਰੂ ਨੂੰ ਪਰਮਾਤਮਾ ਦਾ ਹੀ ਰੂਪ ਮੰਨਿਆ ਹੈ :

'ਪਾਰਬ੍ਰਹਮ ਗੁਰ ਰੂਪ ਪਛਾਨਾ ।

(ਗੁ. ਪ੍ਰ. ਸੂ. ਰਾ. 2 : 2 : 4੬)

ਏਕੋ ਰੂਪ ਸੁ ਦਸ ਗੁਰ ਪਾਰਬ੍ਰਹਮ ਆਨੰਦ ।'

ਭਾਈ ਸੰਤੋਖ ਸਿੰਘ ਨੂੰ ਗੁਰੂ ਸੇਵਾ ਅਤੇ ਗੁਰੂ ਕ੍ਰਿਪਾ ਦੀ ਸ਼ਕਤੀ ਵਿਚ ਪੂਰਨ ਵਿਸ਼ਵਾਸ ਹੈ। ਇਸ ਲਈ ਉਨ੍ਹਾਂ ਨੇ ਕਿਹਾ ਹੈ ਕਿ ਜਿਸ ਉੱਤੇ ਗੁਰੂ ਦੀ ਕ੍ਰਿਪਾ ਹੁੰਦੀ ਹੈ ਉਹ ਨਿਹਾਲ ਹੋ ਜਾਂਦਾ ਹੈ। ਉਸ ਦਾ ਅਗਿਆਨ ਨਸ਼ਟ ਹੋ ਜਾਂਦਾ ਹੈ। ਤਪ, ਜਪ, ਯੋਗ, ਯੱਗ, ਵਰਤ, ਦਾਨ ਕੋਈ ਵੀ ਗੁਰੂ ਸੇਵਾ ਦੇ ਸਮਾਨ ਨਹੀਂ ਹੈ, ਉਹ ਜੀਵ ਬੜਾ ਭਾਗਸ਼ਾਲੀ ਹੈ ਜੋ ਵਾਹਿਗੁਰੂ ਦੀ ਸੇਵਾ ਵਿਚ ਲਗਿਆ ਹੋਇਆ ਹੈ। ਸਤਿਗੁਰ ਦੇ ਮਿਲਣ ਨਾਲ ਅਤੇ ਉਸ ਦੇ ਉਪਦੇਸ਼ ਨਾਲ ਹੀ ਹਉਮੈ ਦਾ ਨਾਸ ਹੋ ਸਕਦਾ ਹੈ। ਉਸ ਦੀ ਕ੍ਰਿਪਾ ਨਾਲ ਭਗਤੀ ਪ੍ਰਾਪਤ ਹੁੰਦੀ ਹੈ ਅਤੇ ਤਪ ਤੇ ਯੋਗ ਆਦਿ ਸਫ਼ਲ ਹੁੰਦੇ ਹਨ। ਉਸ ਦੀ ਸੇਵਾ ਤੋਂ ਉੱਚੀ ਪਦਵੀ ਪ੍ਰਾਪਤ ਹੁੰਦੀ ਹੈ। ਸਾਰੀ ਸ੍ਰਿਸ਼ਟੀ ਤੋਂ ਖੋਜਣ ਉੱਤੇ ਵੀ ਗੁਰੂ ਸੇਵਾ ਦੇ ਸਮਾਨ ਕੁਝ ਨਹੀਂ ਮਿਲ ਸਕਦਾ। ਗੁਰੂ ਬਿਨਾਂ ਜੀਵਨ ਬਿਲਕੁਲ ਵਿਅਰਥ ਹੈ। ਪ੍ਰਿਥਵੀ ਹੀ ਨਹੀਂ ਸਗੋਂ ਸੁਰ ਲੋਕ ਦਾ ਰਾਜ ਵੀ ਵਿਅਰਥ ਹੈ।

ਕਵੀ ਨੇ 'ਗੁਰਮੁਖ' ਅਤੇ 'ਮਨਮੁਖ' ਆਦਿ ਦੇ ਸਰੂਪ ਦਾ ਵੀ ਵਰਣਨ ਕੀਤਾ ਹੈ ਅਤੇ ਗੁਰਬਾਣੀ, 'ਗੁਰੂ ਗ੍ਰੰਥ ਸਾਹਿਬ' ਅਤੇ ਖਾਲਸਾ ਪੰਥ ਪ੍ਰਤੀ ਆਪਣੀ ਸ਼ਰਧਾ ਅਤੇ ਵਿਸ਼ਵਾਸ ਪ੍ਰਗਟ ਕੀਤਾ ਹੈ ।

ਇਸ ਪ੍ਰਕਾਰ ਭਾਈ ਸੰਤੋਖ ਸਿੰਘ ਨੇ ਬ੍ਰਹਮ, ਜੀਵ, ਜਗਤ, ਮਾਇਆ ਅਤੇ ਸਾਧਨਾ ਮਾਰਗ ਦੇ ਵਿਭਿੰਨ ਤੱਤਾਂ ਦਾ ਵਿਸ਼ਾਲਤਾ ਅਤੇ ਗਭੀਰਤਾ ਨਾਲ ਵਰਣਨ ਕੀਤਾ ਹੈ। ਉਸ ਦੇ ਇਹ ਅਧਿਆਤਮਿਕ ਵਿਚਾਰ ਆਮ ਤੌਰ ਤੇ ਗੁਰਮਤਿ (ਸਿੱਖ ਮੱਤ) ਦੇ ਹੀ ਅਨੁਕੂਲ ਹੈ। ਕਵੀ ਨੇ ਅਨੇਕ ਵਾਰਤਾਲਾਪਾਂ ਵਿਚ ਭਾਰਤੀ ਧਰਮ ਅਤੇ ਦਰਸ਼ਨ ਦੇ ਹੋਰ ਅੰਗਾਂ ਦਾ ਵੀ ਵਰਣਨ ਕੀਤਾ ਹੈ ਤੇ ਉਸ ਯੁੱਗ ਦੇ ਸੰਦਰਭ ਵਿਚ ਗੁਰੂਆਂ ਦੇ ਅਧਿਆਤਮਿਕ ਵਿਚਾਰਾਂ, ਧਾਰਮਿਕ ਆਚਰਣ ਅਤੇ ਉਪਦੇਸ਼ਾਂ ਆਦਿ ਦੀ ਸਾਰਥਕਤਾ ਅਤੇ ਮਹੱਤਵ ਦਾ ਵਰਣਨ ਕੀਤਾ ਗਿਆ ਹੈ, ਜੋ ਇਨ੍ਹਾਂ ਗ੍ਰੰਥਾਂ ਦਾ ਇਕ ਪ੍ਰਮੁੱਖ ਵਰਣਨਯੋਗ ਵਿਸ਼ਾ ਹੈ। ਇਸ ਤੋਂ ਇਲਾਵਾ ਇਨ੍ਹਾਂ ਗ੍ਰੰਥਾਂ ਦਾ ਇਕ ਉਦੇਸ਼ ਹੋਰ ਵੀ ਹੈ। ਕੋਈ ਵੀ ਮਹਾਂਕਵੀ ਪੂਰਵਕਾਲੀ ਪਾਤਰ, ਵਸਤੂ, ਵਿਸ਼ਾ ਜਾਂ ਚਿੰਤਨਧਾਰਾ ਦਾ ਵਰਣਨ ਉਸ ਕਾਲ ਦੇ ਸੰਦਰਭ ਵਿਚ ਹੀ ਨਹੀਂ ਕਰਦਾ ਸਗੋਂ ਉਹ ਉਨ੍ਹਾਂ ਦਾ ਅਧਾਰ ਬਣਾ ਕੇ ਆਪਣੇ ਯੁੱਗ ਦੇ ਪਾਰਵੇਸ਼ ਅਤੇ ਸੰਦਰਭ ਵਿਚ ਨਵੀਂ ਅਰਥ-ਪੂਰਣਤਾ ਵੀ ਪ੍ਰਦਾਨ ਕਰਦਾ ਹੈ। 'ਮਹਾਂਭਾਰਤ' ਅਤੇ 'ਰਾਮਾਇਣ' ਤੋਂ ਨਾ ਜਾਣੇ ਕਿੰਨੇ ਪਾਤਰ, ਆਖਿਆਨ ਅਤੇ ਪ੍ਰਸੰਗ ਅਨੇਕ ਕਾਲਾਂ ਵਿਚ ਅਨੇਕਾਂ ਕਵੀਆਂ ਦੀ ਕਲਪਨਾ ਦਾ ਵਿਸ਼ਾ ਬਣ ਕੇ ਨਵੀਂ ਨਵੀਂ ਅਰਥ ਯੋਜਨਾ ਨਾਲ ਪ੍ਰਕਾਸ਼ਤ ਹੋ ਜਾਂਦੇ ਰਹੇ ਹਨ। ਠੀਕ ਉਸੇ ਤਰ੍ਹਾਂ ਭਾਈ ਸੰਤੋਖ ਸਿੰਘ ਨੇ ਵੀ ਗੁਰੂਆਂ ਦੀ

ਅਧਿਆਤਮਿਕ ਚਿੰਤਨਧਾਰਾ ਨੂੰ ਉਸੀ ਰੂਪ ਵਿਚ ਗ੍ਰਹਿਣ ਕਰਦੇ ਅਤੇ ਉਸ ਦੇ ਮਹੱਤਵ ਦਾ ਵਰਣਨ ਕਰਦੇ ਹੋਏ ਉਸ ਨੂੰ ਆਪਣੇ ਪਰਿਵੇਸ਼ ਅਤੇ ਆਪਣੇ ਯੁੱਗ ਦੇ ਸੰਦਰਭ ਵਿਚ ਪੇਸ਼ ਕੀਤਾ ਹੈ। ਇਹੀ ਕਾਰਨ ਹੈ ਕਿ ਉਸ ਵਿਚ ਕੁਝ ਐਸੇ ਤੱਤ ਸ਼ਾਮਲ ਹੋ ਗਏ ਹਨ ਜੋ ਪੂਰੀ ਤਰ੍ਹਾਂ ਗੁਰਮਤਿ ਅਨੁਕੂਲ ਨਹੀਂ ਹਨ। ਅਵਤਾਰਵਾਦੀ ਭਾਵਨਾ ਅਤੇ ਵੈਸ਼ਣਵਾਂ, ਸ਼ੈਵਾਂ ਅਤੇ ਸ਼ਾਕਤਾਂ ਆਦਿ ਦੇ ਨਾਲ ਸਮਨਵੈ ਦਾ ਜਿਸ ਤਰ੍ਹਾਂ ਯਤਨ ਕਵੀ ਨੇ 'ਗੁਰੂ ਨਾਨਕ ਪ੍ਰਕਾਸ਼' ਵਿਚ ਕੀਤਾ ਹੈ, ਉਹ ਇੱਥੇ ਵੀ (ਗੁਰੂ ਪ੍ਰਤਾਪ ਸੂਰਜ ਵਿਚ) ਦ੍ਰਿਸ਼ਟੀਗੋਚਰ ਹੁੰਦਾ ਹੈ।

ਭਾਈ ਸੰਤੋਖ ਸਿੰਘ ਨੇ 'ਗੁਰਪ੍ਰਤਾਪ ਸੂਰਜ' ਗ੍ਰੰਥ ਦੀ ਰਚਨਾ ਕੈਥਲ ਵਿਚ ਕੀਤੀ ਸੀ ਜੋ ਕਿ ਹਿੰਦੂਆਂ ਦਾ ਇਕ ਪ੍ਰਾਚੀਨ ਤੀਰਥ ਅਸਥਾਨ ਹੈ। ਕੁਰਕਸ਼ੇਤਰ ਅਤੇ ਪੇਹਵਾ ਜੈਸੇ ਪ੍ਰਸਿੱਧ ਤੀਰਥ ਸਥਾਨ ਵੀ ਇਸੇ ਖੇਤਰ ਵਿਚ ਹਨ। ਇਨ੍ਹਾਂ ਸਥਾਨਾਂ ਉੱਤੇ ਵੈਸ਼ਣਵਾਂ ਦਾ ਕਾਫ਼ੀ ਪ੍ਰਭਾਵ ਰਿਹਾ ਹੈ ਅਤੇ ਇਨ੍ਹਾਂ ਤੀਰਥ ਸਥਾਨਾਂ ਦੀਆਂ ਪੌਰਾਣਿਕ ਕਥਾਵਾਂ ਲੋਕ ਪ੍ਰਸਿੱਧ ਹਨ। ਇਸੀ ਤਰ੍ਹਾਂ ਹਰਿਆਣਾ ਵਿਚ ਸ਼ਿਵ ਦੀ ਉਪਾਸਨਾ ਵੀ ਅਤਿਅੰਤ ਲੋਕ ਪ੍ਰਿਯ ਰਹੀ ਹੈ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਜੇਕਰ ਇਸ ਪਰਿਵੇਸ਼ ਵਿਚ ਭਾਈ ਸੰਤੋਖ ਸਿੰਘ ਨੂੰ ਸਿੱਖ ਮੱਤ ਦੇ ਨਾਲ ਨਾਲ ਉਨ੍ਹਾਂ ਦੇ ਸੰਬੰਧ ਦੇ ਲਈ ਪ੍ਰੇਰਿਤ ਕੀਤਾ ਹੋਵੇ। ਹਰ ਹਾਲਤ ਵਿਚ ਇਕ ਸਮਨਵੈਵਾਦੀ ਕਵੀ ਹੀ ਯੁੱਗ ਦਰਸ਼ਕ ਅਤੇ ਲੋਕ-ਨਾਇਕ ਕਵੀ ਹੋ ਸਕਦਾ ਹੈ।

ਭਾਈ ਸੰਤੋਖ ਸਿੰਘ ਦਾ ਅਵਤਾਰਵਾਦੀ ਭਾਵਨਾ ਵਿਚ ਵਿਸ਼ਵਾਸ਼ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸਿੱਖ ਧਰਮ ਤੇ ਦਰਸ਼ਨ ਵਿਚ ਅਵਤਾਰਵਾਦ ਨੂੰ ਕੋਈ ਮਾਨਤਾ ਪ੍ਰਾਪਤ ਨਹੀਂ ਹੈ, ਬਲਕਿ ਅਵਤਾਰਵਾਦੀ ਭਾਵਨਾ ਦਾ ਗੁਰੂ ਸਾਹਿਬਾਨ ਭਰਪੂਰ ਖੰਡਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜੋ ਮੈਨੂੰ ਕੋਈ ਪ੍ਰਮੇਸਵਰ ਕਹੇਗਾ ਤਾਂ ਉਹ ਨਰਕ ਕੁੰਡ ਵਿਚ ਪਵੇਗਾ। ਇਸੇ ਤਰ੍ਹਾਂ ਉਹਨਾਂ ਖੰਡੀ ਨੂੰ ਵੀ ਅਕਾਲ ਪੁਰਖ ਦੀ ਅਸਲ ਸ਼ਿੰਘਾਰਕ ਸ਼ਕਤੀ ਦੇ ਪ੍ਰਤੀਕ ਰੂਪ ਵਿਚ ਮੰਨਿਆ ਹੈ। ਉਹ ਉਹਨਾਂ ਲਈ ਦੇਹ ਧਾਰੀ ਦੇਵੀ ਨਹੀਂ ਹੈ। ਸਿੱਖ ਧਰਮ ਵਿਚ ਅਵਤਾਰਵਾਦ ਦੇ ਸੰਬੰਧ ਵਿਚ ਇਹੀ ਮਾਨਤਾ ਬਣੀ ਹੋਈ ਹੈ। ਪਰੰਤੂ ਕਈ ਐਸੇ ਕਵੀ ਹੋਏ ਹਨ ਜਿਨ੍ਹਾਂ ਨੇ ਆਪਣੀ ਭਗਤੀ ਦੇ ਆਵੇਸ਼ ਵਿਚ ਗੁਰੂ ਸਾਹਿਬਾਨ ਨੂੰ ਅਵਤਾਰ ਰੂਪ ਪੇਸ਼ ਕੀਤਾ ਹੈ ਅਤੇ ਕਈ ਥਾਵਾਂ ਉੱਤੇ ਹਿੰਦੂ ਅਵਤਾਰਾਂ ਦੀਆਂ ਕਥਾਵਾਂ ਆਪਣੇ ਕਾਵਿ-ਗ੍ਰੰਥਾਂ ਵਿਚ ਦਿਤੀਆਂ ਹਨ ਅਤੇ ਉਹਨਾਂ ਪ੍ਰਤੀ ਆਪਣਾ ਸਤਿਕਾਰ ਵੀ ਪ੍ਰਗਟ ਕੀਤਾ ਹੈ। ਇੱਥੇ ਗੱਲ ਸਾਫ਼ ਕਰ ਦਿਤੀ ਜਾਣੀ ਜ਼ਰੂਰੀ ਹੈ ਕਿ ਇਹ ਧਾਰਨਾ ਇਹਨਾਂ ਕਵੀਆਂ ਦੀ ਆਪਣੀ ਧਾਰਨਾ ਸਿੱਖ ਦਰਸ਼ਨ ਤੇ ਧਰਮ ਦੀ ਇਹ ਭਾਵਨਾ ਬਿਲਕੁਲ ਨਹੀਂ ਹੈ। ਇਸ ਨੂੰ ਇਕ ਤਰ੍ਹਾਂ ਨਾਲ ਇਹਨਾਂ ਕਵੀਆਂ ਦੁਆਰਾ ਦਰਸ਼ਨ ਦੀ ਸੂਖਮ ਧਾਰਨਾਵਾਂ ਨੂੰ ਪੌਰਾਣਿਕ ਕਥਾਵਾਂ ਦਾ ਰੂਪ ਦੇਣ ਦਾ ਆਪਣਾ ਕਵੀ ਕਰਮ ਰੂਪ ਹੈ। ਇਸ ਨੂੰ ਅਸੀਂ ਰੂਪ ਵਿਚ ਦੇਖ ਸਕਦੇ ਹਾਂ ਕਿ ਇਹਨਾਂ ਕਵੀਆਂ ਨੇ ਆਪਣੇ ਆਪਣੇ ਯੁਗਾਂ ਦੇ ਅਤੇ ਆਪਣੇ ਆਸ ਪਾਸ ਦੇ ਹਾਲਾਤ ਨੂੰ ਨਜ਼ਰ ਵਿਚ ਰਖਦੇ ਹੋਏ ਇਹ ਸਮਨਵੈਵਾਦੀ ਪ੍ਰਯਤਨ ਕੀਤਾ ਹੈ। ਸਿੱਖ ਗੁਰੂਆਂ ਨੇ ਉਨ੍ਹਾਂ ਨੂੰ

ਭਵਸਾਗਰ ਉਤਾਰਨ ਅਤੇ 'ਤੁਰਕਾਨ ਕਾ ਤੇਜ਼ ਨਿਵਾਰਨੇ' ਦੇ ਲਈ ਜਗਤ ਵਿਚ ਅਲੌਕਿਕ ਸ਼ਕਤੀ ਸੰਪਨ ਦੈਵੀ ਪੁਰਸ਼ਾਂ ਦੇ ਰੂਪ ਵਿਚ ਚਿਤ੍ਰਿਤ ਕੀਤਾ ਹੈ। ਉਨ੍ਹਾਂ ਦੇ ਚਰਿੱਤਰ ਨੂੰ ਦੈਵੀ ਰੂਪ ਵਿਚ ਪੇਸ਼ ਕਰਨ ਦੇ ਲਈ ਉਨ੍ਹਾਂ ਦੀ ਅਲੌਕਿਕ ਅਤੇ ਅਮਾਨਵੀ ਸ਼ਕਤੀ ਦੀ ਜਾਣਕਾਰੀ ਵੀ ਦਿੱਤੀ ਗਈ ਹੈ। ਦੂਸਰੇ ਉਹ, ਗੁਰੂਆਂ ਦੇ ਚਰਿੱਤਰ ਦੀਆਂ ਪੌਰਾਣਿਕ ਘਟਨਾਵਾਂ ਜਾਂ ਅਵਤਾਰਾਂ ਆਦਿ ਵਿਚ ਸਮਾਨਤਾ ਵੀ ਵਿਖਾਉਂਦੇ ਹਨ। ਇਹੀ ਨਹੀ, ਕਵੀ ਨੇ ਗੁਰੂਆਂ ਦੀ ਰਾਮ, ਕ੍ਰਿਸ਼ਣ ਆਦਿ ਵਿਸ਼ਣੂ ਦੇ ਪਹਿਲੇ ਅਵਤਾਰਾਂ ਨਾਲ ਅਭਿੰਨਤਾ ਦਾ ਵੀ ਵਰਣਨ ਕੀਤਾ ਹੈ।

ਅਸਲ ਵਿਚ, ਜਿਸ ਪ੍ਰਕਾਰ ਤੁਲਸੀਦਾਸ ਨੇ ਕਾਂਸ਼ੀ ਵਿਚ ਰਹਿ ਕੇ ਵੈਸ਼ਣਵਾਂ ਅਤੇ ਸ਼ੈਵਾਂ ਦਾ ਸਮਨਵੈ ਕੀਤਾ ਸੀ ਉਸੀ ਪ੍ਰਕਾਰ ਭਾਈ ਸੰਤੋਖ ਸਿੰਘ ਨੇ ਕੈਥਲ ਵਿਚ ਰਹਿ ਕੇ ਸਿੱਖਾਂ ਅਤੇ ਰਾਮ ਤੇ ਕ੍ਰਿਸ਼ਨ ਭਗਤ ਵੈਸ਼ਣਵਾਂ ਦੇ ਸਮਨਵੈ ਦਾ ਯਤਨ ਕੀਤਾ। ਉਨ੍ਹਾਂ ਨੇ ਇਕ ਪਾਸੇ ਬਾਲਮੀਕੀ ਰਾਮ-ਕਥਾ ਦਾ ਅਨੁਵਾਦ ਕੀਤਾ, ਦੂਜੇ ਪਾਸੇ ਗੁਰੂ ਨਾਨਕ ਦੇ 'ਜਪੁਜੀ' ਦੀ ਟੀਕਾ ਕੀਤਾ। ਇਹੋ ਸਮਾਨਵੈਵਾਦੀ ਪ੍ਰਵ੍ਰਿਤੀ 'ਗੁਰ ਪ੍ਰਤਾਪ ਸੂਰਜ' ਵਿਚ ਵੇਖੀ ਜਾ ਸਕਦੀ ਹੈ। 'ਉਨ੍ਹਾਂ ਨੇ ਕਈ ਥਾਵਾਂ ਉੱਤੇ ਵੈਸ਼ਣਵਾਂ ਦੀ ਪੂਜਾ ਵਿਧੀ ਅਤੇ ਸੰਸਕਾਰਾਂ ਵਿਚ ਪੁਜਾਰੀ ਭਾਵਨਾ ਦਾ ਵੀ ਵਰਣਨ ਕੀਤਾ ਹੈ। ਦੇਵੀ ਦੀ ਉਪਾਸਨਾ, ਉਸ ਦੇ ਪ੍ਰਗਟ ਹੋਣ ਅਤੇ ਉਸ ਦੀ ਉਸਤਤ ਆਦਿ ਦਾ ਵਰਣਨ ਵੀ ਸ਼ਰਧਾਪੂਰਬਕ ਕੀਤਾ ਗਿਆ ਹੈ। ਪੁਰਾਣਾਂ ਦਾ ਪ੍ਰਭਾਵ ਤਾਂ ਇਸ ਤਰ੍ਹਾਂ ਉਛਲ ਰਿਹਾ ਹੈ ਕਿ ਕਿਸੇ ਵੀ ਪ੍ਰਸੰਗ ਜਾਂ ਸੰਵਾਦ ਵਿਚ ਉਸ ਨੂੰ ਵੇਖਿਆ ਜਾ ਸਕਦਾ ਹੈ। ਜੇਕਰ ਇਸ ਗ੍ਰੰਥ ਵਿਚ ਆਏ ਹੋਏ ਪੌਰਾਣਿਕ ਪ੍ਰਸੰਗਾਂ ਅਤੇ ਪਾਤਰਾਂ ਆਦਿ ਦਾ ਪੂਰਾ ਵੇਰਵਾ ਪੇਸ਼ ਕੀਤਾ ਜਾਵੇ ਤਾਂ ਇਕ ਸੁਤੰਤਰ ਗ੍ਰੰਥ ਦੀ ਰਚਨਾ ਹੋ ਸਕਦੀ ਹੈ। ਅੰਗਦ, ਅੰਬਰੀਕ, ਅਗਸਤ, ਅਰਾਨੀ, ਅਦਿਤੀ, ਅਸ਼ਵਨੀ ਕੁਮਾਰ, ਈਕਸ਼ਵਾਕੂ, ਇੰਦਰ, ਕਸ਼ਯਪ, ਕਾਲਿੰਦੀ, ਕਲਪਤਰੂ, ਕਿੰਨਰ, ਗੰਧਰਵ, ਯਕਸ਼, ਕ੍ਰਿਸ਼ਣ, ਰਾਮ, ਗਰੁੜ, ਗਣਪਤੀ, ਗੰਗਾ, ਚੰਦ੍ਰਮਾ, ਸੂਰਜ, ਬ੍ਰਿਹਸਪਤੀ, ਜਨਕ, ਜਮਨਾ, ਕੁਰਕਸ਼ੇਤਰ, ਦਨੁ, ਦਸ਼ਰਥ, ਦਾਨਵ, ਦਿਤੀ, ਦਰੋਪਦੀ, ਧਨਦ, ਦਵਾਰਾਵਤੀ, ਨਾਰਾਇਣ, ਨਾਰਦ, ਪਨੰਗ, ਪਰਸੁਰਾਮ, ਪ੍ਰਹਿਲਾਦ, ਵਿਸ਼ਵਕਰਮਾ, ਬ੍ਰਹਮਾ, ਬ੍ਰਾਹਮਣੀ, ਭਵਾਨੀ, ਭਾਗੀਰਥੀ, ਭੀਸ਼ਮ, ਭ੍ਰਿੰਗ, ਮਧੁ-ਕੈਟਭ, ਮਨੁ, ਯੁਧਿਸ਼ਟਰ ਅਰਜੁਨ, ਰੁਦ੍ਰ, ਲਵ, ਲਸ਼ਮਣ, ਵਸ਼ਿਸ਼ਠ, ਵਿਸ਼ਵਾਮਿੱਤਰ, ਲਕਸ਼ਮੀਪਤੀ, ਵਾਮਨ, ਹਨੁਮਾਨ, ਵਿਦਿਆਧਰ, ਵਿਸ਼ਵਾਦੇਵੇ, ਵਿਸ਼ਣੂ ਵਿਆਸ, ਸ਼ਿਵ, ਸ਼ਨੀ, ਸ਼ਾਰਦਾ, ਸੁਵਰਚਲਾ ਆਦਿ ਅਨੇਕਾਂ ਪੌਰਾਣਿਕ ਨਾਮ ਇਸ ਗ੍ਰੰਥ ਨੂੰ ਇਕ ਵਿਸ਼ੇਸ਼ ਸਭਿਆਚਾਰਕ ਸ਼ੋਭਾ ਨਾਲ ਸਜਾਉਂਦੇ ਹਨ।

ਹਿੰਦੂਆਂ ਅਤੇ ਸਿੱਖਾਂ ਦੀ ਭਾਵਾਤਮਕ ਏਕਤਾ ਅਤੇ ਸਮਨਵੈ ਦਾ ਇਹ ਯਤਨ ਇਸ ਗ੍ਰੰਥ ਦੀ ਇਕ ਸੁੰਦਰ ਪ੍ਰਾਪਤੀ ਹੈ।

ਸਭਿਆਚਾਰਕ ਚੇਤਨਾ ਦਾ ਜੋ ਪ੍ਰਕਾਸ਼ ਇਸ ਕਾਵਿ ਵਿਚ ਹੋਇਆ ਹੈ ਅਤੇ ਸਤਿ, ਨਿਆਂ, ਸਦਾਚਾਰ, ਆਤਮਸ਼ੁੱਧੀ, ਭਗਤੀ, ਸੰਜਮ, ਸੰਤੋਖ, ਸੇਵਾ, ਤਿਆਗ ਦਇਆ, ਪਰਉਪਕਾਰ ਆਦਿ ਦੁਆਰਾ ਮਾਨਵੀ ਮਨੋਵ੍ਰਿਤੀਆਂ ਤੋਂ ਉੱਪਰ ਉਠ ਕੇ ਲੋਕ ਮੰਗਲ

ਦੀ ਜਿਸ ਭਾਵਨਾ ਨੂੰ ਇਸ ਵਿਚ ਸਹਾਰਾ ਦਿੱਤਾ ਗਿਆ ਹੈ, ਵਿਨਾਸਪੂਰਣ ਰੀਤੀ-ਕਾਲੀਨ ਸਾਹਿਤ ਵਿਚ ਉਸ ਦਾ ਆਮ ਤੌਰ ਤੇ ਅਭਾਵ ਹੈ। ਇਸ ਦ੍ਰਿਸ਼ਟੀ ਨਾਲ ਇਹ ਇਕ ਅਦੁੱਤੀ ਰਚਨਾ ਹੈ।

ਅਸਲ ਵਿਚ, ਭਾਈ ਸੰਤੋਖ ਸਿੰਘ ਨੇ ਪ੍ਰਾਚੀਨ ਭਾਰਤੀ ਅਧਿਆਤਮ ਚਿੰਤਨ ਦੇ ਪ੍ਰਕਾਸ਼ ਵਿਚ ਸਿੱਖ ਮਤ ਦਾ ਵਰਣਨ ਕਰਦੇ ਹੋਏ, ਉਸ ਵਿਚ ਆਪਣੇ ਯੁੱਗ ਦੇ ਹਾਲਾਤਾਂ ਅਤੇ ਪਰਿਵੇਸ਼ ਦੇ ਅਨੁਕੂਲ ਰਾਸ਼ਟਰੀ ਅਤੇ ਸਭਿਆਚਾਰਿਕ ਚੇਤਨਾ ਨੂੰ ਸ਼ਾਮਲ ਕਰਕੇ ਇਕ ਗੌਰਵਪੂਰਨ ਕਾਰਜ ਕੀਤਾ ਹੈ।

## ਹਵਾਲੇ

[8]ਗੁ. ਪ੍ਰ. ਸੂ. ਗ. 1 : 12 : 6, ਗ. 1 : 18 : 11 : 12.

5

# ਵਸਤੂ ਵਰਣਨ ਅਤੇ ਦ੍ਰਿਸ਼ ਚਿੱਤਰਣ

ਮਹਾਂਕਵੀ ਸੰਤੋਖ ਸਿੰਘ ਨੂੰ ਵਸਤੂ-ਵਰਣਨ ਵਿਚ ਪੂਰਨ ਸਫਲਤਾ ਮਿਲੀ ਹੈ। 'ਗੁਰ ਪ੍ਰਤਾਪ ਸੂਰਜ' ਵਿਚ ਐਸੇ ਅਨੇਕ ਪ੍ਰਕਾਰ ਦੇ ਵਰਣਨ ਆਏ ਹਨ ਜਿਨ੍ਹਾਂ ਵਿਚ ਕਵੀ ਨੇ ਆਪਣੀ ਚਿੱਤ੍ਰਾਤਮਿਕ ਸ਼ਕਤੀ ਅਤੇ ਸੂਖਮ ਨਿਰੀਖਣ ਦੀ ਜਾਣਕਾਰੀ ਦਿੱਤੀ ਹੈ। ਇਹ ਵਰਣਨ ਕਥਾ-ਵਸਤੂ ਦੀ ਘਟਨਾ-ਪ੍ਰਧਾਨਤਾ ਵਿਚ ਰੋਚਕਤਾ ਅਤੇ ਸਰਲਤਾ ਪੈਦਾ ਕਰਨ ਦਾ ਕੰਮ ਕਰਦੇ ਹਨ। ਇਨ੍ਹਾਂ ਵਿਚ ਗੁਰੂਆਂ ਦੀ ਯਾਤਰਾ, ਤੰਬੂ ਲਗਾਉਣ, ਜੁੱਧਾਂ, ਘੋੜਿਆਂ, ਸਭਾ, ਭੋਜਨ, ਵਿਆਹ, ਸ਼ਿਕਾਰ, ਇਸਤਰੀ-ਪੁਰਸ਼ ਦਾ ਰੂਪ ਚਿੱਤਰਣ ਅਤੇ ਵੇਸ਼-ਭੂਸ਼ਾ ਹੋਲੀ, ਮੱਲ-ਯੁੱਧ, ਮਹਲ ਅਤੇ ਉਨ੍ਹਾਂ ਦੀ ਚਿੱਤਰਕਾਰੀ ਆਦਿ ਦੇ ਵਰਣਨ ਮੁੱਖ ਹਨ। ਇਨ੍ਹਾਂ ਸਾਰੇ ਵਰਣਨਾਂ ਵਿਚ ਕਵੀ ਨੇ ਸੁਭਾਵਕਤਾ ਨੂੰ ਕਿਧਰੇ ਹੱਥੋਂ ਨਹੀਂ ਜਾਣ ਦਿੱਤਾ ਅਤੇ ਦੇਸ਼ ਕਾਲ ਦਾ ਵੀ ਪੂਰਾ ਧਿਆਨ ਰਖਿਆ ਹੈ। ਭੋਜਨ ਦੇ ਪ੍ਰਸੰਗ ਵਿਚ ਕੇਵਲ ਉਨ੍ਹਾਂ ਹੀ ਪਕਵਾਨਾਂ ਦੇ ਨਾਂ ਗਿਣਾਏ ਗਏ ਹਨ ਜੋ ਪੰਜਾਬ ਵਿਚ ਉਸ ਸਮੇਂ ਵਿਆਹਾਂ ਵਿਚ ਆਮ ਤੌਰ ਤੇ (ਸਾਰੇ ਘਰਾਂ ਵਿਚ) ਬਣਾਏ ਜਾਂਦੇ ਸਨ। ਘੋੜਿਆਂ ਦੀਆਂ ਜਾਤਾਂ ਦਸਦੇ ਹੋਏ ਵੀ ਬਹੁਤ ਥੋੜੇ ਨਾਵਾਂ ਦਾ ਉਲੇਖ ਕਰਕੇ ਕਵੀ, ਉਨ੍ਹਾਂ ਦੇ ਸਰੀਰ ਦੀ ਸੁੰਦਰਤਾ, ਸ਼ਕਤੀ, ਚਾਲ ਅਤੇ ਹਾਵ ਭਾਵ, ਅਨੁਭਵਾਂ ਦਾ ਵਰਣਨ ਕਰਨ ਲਗ ਜਾਂਦਾ ਹੈ। ਸ਼ਾਹ ਦੀਆਂ ਬੇਗਮਾਂ ਦੇ ਗਹਿਣਿਆਂ ਦੀ ਜਾਣਕਾਰੀ ਦਿੰਦੇ ਹੋਏ ਕੇਵਲ ਕੰਨਾਂ ਦੇ ਗਹਿਣੇ, ਸ਼ੀਸਫੂਲ, ਨੱਥ, ਹਾਰ ਅਤੇ ਕੰਗਣਾਂ ਦੇ ਨਾਂ ਹੀ ਦਿੱਤੇ ਗਏ ਹਨ, ਜੋ ਉਚਿਤ ਹਨ। ਸ੍ਰੀ ਹਰਿਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਦਾ ਰੂਪ ਮਰਦਾਊ ਚਿਤ੍ਰਿਤ ਕੀਤਾ ਗਿਆ ਹੈ, ਜਿਸ ਵਿਚ ਸ਼ੀਲ, ਸ਼ਕਤੀ ਅਤੇ ਸੁੰਦਰਤਾ ਦਾ ਸਮਨਵੈ ਦ੍ਰਿਸਟੀਗੋਚਰ ਹੁੰਦਾ ਹੈ। ਪਟਨੇ ਸ਼ਹਿਰ ਦਾ ਵਰਣਨ ਉਨ੍ਹਾਂ ਨੇ ਇਸ ਪ੍ਰਕਾਰ ਕੀਤਾ ਹੈ :

> ਕਾਰੀ ਸੁ ਕੋਕਲਕਾ, ਕੁਹਕਾਵਤਿ, ਮੋਰਨ ਸ਼ੋਰ ਸੁ ਭੌਰ ਗੁੰਜਾਰੀ।
> ਜਲ ਕੀ ਲੀਲਾ ਅਨਿਕ ਵਿਧਿ ਕਰਹਿੰ ਨਾਰਿ ਨਰ ਚਾਇ। 27।

(ਉਹੀ. ਰਾ. 11 : 58)

ਪਟਨਾ ਨਗਰ ਦੇ ਵਰਣਨ ਵਿਚ ਕਵੀ ਸ਼ਹਿਰ ਦੇ ਵਿਸਥਾਰ, ਸ਼ਹਿਰ ਵਾਸੀਆਂ ਦੀ ਮਹਿਮਾ, ਕਪੜੇ ਗਹਿਣੇ, ਉਨਾਂ ਦੇ ਸਵਾਰ, ਭਵਨ, ਝੰਡੇ-ਦਰਵਾਜ਼ੇ ਆਦਿ ਨਾਲ ਸ਼ਹਿਰ ਦੇ ਬਾਗ ਅਤੇ ਨਦੀਆਂ ਦੀ ਸ਼ੋਭਾ ਦਾ ਵੀ ਵਰਣਨ ਕਰਦਾ ਹੈ, ਜਿੱਥੇ ਅਨੇਕਾਂ ਤਰ੍ਹਾਂ ਦੇ ਫੁੱਲ ਅਤੇ ਦਰੱਖਤ ਹਨ। ਅਨੇਕਾਂ ਪੰਛੀ ਚਹਿਕਦੇ ਰਹਿੰਦੇ ਹਨ। ਇਕ ਹੋਰ ਥਾਂ ਉੱਤੇ

ਉਨ੍ਹਾਂ ਨੇ ਸ਼ਹਿਰ ਦੇ ਵਰਣਨ ਵਿਚ ਅਟਾਰੀਆਂ, ਬਾਰਾਂਦਰੀ, ਛੱਜਿਆਂ, ਖਿੜਕੀਆਂ, ਦਰਵਾਜ਼ੇ, ਬੈਠਕ ਆਦਿ ਦੀ ਸੁੰਦਰਤਾ ਅਤੇ ਚਿੱਤਰਕਾਰੀ ਦਾ ਵੀ ਵਰਣਨ ਕੀਤਾ ਹੈ।

**ਵਿਆਹ-ਵਰਣਨ :**

ਸ੍ਰੀ ਹਰਿਗੋਬਿੰਦ ਦੇ ਵਿਆਹ ਦਾ ਵਰਣਨ ਵੇਖੋ ਕਵੀ ਨੇ ਕਿੰਨੀ ਲੀਨਤਾ ਨਾਲ ਕੀਤਾ ਹੈ :

'ਗੁਰੂ ਅਰਜਨ ਦੇਵ ਸਫੈਦ ਕਪੜੇ ਪਹਿਣੇ ਹੋਏ ਬਿਰਾਜਮਾਨ ਹਨ, ਮਾਨੋ ਤਾਰਿਆਂ ਵਿਚ ਚੰਦਰਮਾ ਸ਼ੋਭਿਤ ਹੋ ਰਿਹਾ ਹੋਵੇ। ਅਨੇਕ ਸੁੰਦਰ ਕਪੜੇ ਤੇ ਗਹਿਣੇ ਪਹਿਨ ਕੇ ਸ਼ਹਿਰੀ ਇਸਤਰੀਆਂ ਕੋਇਲ ਦੇ ਸਮਾਨ ਮਿੱਠੇ ਸੁਰ ਨਾਲ ਗੀਤ ਗਾ ਰਹੀਆਂ ਹਨ। ਉਨ੍ਹਾਂ ਸਾਰੀਆਂ ਦੀਆਂ ਅੱਖਾਂ ਖੁਸ਼ੀ ਨਾਲ ਭਰੀਆਂ ਹੋਈਆਂ ਹਨ ਨੇੜੇ ਬੈਠੀ ਇਕ ਇਸਤਰੀ ਢੋਲਕ ਵਜਾ ਰਹੀ ਹੈ। ਇਕ ਖੁਸ਼ੀ ਦਾ ਗੀਤ ਗਾ ਰਹੀ ਹੈ, ਇਕ ਨ੍ਰਿਤ ਕਰ ਰਹੀ ਹੈ, ਇਕ ਹੱਸਦੀ ਹੋਈ ਤਾੜੀ ਵਜਾ ਰਹੀ ਹੈ। ਗਹਿਣਿਆਂ ਦੀ ਰੁਝਣੁ ਝਣਕਾਰ ਹੋ ਰਹੀ ਹੈ। ਇਸੀ ਪ੍ਰਕਾਰ ਘਰ ਦੇ ਬਾਹਰ ਵੀ ਇਹ ਉਤਸਵ ਪ੍ਰਸੰਨਤਾਪੂਰਬਕ ਮਨਾਇਆ ਜਾ ਰਿਹਾ ਹੈ। ਨੌਬਤ, ਨਫੀਰੀ, ਤੰਬੂਰਾ, ਮ੍ਰਿਦੰਗ ਆਦਿ ਵਾਜੇ ਵੱਜ ਰਹੇ ਹਨ। ਕਲਾਵਤੀ ਗੀਤ ਗਾ ਰਹੀ ਹੈ, ਡੂਮ ਖੁਸ਼ੀ ਦੇ ਗੀਤ ਗਾ ਰਹੇ ਹਨ, ਭੱਟ ਜੱਸ-ਗਾਇਨ ਕਰ ਰਹੇ ਹਨ। ਮਾਂ ਆਨੰਦ ਵਿਚ ਹੋ ਕੇ ਆਪਣੇ ਹੱਥਾਂ ਨਾਲ ਪੁੱਤਰ ਦਾ ਸ਼ਿੰਗਾਰ ਕਰ ਰਹੀ ਹੈ, ਅਤੇ ਅਨੇਕ ਸੁੰਦਰ ਗਹਿਣੇ ਪਹਿਨਾ ਰਹੀ ਹੈ।'

ਵਿਆਹ ਉਤਸਵ ਦੀ ਖੁਸ਼ੀ ਦੇ ਆਨੰਦ ਦਾ ਇੱਥੇ ਅਤਿਅੰਤ ਸਜੀਵ ਅਤੇ ਸੁਭਾਵਿਕ ਚਿੱਤਰਣ ਕੀਤਾ ਗਿਆ ਹੈ। ਵਿਆਹ ਦੀਆਂ ਮਿਠਾਈਆਂ ਦਾ ਵਰਣਨ ਕਰਦੇ ਹੋਏ ਵੀ ਕਵੀ ਨੇ ਸੰਜਮ ਅਤੇ ਰੁਚੀ ਤੋਂ ਕੰਮ ਲਿਆ ਹੈ ਅਤੇ ਦੇਸ਼ ਕਾਲ ਅਨੁਸਾਰ ਕੁਝ ਮਿਠਾਈਆਂ ਦੇ ਨਾਂ ਗਿਣਾ ਕੇ ਵਿਆਹ ਦਾ ਵਰਣਨ ਕਰਨ ਲਗ ਜਾਂਦਾ ਹੈ।

ਕੁੜਮਾਈ ਅਤੇ ਵਿਆਹ ਦੀ ਤਿਆਰੀ ਬਾਅਦ ਕਵੀ ਨੇ ਬਰਾਤ ਦੇ ਜਾਣ ਦਾ ਵਿਸਥਾਰ-ਪੂਰਬਕ ਵਰਣਨ ਕੀਤਾ ਹੈ। ਉਸ ਸਮੇਂ ਧੌਂਸਾ, ਡਫ, ਪਣਵ, ਪਟਹ, ਤੁਰਹੀ ਨਫੀਰੀ, ਛੈਣੇ, ਢੋਲ, ਬੰਸਰੀ ਆਦਿ ਵਾਜਿਆਂ ਦੀਆਂ ਧੁਨੀਆਂ ਨਾਲ ਇਕ ਮਨੋਰੰਜਕ ਅਤੇ ਆਨੰਦਪੂਰਣ ਵਾਤਾਵਰਣ ਪੇਸ਼ ਕਰ ਦਿੱਤਾ ਹੈ। ਫਿਰ ਸਾਰੇ ਬਰਾਤੀ ਸੱਜ-ਧੱਜ ਕੇ ਬੈਲ-ਗੱਡੀਆ ਅਤੇ ਘੋੜਿਆਂ ਉੱਤੇ ਚੜ੍ਹ ਕੇ ਉਛਲਦੇ-ਕੁਦਦੇ, ਆਨੰਦ ਵਿਚ ਭਰੇ ਵਹੁਟੀ ਦੇ ਸ਼ਹਿਰ ਵਲ ਪਹੁੰਚਦੇ ਹਨ। ਇੱਥੇ ਬੈਲ-ਗੱਡੀਆਂ ਆਦਿ ਦੇ ਚੱਲਣ ਦਾ ਵਰਣਨ ਵੀ ਬਹੁਤ ਰਮਣੀਕ ਅਤੇ ਸਜੀਵ ਹੈ, ਉਸ ਦੇ ਬਾਅਦ ਕਵੀ ਨੇ ਦੋਵੇਂ ਪਾਸਿਆਂ ਵਲੋਂ 'ਖੁਸ਼ੀ' ਅਤੇ 'ਆਨੰਦ' ਦਾ ਵੀ ਸੁੰਦਰ ਵਰਣਨ ਕੀਤਾ ਹੈ, ਜਿਵੇਂ :

ਦੁਹਿ ਦਿਸਿਨਿ ਮੇਲ ਇਸ ਰੀਤੀ ਕੀਨੀ। ਜਨੁ ਘੋਖਿ ਘੋਖਿ ਘਨ ਮਿਲਤਿ ਪੀਨ।
ਵਾਹਨਿ ਭਜਾਈ ਬਾਹਨ ਉਠਾਇ। ਮਿਲਿ ਆਪ ਮਾਹਿੰ ਆਨੰਦ ਉਪਾਇ ॥41॥
ਜਨੁ ਨਦੀ ਹਰਖ ਕੀ ਉਮੜਿ ਦੋਇ। ਹੁਇ ਸੰਗਮ ਅੰਗ ਉਮੰਗ ਜੋਇ ॥ 42 ॥

(ਉਹੀ ਰਾ. 4 : 41)

ਦੋਹਾਂ ਪਾਸਿਆਂ ਦੇ ਲੋਕ ਆਪਣੀਆਂ ਸਵਾਰੀਆਂ ਨੂੰ ਦੌੜਾ ਕੇ ਅਤੇ ਬਾਹਾਂ ਨੂੰ ਉਠਾ ਉਠਾ ਕੇ ਇਤਨੇ ਉਤਸ਼ਾਹ ਨਾਲ ਇਕ ਦੂਜੇ ਨੂੰ ਮਿਲੇ ਜਿਵੇਂ ਗਰਜ ਗਰਜ ਕੇ ਬੱਦਲ ਮਿਲ ਰਹੇ ਹੋਣ ਅਤੇ ਆਨੰਦ ਦੀ ਵਰਖਾ ਕਰ ਰਹੇ ਹੋਣ ਜਾਂ ਮਾਨੋ ਖ਼ੁਸ਼ੀ ਦੀ ਨਦੀ ਬਹਿ ਗਈ ਹੋਵੇ।

ਵਾਜਿਆਂ ਦੀ ਧੁਨੀ ਸੁਣ ਕੇ ਵਰ ਨੂੰ ਵੇਖਣ ਲਈ ਸ਼ਹਿਰੀ ਇਸਤਰੀਆਂ ਆਤੁਰਤਾ ਨਾਲ ਘਰ ਦਾ ਸਾਰਾ ਕੰਮ ਛੱਡ ਕੇ ਗਹਿਣਿਆਂ ਨੂੰ ਉਚਿੱਤ ਅਣਉਚਿੱਤ ਥਾਂ ਉੱਤੇ ਪਹਿਨ ਕੇ ਦੌੜਦੀਆਂ ਹਨ। ਕਵੀ ਨੇ ਉਨ੍ਹਾਂ ਦੀ ਆਤੁਰਤਾ ਅਤੇ ਵਿਭ੍ਰਮ ਦਾ ਵੀ ਸੁੰਦਰ ਵਰਣਨ ਕੀਤਾ ਹੈ।

ਇਸ ਦੇ ਬਾਅਦ ਕਵੀ ਨੇ 'ਆਤਿਸ਼ਬਾਜ਼ੀ' ਦਾ ਵਰਣਨ ਕੀਤਾ ਹੈ, ਜਿਸ ਨਾਲ ਰਾਤ ਨੂੰ ਵੀ ਦਿਨ ਜੈਸਾ ਚਾਨਣ ਹੋ ਗਿਆ। ਫਿਰ ਵੈਸ਼ਣਵ ਰੀਤ ਨਾਲ ਵਿਆਹ ਸੰਸਕਾਰ ਦੀ ਸੰਪੂਰਣ ਰੀਤ ਦਾ ਵਰਣਨ ਕੀਤਾ ਗਿਆ ਹੈ। ਬਰਾਤ ਦੇ ਭੋਜਨ ਸਮੇਂ ਪਦਾ-ਰਥਾਂ ਦੇ ਵਰਣਨ ਵਿਚ ਵੀ ਸੰਕੋਚ ਤੋਂ ਕੰਮ ਲਿਆ ਗਿਆ ਹੈ ਅਤੇ ਸੁਭਾਵਿਕਤਾ ਦਾ ਪੂਰਾ ਧਿਆਨ ਰਖਿਆ ਗਿਆ ਹੈ। ਇੱਥੇ ਕਵੀ ਨੇ ਵਹੁਟੀ ਵਾਲੇ ਪਾਸੇ ਦੀਆਂ ਇਸਤਰੀਆਂ ਵਲੋਂ ਸ਼ਗਨ-ਗੀਤ ਗਾਏ ਜਾਣ ਅਤੇ ਖ਼ੁਸ਼ੀ ਦਾ ਵਰਣਨ ਵੀ ਕੀਤਾ ਹੈ। ਫਿਰ ਦਹੇਜ ਵਿਖਾਉਣ ਤੇ ਬਰਾਤ ਦੀ ਵਿਦਾਇਗੀ ਦਾ ਵਰਣਨ ਹੈ। ਵਿਦਾਇਗੀ ਸਮੇਂ ਵਹੁੱਟੀ ਦੇ ਪਿਤਾ ਦੀ ਬੇਨਤੀ ਅਤੇ ਉਸ ਦੀ ਮਾਤਾ ਆਦਿ ਦੇ ਪ੍ਰੇਮ ਭਰੇ ਅੱਥਰੂਆਂ ਦਾ ਵਰਣਨ ਕਰਨਾ ਵੀ ਉਹ ਨਹੀਂ ਭੁੱਲੇ। ਪਰੰਤੂ ਕਵੀ ਨੇ ਪ੍ਰਸੰਗਾਂ ਨੂੰ ਇੱਥੇ ਹੀ ਸਮਾਪਤ ਨਹੀਂ ਕਰ ਦਿੱਤਾ, ਸਗੋਂ ਵਾਪਸ ਹੋਈ ਬਰਾਤ ਦੀ 'ਖੁਸ਼ੀ' ਅਤੇ ਵਾਪਸ ਆਉਣ ਉੱਤੇ ਵਰ ਵਲੋਂ ਆਨੰਦ-ਉਤਸਵ ਦਾ ਵੀ ਵਰਣਨ ਕੀਤਾ ਹੈ। ਵਹੁੱਟੀ ਨੂੰ ਵੇਖ ਕੇ ਮਾਤਾ ਗੰਗਾ ਜੀ ਨੂੰ ਜੋ ਪ੍ਰਸੰਨਤਾ ਹੋਈ, ਉਸ ਲਈ ਤਾਂ ਕਵੀ ਨੇ ਇੰਨਾ ਕਹਿਣਾ ਹੀ ਕਾਫੀ ਸਮਝਿਆ ਹੈ, "ਗੰਗ ਕੋ ਅਨੰਦ ਕਿਮ ਕਰੈ ਕੋ ਉਚਾਰ ਹੈ।"

(ਉਹੀ ਰਾ. 4: 15 : 34)

ਕਵੀ ਨੇ ਇਸ ਵਰਣਨ ਨੂੰ ਵਿਸਥਾਰ ਅਵੱਸ਼ ਦਿਤਾ ਹੈ ਪਰੰਤੂ ਉਸ ਵਿਚ ਸਜੀਵਤਾ, ਮਨੋਹਰਤਾ ਅਤੇ ਸੁੰਦਰਤਾ ਹੈ। ਉਨ੍ਹਾਂ ਨੇ ਵਿਆਹ ਦਾ ਪੂਰਨ ਦ੍ਰਿਸ਼ ਸਾਹਮਣੇ ਲਿਆ ਕੇ ਪੇਸ਼ ਕੀਤਾ ਹੈ। ਅਰੰਭ ਤੋਂ ਅੰਤ ਤਕ ਵਰਣਨ ਵਿਚ ਸੁਭਾਵਿਕਤਾ ਹੈ। ਸ਼ਾਇਦ ਹੀ ਇਤਨਾ ਪੂਰਣ ਅਤੇ ਸੁਭਾਵਿਕ ਵਰਣਨ ਇਸ ਯੁੱਗ ਦੇ ਹਿੰਦੀ ਕਾਵਿ ਵਿਚ ਹੋਰ ਕਿਧਰੇ ਵੇਖਣ ਨੂੰ ਮਿਲ ਸਕਦਾ।

### ਸ਼ਿਕਾਰ ਵਰਣਨ

ਸ਼ਿਕਾਰ ਦਾ ਵਰਣਨ ਵੀ ਇਸ ਗ੍ਰੰਥ ਵਿਚ ਅਨੇਕ ਥਾਵਾਂ ਉੱਤੇ ਹੋਇਆ ਹੈ। ਐਸੇ ਵਰਣਨਾਂ ਵਿਚ ਜੰਗਲ ਦੀ ਸੰਘਣਤਾ ਅਤੇ ਵਿਕਟਤਾ, ਪਸ਼ੂਆਂ ਦਾ ਡਰਾਉਣਾਪਨ, ਸ਼ਿਕਾਰ ਦੀਆਂ ਕਠਿਨਾਈਆਂ ਅਤੇ ਕਾਰਜ-ਕੁਸ਼ਲਤਾ ਦਾ ਵਿਸ਼ਾਲ ਵਰਣਕ ਕੀਤਾ ਗਿਆ ਹੈ। ਥਾਂ ਘੱਟ ਹੋਣ ਨਾਲ ਉਨ੍ਹਾਂ ਸਾਰੇ ਵਰਣਨਾਂ ਨੂੰ ਇੱਥੇ ਨਹੀਂ ਦਿਤਾ ਜਾ ਸਕਦਾ।

ਗੁਰੂ ਹਰਿਗੋਬਿੰਦ ਦੁਆਰਾ ਤਲਵਾਰ ਨਾਲ ਸ਼ੇਰ ਦਾ ਸ਼ਿਕਾਰ ਕਰਨ ਦਾ ਜੋ ਚਿੱਤਰ ਕਵੀ ਨੇ ਵਰਣਨ ਕੀਤਾ ਹੈ, ਕੇਵਲ ਉਸ ਨੂੰ ਇਥੇ ਪੇਸ਼ ਕੀਤਾ ਜਾ ਰਿਹਾ ਹੈ।

ਸਿਰ ਉਪਰਿ ਜਬਿ ਆਵਨਿ ਲਾਗਾ। ਆੜ ਸਿਪਰ ਕੋ ਰੋਕਸਿ ਆਗਾ।
ਰਹਯੋ ਓਜ ਕਰਿ ਅਗ੍ਰ ਨ ਆਵਾ। ਢਾਲ ਝੰਝੋਰਨਿ ਬਦਨ ਚਲਾਵਾ। 30।
ਤਿਹ ਛਿਨ ਗੁਰੂ ਸ਼ਮਸ਼ੇਰ ਨਿਕਾਸੀ। ਤੀਖਨ ਭੀਖਨ ਚਲਿ ਚਪ ਲਾਸੀ।
ਰੁਪਯੋ ਪਾਇ ਦਿਢ ਖੰਭ ਸਮਾਨਾ। ਨਹੀਂ ਥਾਨ ਤੇ ਚਲੈ ਸੁਜਾਨਾ। 31।
ਕੋਪ ਗੁਰੂ ਕੇ ਮੁਖ ਪਰ ਛਾਯੋ। ਤ੍ਰਿਕੁਟੀ ਨਚਤਿ ਲਾਲ ਹੁਈ ਆਯੋ।
ਫਰਕਤਿ ਅਧਰ ਅਰੁਨ ਦ੍ਰਿਗ ਭਏ। ਸਿਪਰ ਧਕੇਲਾ ਪੂਰਬ ਦਏ। 32।
ਜੁਗ ਪਗ ਮੁਖ ਢਾਲੇ ਪਰ ਤੀਨਿ। ਹਟਿ ਪੀਛੈ ਤਨ ਊਚੇ ਕੀਨਿ।
ਦਾਹਨ ਕਰ ਕੋ ਬਲ ਕਰਿ ਸਾਰਾ। ਖੜਗ ਪੁਲਾਦੀ ਗੁਰੂ ਪ੍ਰਹਾਰਾ। 33।
ਕਟ ਤੇ ਕਟਿ ਕਰਿ ਦੋ ਧਰ ਪਰਯੋ। ਕਗਚੋਲ ਧਰਨੀ ਮਹਿ ਬਰਯੋ।
ਗੇਰਿ ਸ਼ੇਰ ਸਮਸ਼ੇਰ ਨਿਕਾਰੀ। ਰਿਸਤੇ ਬਹੁ ਬਲ ਸੰਗ ਪ੍ਰਹਾਰੀ। 34।

(ਉਹੀ ਰਾ. 6 : 23)

ਇੱਥੇ ਸਿੰਘ ਨੂੰ ਮਾਰਦੇ ਸਮੇਂ ਸ੍ਰੀ ਹਰਿਗੋਬਿੰਦ ਦੀ ਕ੍ਰਿਆਸ਼ੀਲਤਾ, ਕਾਰਜ-ਕੁਸ਼ਲਤਾ ਅਤੇ ਉਨ੍ਹਾਂ ਦੇ ਅਨੁਭਾਵਾਂ ਦਾ ਸਜੀਵ ਚਿੱਤਰ ਪੇਸ਼ ਕੀਤਾ ਗਿਆ ਹੈ। ਸ਼ੇਰ ਦੇ ਸ਼ਿਕਾਰ ਦਾ ਇਕ ਚਿੱਤਰ ਅੱਖਾਂ ਦੇ ਸਾਹਮਣੇ ਆ ਜਾਂਦਾ ਹੈ। ਇਸੀ ਪ੍ਰਕਾਰ ਸ਼ਿਕਾਰ ਦੇ ਲਈ ਜਾਂਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਅਤੇ ਹੋਰ ਯੋਧਿਆ ਦੀ ਵੇਸ਼-ਭੂਸ਼ਾ ਅਤੇ ਉਤਸਾਹ ਦਾ ਅਤੇ ਉਨ੍ਹਾਂ ਦੇ ਅਸਤਰਾਂ ਅਤੇ ਘੋੜਿਆਂ ਦੀ ਸ਼ਾਨੋ-ਸ਼ੌਕਤ, ਚਾਲ ਆਦਿ ਦਾ ਵੀ ਵਰਣਨ ਕੀਤਾ ਗਿਆ ਹੈ। (ਉਹੀ ਰਾ. 8. 16 : 12-20) ਹਿੰਦੀ ਕਾਵਿ ਵਿਚ ਸ਼ਿਕਾਰ ਦੇ ਐਸੇ ਉਤਸ਼ਾਹਪੂਰਣ ਅਤੇ ਸਾਹਸਪੂਰਣ ਚਿੱਤਰ ਘੱਟ ਹੀ ਵੇਖਣ ਨੂੰ ਮਿਲਣਗੇ।

**ਹੋਲੀ ਵਰਣਨ :**

ਹੋਲੀ ਹਿੰਦੂਆਂ ਦਾ ਇਕ ਐਸਾ ਤਿਉਹਾਰ ਹੈ ਜਿਸ ਵਿਚ ਮਨੁੱਖ ਲਈ ਖੁਸ਼ੀ ਅਤੇ ਆਨੰਦ, ਮਸਤੀ ਤੇ ਜੁਆਨੀ, ਆਨੰਦਪੂਰਣ ਖੇਡਾਂ ਅਤੇ ਰੰਗੀਨੀਆਂ ਦਾ ਹੜ੍ਹ ਆ ਜਾਂਦਾ ਹੈ। ਹੋਲੀ ਦਾ ਧਾਰਮਿਕ ਮਹੱਤਵ ਵੀ ਹੈ। ਇਹ ਤਿਉਹਾਰ ਭਾਰਤੀ ਸਭਿਆਚਾਰ ਦੀ ਸੰਪੂਰਨਤਾ, ਏਕਤਾ, ਸਮਾਜਿਕ ਸੰਗਠਨ ਅਤੇ ਸਮਾਨਤਾ ਦਾ ਵੀ ਪ੍ਰਤੀਕ ਹੈ।

ਇਸ ਪ੍ਰਕਾਰ ਦੇ ਤਿਉਹਾਰ ਵਿਭਿੰਨ ਯੁੱਗਾਂ ਵਿਚ ਯੁਗ ਪਰਿਸਥਿਤੀਆ ਦੇ ਨਾਲ, ਭਾਵਨਾਵਾਂ ਨੂੰ ਪ੍ਰਗਟ ਕਰਦੇ ਹੋਏ ਸਾਹਿਤ ਵਿਚ ਵੀ ਪ੍ਰਗਟ ਹੁੰਦੇ ਰਹੇ ਹਨ। ਮੱਧਯੁਗੀਨ ਸੌਂਦਰਯ-ਭਾਵਨਾ ਅਤੇ ਵਿਲਾਸ ਦੇ ਵਾਤਾਵਰਣ ਵਿਚ ਹੋਲੀ ਨੂੰ ਵੀ ਜਦੋਂ ਸ਼ਿੰਗਾਰ ਅਤੇ ਵਿਲਾਸ ਦੇ ਰੰਗ ਵਿਚ ਰੰਗ ਦਿਤਾ ਗਿਆ ਹੈ ਤਾਂ ਇਸ ਵਿਚ ਹੈਰਾਨੀ ਹੀ ਕਿਉਂ ? ਤਾਂ ਹੀ ਤਾਂ ਹਿੰਦੀ ਸਾਹਿਤ ਵਿਚ 'ਪਦਮਾਕਰ' ਦੀ ਨਾਇਕਾ 'ਮਨਚਾਹੀ ਕਟਨ ਲਈ' ਨਾਇਕ ਨੂੰ ਹੋਲੀ ਦੀ ਭੀੜ ਵਿਚੋਂ ਪਕੜ ਕੇ ਅੰਦਰ ਲੈ ਜਾਂਦੀ ਹੈ ਅਤੇ ਪ੍ਰੇਮ ਦੀ ਪੀੜ ਨਾਲ ਦੁੱਖੀ 'ਘਨਾਨੰਦ' ਲਈ 'ਬ੍ਰਜਮਾਰਾ' ਬਿਰਹ ਦੀ ਹੋਲੀ ਬਣ ਕੇ ਵੈਰ ਲੈਣਾਂ ਦਿਖਾਈ ਦਿੰਦਾ ਹੈ।

ਪੰਜਾਬ ਵਿਚ ਹੋਲੀ ਦਾ ਤਿਉਹਾਰ ਓਨਾਂ ਹੀ ਲੋਕਪ੍ਰਿਯ ਹੈ ਜਿਤਨਾ ਹੋਰ ਪ੍ਰਾਂਤਾਂ ਵਿਚ। ਮੱਧ ਯੁਗ ਵਿਚ ਪੰਜਾਬ ਅੰਦਰ ਜਿਸ ਸਭਿਆਚਾਰਿਕ ਅੰਦੋਲਨ ਦਾ ਅਰੰਭ ਹੋਇਆ ਗੁਰੂ ਗੋਬਿੰਦ ਸਿੰਘ ਤਕ ਆਉਂਦੇ ਆਉਂਦੇ ਉਸ ਨੇ ਬਿਦੇਸ਼ੀ ਸਭਿਆਚਾਰ ਅਤੇ ਦਹਿਸ਼ਤ ਵਾਲੀ ਸਾਮਰਾਜਵਾਦੀ ਮੁਗਲ-ਸ਼ਕਤੀ ਦੇ ਵਿਰੁੱਧ ਵਿਦਰੋਹ ਅਤੇ ਫੌਜੀ ਸ਼ਕਤੀ ਦਾ ਜਥੇਬੰਦ ਰੂਪ ਧਾਰਨ ਕਰ ਲਿਆ। ਸਿੱਖ ਗੁਰੂਆਂ ਦੁਆਰਾ ਸੰਚਾਲਨ ਕੀਤਾ ਸਭਿਆਚਾਰਿਕ ਪੁਨਰ-ਜਾਗਰਣ ਅਤੇ ਸ਼ਕਤੀ ਸੰਗਠਨ ਦੇ ਇਸ ਅੰਦੋਲਨ ਦਾ ਪ੍ਰਭਾਵ ਪੰਜਾਬ ਦੇ ਜੀਵਨ ਉੱਤੇ ਬਹੁਤ ਜ਼ਿਆਦਾ ਪਿਆ। ਪੰਜਾਬ ਵਿਚ ਇਸ ਸਮੇਂ (17ਵੀਂ ਸਦੀ ਤੋਂ 19ਵੀਂ ਸਦੀ ਤਕ) ਗੁਰਮੁੱਖੀ ਲਿਪੀ ਵਿਚ ਜੋ ਹਿੰਦੀ ਸਾਹਿਤ ਲਿਖਿਆ ਗਿਆ, ਉਸ ਵਿਚ ਹੋਲੀ ਦੇ ਤਿਉਹਾਰ ਦੇ ਮਾਧਿਅਮ ਰਾਹੀਂ ਕੇਵਲ ਸਮਾਜਿਕ ਏਕਤਾ, ਸਮਾਨਤਾ ਅਤੇ ਖ਼ੁਸ਼ੀ ਦੀ ਅਭਿਵਿਅਕਤੀ ਹੀ ਨਹੀਂ ਹੋਈ, ਸਗੋਂ ਇਨ੍ਹਾਂ ਧਰਮ-ਯੋਧਿਆਂ ਦੀ ਬੀਰ-ਭਾਵਨਾ ਵੀ ਪ੍ਰਗਟ ਹੋਈ ਹੈ। ਖੁਦ ਗੁਰੂ ਗੋਬਿੰਦ ਸਿੰਘ ਨੇ ਇਕ ਸਥਾਨ ਉੱਤੇ ਯੁੱਧ ਦਾ ਵਰਣਨ ਹੋਲੀ ਦੇ ਰੂਪ ਵਿਚ ਕੀਤਾ ਹੈ।

(ਦਸਮ ਗ੍ਰੰਥ, ਪੰਨਾ 435)

ਹਿੰਦੂ ਧਰਮ ਅਤੇ ਭਾਰਤੀ ਸਭਿਆਚਾਰ ਦੇ ਰਖਿਅਕ ਇਨ੍ਹਾਂ ਯੋਧਿਆਂ ਲਈ ਧਰਮ ਯੁੱਧ ਵਿਚ ਜੂਝਣਾ ਹੋਲੀ ਖੇਡਣ ਦੇ ਬਰਾਬਰ ਸਮਝਦੇ ਹਨ। ਯੁੱਧ ਨੂੰ ਹੋਲੀ ਦੇ ਬਰਾਬਰ ਬਣਾ ਦੇਣ ਨਾਲ ਯੁੱਗ ਦੀ ਇਸ ਭਾਵਨਾ ਦਾ ਵੀ ਪਤਾ ਲੱਗਦਾ ਹੈ ਕਿ ਬਲੀ-ਮਾਰਗ ਦੇ ਇਨ੍ਹਾਂ ਯੋਧਿਆਂ ਲਈ ਯੁੱਧ ਖ਼ੁਸ਼ੀ ਦਾ ਤਿਉਹਾਰ ਬਣ ਗਿਆ ਸੀ। ਇੱਥੇ ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਇਨ੍ਹਾਂ ਲੋਕਾਂ ਨੇ ਹੋਲੀ ਨੂੰ ਆਨੰਦ-ਸ਼ਿੰਗਾਰ ਅਤੇ ਹਲਕੇ ਹਾਸੇ-ਮਜ਼ਾਕ ਦੇ ਤੰਗ ਕੈਦ ਖਾਨੇ ਤੋਂ ਕੱਢ ਕੇ ਸਭਿਆਚਾਰਿਕਤਾ ਦੇ ਸਾਫ਼ ਅਤੇ ਵਿਸ਼ਾਲ ਮੈਦਾਨ ਵਿਚ ਲੈ ਆਂਦਾ ਹੈ।

ਭਾਈ ਸੰਤੋਖ ਸਿੰਘ ਨੇ 'ਗੁਰ ਪ੍ਰਤਾਪ ਸੂਰਜ' ਵਿਚ, ਦੋ ਥਾਵਾਂ ਉੱਤੇ ਹੋਲੀ ਦਾ ਵਰਣਨ ਕੀਤਾ ਹੈ। ਸ੍ਰੀ ਹਰਿਗੋਬਿੰਦ ਦੇ ਸਿੱਖਾਂ ਨਾਲ ਹੋਲੀ ਖੇਡਣ ਦਾ ਵਰਣਨ ਕਵੀ ਨੇ ਇਸ ਪ੍ਰਕਾਰ ਕੀਤਾ ਹੈ :

ਉੜਤਿ ਗੁਲਾਨ ਘਟਾ ਜਨੁ ਹੋਈ। ਰੰਗ ਬੂੰਦੈ ਬਰਖਤਿ ਹੈ ਸੋਈ॥ 27॥
ਜਨੁ ਸੰਧਯਾ ਮਿਲਿਵੇ ਕਹੁ ਆਈ। ਹਰਿ ਗੋਬਿੰਦ ਮੁਖ ਚੰਦ ਸੁਹਾਈ।
ਮਿਲਯੋ ਗੁਲਾਬ ਗੁਲਾਲ ਉੜੰਤਾ। ਖੇਲਤਿ ਹੋਰਿ ਸ੍ਰੀ ਜਗਕੰਤਾ। 28।
ਛੂਟਤਿ ਅੰਬਰੀਨ ਮੂਠ ਬੜੇਰੀ। ਦੁਹਿ ਦਿਸਿ ਹ੍ਵੈ ਕਰਿ ਹੇਲੋਂ ਗੇਰੀ।
ਹੋਲੀ ਖੇਲਿ ਛੂਟਤਿ ਪਿਚਕਾਰੀ। ਭਰਿ ਭਰਿ ਮੂਠ ਸਾਮੁਹੇ ਡਾਰੀ। 29।
ਬ੍ਰਿੰਦ ਮਸੰਦ ਸੰਗਤਾ ਸੰਗ। ਖੇਲਤਿ ਫਾਗ ਡਾਰਿ ਬਹੁ ਰੰਗ।
ਦੇਖਤਿ ਸਭਿ ਮਨ ਮੁਦਿਤ ਬਿਸਾਲਾ। ਪਰਸੇ ਬਦਨ ਪਰ ਜਮਯੋਂ ਗੁਲਾਲਾ। 30।
ਸਭਿ ਕੇ ਬਰਨ ਲਾਲ ਹੁਇ ਗਏ। ਚਿਤ੍ਰਿਤਿ ਬਸਤ੍ਰ ਬਚਿਤ੍ਰਤਿ ਭਏ।
ਇਮ ਸਤਿਗੁਰ ਬਹੁ ਕਰੇ ਬਿਲਾਸਾ। ਸਿਖ ਮਸੰਦ ਮਿਲੇ ਗਨ ਦਾਸਾ। 31।

(ਉਹੀ, ਰਾ. 8 : 52)

ਹੋਲੀ ਦੇ ਰੰਗੀਨ ਅਤੇ ਖੁਸ਼ੀ ਭਰੇ ਵਾਤਾਵਰਣ ਦਾ ਕਿਤਨਾ ਸਜੀਵ ਅਤੇ ਸੁਭਾਵਿਕ ਵਰਣਨ ਹੈ। ਹੋਲੀ ਦਾ ਸੰਪੂਰਣ ਚਿੱਤਰ ਸਾਹਮਣੇ ਆ ਜਾਂਦਾ ਹੈ। ਇੱਥੇ ਹੋਲੀ ਖੇਡਦੇ ਸਮੇਂ ਗੁਰੂਦੇਵ, ਮਸੰਦ, ਹੋਰ ਸਿੱਖ ਅਤੇ ਸੇਵਕ, ਸਾਰੇ ਸ਼ਾਮਿਲ ਹਨ। ਕਿਸੀ ਪ੍ਰਕਾਰ ਦਾ ਭੇਦ ਭਾਵ ਨਹੀਂ, ਕੋਈ ਅਸਮਾਨਤਾ ਨਹੀਂ। ਯੋਧੇ ਸ਼ਸਤਰ ਧਾਰਨ ਕੀਤੇ ਹੋਏ ਹੀ ਹੋਲੀ ਦੇ ਰੰਗ ਵਿਚ ਰੰਗੇ ਹੋਏ ਹਨ।

ਗੁਰੂ ਗੋਬਿੰਦ ਸਿੰਘ ਦੇ ਹੋਲੀ ਖੇਡਣ ਦਾ ਵੀ ਕਵੀ ਨੇ ਐਸਾ ਹੀ ਸੁੰਦਰ ਅਤੇ ਰੁਚੀ ਪੂਰਣ ਵਰਣਨ ਕੀਤਾ ਹੈ।

(ਉਹੀ, ਰਿ 3 : 27)

ਹੋਲੀ ਖੇਡਦੇ ਸਮੇਂ ਗੁਲਾਲ ਦੀ ਇਕ ਘਟਾ ਜਿਹੀ ਉਮੜ ਪਈ, ਸੁਗੰਧੀ ਚਾਰੋ ਤਰਫ ਫੈਲ ਗਈ। ਬਸੰਤ ਦੀ ਹੌਲੀ-ਹੌਲੀ ਹਵਾ ਚਲਣ ਨਾਲ ਸਿੱਖਾਂ ਦਾ ਮਨ ਅਤਿ ਪ੍ਰਸੰਨ ਹੋ ਗਿਆ। ਘੇਰੇ ਵਿਚ ਘੇਰ ਕੇ ਇਕ ਦੂਜੇ ਉੱਤੇ ਰੰਗ ਪਾਉਂਦੇ ਹੋਏ ਉਨ੍ਹਾਂ ਦਾ ਸਰੀਰ ਕੇਸਰ ਅਤੇ ਗੁਲਾਲ ਨਾਲ ਐਸਾ ਭਿੱਜ ਗਿਆ ਕਿ ਉਹ ਪਛਾਣੇ ਵੀ ਨਹੀਂ ਸੀ ਜਾ ਸਕਦੇ। ਚਾਰੋ ਤਰਫ ਹੋਲੀ ਦਾ ਐਸਾ ਆਨੰਦਪੂਰਣ ਸ਼ੋਰ ਪਿਆ ਹੋਇਆ ਹੈ, ਮਾਨੋ ਯੁੱਧ ਜਿੱਤਣ ਉੱਤੇ ਯੋਧੇ ਖੁਸ਼ੀ ਮਨਾ ਰਹੇ ਹੋਣ।

'ਬਾਦਰ ਗੁਲਾਲ ਕੇ ਕਰਤਿ ਜਾਤ ਚਲੇ ਗੁਰ,
ਸੰਗਤਿ ਮੈਂ ਧੂਮ ਪਈ ਫਾਗ ਬਡ਼ੇ ਖੇਲਤੇ।
ਘੇਰਿ ਘੇਰਿ ਵਦੁਨ ਪੈ ਗੇਰਿ ਗੇਰਿ ਫੇਰ ਫੇਰ,
ਹੇਰਿ ਹੇਰਿ ਹਰਖਤਿ ਨਰੈ ਹੁਈ ਮੇਲ ਤੇ।
ਉਠੇ ਮਹਿਕਾਰ ਗੰਧ ਧਾਈ ਪੌਨ ਮੰਦ ਮੰਦ,
ਸੀਤਲ ਬਹਿਤ ਸਿਖ ਅੰਗਨ ਮੇਂ ਝੇਲਤੇ।
ਨਿਕਸੇ ਆਨੰਦਪੁਰ ਮਾਨਤਿ ਆਨੰਦ ਬ੍ਰਿੰਦ,
ਤੀਰ ਸਤਦ੍ਰਵੈ ਕੇ ਗਏ ਹੈਂ ਰੇਲ ਪੇਲਤੇ। 10।
ਕੀਨੇ ਸਿਖ ਸੰਗਤਿ ਦੁਪਾਸ ਖਰੇ ਆਪਸ ਮੈਂ,
ਡਾਰਿ ਡਾਰਿ ਮੂਠ ਪਿਚਕਾਰੀ ਸੋਂ ਭਿਰਤਿ ਹੈ।
ਬਦਨ ਸ਼ਮਸ਼ ਅਰੁ ਕੇਸਰੀ ਪੈ ਗਯੇ ਜਮ,
ਰੰਗ ਦੀ ਫੁਹਾਰ ਫੇਰ ਉਪਰ ਢਰਤਿ ਹੈ।
ਹੋਤਿ ਨ ਚਿਨਾਰੀ ਇਕ ਸਾਰੀ ਸਭਿ ਹੋਇ ਗਏ,
ਰੌਰ ਕੋ ਮਚਾਵੈਂ ਦੌਰ ਠੌਰ ਨ ਟਰਤਿ ਹੈਂ।
ਬਿਸਦ ਬਰਨ ਕੇ ਬਸਨ ਸੋ ਅਰੰਨ ਭਏ,
ਮਾਨੋ ਜੰਗ ਜੀਤ ਕੇ ਵਿਲਸਨਿ ਕਰਤਿ ਹੈ।
ਸ੍ਰੀ ਕਲਗੀਧਰ ਸੰਗਤਿ ਮੈਂ ਸੁਰ ਬ੍ਰਿੰਦ ਜਯੋਂ ਇੰਦ੍ਰ ਬਿਰਾਜਤਿ ਹੈਂ।
ਜਾਦਵ ਮੈਂ ਜਿਸ ਸ੍ਰੀ ਘਨਸ਼ਯਾਮ ਮਹਾਨ ਹੀ ਕੌਤਕ ਸਾਜਤਿ ਹੈ। 1।

(ਉਹੀ, ਰਿ. 3 : 27)

ਗੁਲਾਲ, ਅਬੀਰ ਅਤੇ ਰੰਗ ਨਾਲ ਰੰਗੇ ਇਨ੍ਹਾਂ ਵਿਭਿੰਨ ਚਿੱਤਰਾਂ ਵਿਚ ਹੋਲੀ ਦਾ ਸਮੂਹ ਚਿੱਤਰ ਹੋਰ ਵੀ ਜ਼ਿਆਦਾ ਸਜੀਵ ਬਣ ਗਿਆ ਹੈ।

ਹੋਲੀ ਦੇ ਇਨ੍ਹਾਂ ਵਿਸਥਾਰ ਵਾਲੇ ਵਰਣਨਾਂ ਵਿਚ 'ਚੇਤੀ' ਉੱਤੇ 'ਗੁਰੂ ਸ਼ਬਦ' ਸੁਣਾਈ ਦਿੰਦਾ ਹੈ; ਢੋਲ, ਘੁੰਘਰੂਆਂ ਦੀ ਥਾਂ ਉੱਤੇ 'ਨਗਾਰੇ ਦੀ ਧੁਨੀ' ਸੁਣਾਈ ਦੇ ਰਹੀ ਹੈ।" (ਰਿ. 3 : 27 : 5) ਖੇਡਣ ਵਾਲੀ ਬੰਸਰੀ ਦੀ ਬਜਾਏ ਸ਼ਸਤਰ ਧਾਰਨ ਕੀਤੇ ਹੋਏ ਹਨ। ਭੰਡ ਨਿਰਲੱਜ ਨਕਲਾਂ ਨੂੰ ਛੱਡ ਕੇ ਉਹ, 'ਖੰਡ ਖੰਡ ਰਿਪੁ ਦੰਡੇ' ਜਾਂ 'ਜੰਗ ਜਿੱਤਣ ਦੀ' ਖੁਸ਼ੀ ਮਨਾਉਂਦੇ ਵਿਖਾਈ ਦਿੰਦੇ ਹਨ। ਹੋਲੀ ਦੀ ਇਸ ਖੁਸ਼ੀ ਵਿਚ ਮਾਨੋ ਉਨ੍ਹਾਂ ਦੀ ਚਿਰਾਂ ਤੋਂ ਇਛਿੱਤ ਜਿੱਤ ਦੀ ਖੁਸ਼ੀ ਪ੍ਰਗਟ ਹੋ ਰਹੀ ਹੈ। 18-19ਵੀਂ ਸਦੀ ਦੇ ਵਿਲਾਸ ਪੂਰਨ ਸਮਾਨ ਦੇ ਢਹਿੰਦੇ ਹਾਲਾਤਾਂ ਦੇ ਸੰਦਰਭ ਵਿਚ ਇਸ ਪ੍ਰਕਾਰ ਦੇ ਵਰਣਨ ਵਿਸ਼ੇਸ਼ ਮਹੱਤਵ ਰਖਦੇ ਹਨ। ਇਹ ਵਰਣਨ ਮੱਧ ਯੁਗੀਨ ਸਿੱਖ ਕਵੀਆਂ ਦੀ ਭਾਰਤੀ ਸਭਿਆਚਾਰ ਪ੍ਰਤੀ ਦ੍ਰਿੜ੍ਹ ਸ਼ਰਧਾ, ਹਿੰਦੂ-ਸਿੱਖ ਸਭਿਆਚਾਰ ਦੀ ਅਭਿੰਨਤਾ, ਸਮਾਜਿਕ ਜੱਥੇਬੰਦੀ, ਰਾਸ਼ਟਰੀ ਜਾਗ੍ਰਿਤੀ ਅਤੇ ਯੁੱਗ-ਚੇਤਨਾ ਨੂੰ ਪ੍ਰਗਟ ਕਰਦੇ ਹਨ। ਦਹਿਸ਼ਤਵਾਦੀ ਮੁਗਲ ਸ਼ਾਸਕਾਂ ਦੇ ਯੁੱਗ ਵਿਚ ਪੰਜਾਬ ਦੀ ਜਨਤਾ ਨੇ ਜਿਸ ਅਡਿੱਗ ਵਿਸ਼ਵਾਸ ਪ੍ਰਤੀ ਆਤਮ-ਵਿਸ਼ਵਾਸ, ਬੀਰਤਾ, ਧੀਰਜ, ਨਿਡਰਤਾ ਅਤੇ ਦ੍ਰਿੜ੍ਹਤਾ ਦਾ ਸਬੂਤ ਦਿੱਤਾ, ਉਸ ਦੀ ਝਲਕ ਮਸਤੀ ਦੇ ਭਰੇ ਹੋਏ ਹੋਲੀ ਦੇ ਇਨ੍ਹਾਂ ਰੰਗੀਨ ਚਿੱਤਰਾਂ ਵਿਚ ਸਪੱਸ਼ਟਤਾ ਵੇਖੀ ਜਾ ਸਕਦੀ ਹੈ। ਹੋਲੀ ਦੇ ਐਸੇ ਸੁਤੰਤਰ, ਖੁਸ਼ੀ-ਪੂਰਣ, ਉਤਸ਼ਾਹ-ਮਈ ਅਤੇ ਚਿੱਤਰਾਤਮਕ ਵਰਣਨ ਦੀ ਹਿੰਦੀ ਦੇ ਰੀਤੀ ਕਾਲੀਨ ਸਾਹਿਤ ਵਿਚ ਆਮ ਤੌਰ ਤੇ ਘਾਟ ਹੀ ਹੈ।

# 6
# ਪ੍ਰਕ੍ਰਿਤੀ ਚਿੱਤਰਣ

ਕਵੀ ਸੰਤੋਖ ਸਿੰਘ ਦੀ ਇਕ ਹੋਰ ਮਹੱਤਵਪੂਰਨ ਦੇਣ ਪ੍ਰਕ੍ਰਿਤੀ ਚਿੱਤਰਣ ਦੇ ਸੰਬੰਧ ਵਿਚ ਹੈ। ਇਨ੍ਹਾਂ ਤੋਂ ਪਹਿਲਾਂ ਹਿੰਦੀ ਸਾਹਿਤ ਵਿਚ ਪ੍ਰਕ੍ਰਿਤੀ ਦੇ ਸੁਭਾਵਿਕ ਚਿੱਤਰਣ ਵੱਲ ਘੱਟ ਹੀ ਧਿਆਨ ਦਿੱਤਾ ਗਿਆ ਹੈ। ਚੰਦਬਰਦਾਈ, ਜਾਇਸੀ, ਤੁਲਸੀ, ਕੇਸ਼ਵ ਅਤੇ ਭੂਸ਼ਣ ਆਦਿ ਸਾਰੇ ਯੁੱਗਾਂ ਦੇ ਪ੍ਰਤਿਨਿਧ ਪ੍ਰਬੰਧਕਾਰਾਂ ਦੀਆਂ ਰਚਨਾਵਾਂ ਵਿਚ ਪ੍ਰਕ੍ਰਿਤੀ ਅਕਸਰ ਅੱਖੋਂ ਪਰੋਖੇ ਰਹੀ ਹੈ। ਉਨ੍ਹਾਂ ਨੇ ਪ੍ਰਕ੍ਰਿਤੀ ਨੂੰ ਉਦੀਪਨ, ਅਲੰਕਾਰ-ਪੂਰਨ ਜਾਂ ਉਪਦੇਸ਼ਾਤਮਕ ਰੂਪ ਵਿਚ ਹੀ ਗ੍ਰਹਿਣ ਕੀਤਾ ਹੈ। ਉਸ ਦੀ ਸੂਖਮ ਸੁੰਦਰਤਾ ਦੇ ਵਲ ਉਨ੍ਹਾਂ ਦੀ ਇਕ ਤਰ੍ਹਾਂ ਨਜ਼ਰ ਹੀ ਨਹੀਂ ਪਈ।

ਜਦੋਂ ਕਵੀਆਂ ਨੂੰ ਰਾਜ ਦਰਬਾਰਾਂ ਦੀ ਸ਼ੋਭਾ ਆਸਰਿਤਦਾਤਾਵਾਂ ਦੀ ਪ੍ਰਸ਼ੰਸਾ, ਨਾਇਕ-ਨਾਇਕਾਵਾਂ ਦੇ ਸ਼ਿੰਗਾਰਪੂਰਣ ਵਰਣਨਾਂ ਅਤੇ ਅਲੰਕਾਰਾਂ ਦੇ ਚਮਤਕਾਰ ਪ੍ਰਦਰਸ਼ਨ ਤੋਂ ਅਵਸਰ ਹੀ ਨਹੀਂ ਸੀ ਮਿਲਦਾ, ਤਦ ਕਾਵਿ ਵਿਚ ਮਨੋਹਰ ਪ੍ਰਕ੍ਰਿਤਕ ਵਰਣਨ ਦੀ ਆਮ ਤੌਰ ਤੇ ਘਾਟ ਸੀ, ਭਾਈ ਸੰਤੋਖ ਸਿੰਘ ਨੇ ਸੁਭਾਵਿਕ ਅਤੇ ਸੁਤੰਤਰ ਪ੍ਰਕ੍ਰਿਤੀ ਚਿੱਤਰਣ ਦੀ ਸ਼ੈਲੀ ਦਾ ਅਰੰਭ ਕੀਤਾ।

ਉਨ੍ਹਾਂ ਨੇ ਪ੍ਰਕ੍ਰਿਤੀ ਦਾ ਉਪਮਾ, ਰੂਪਕ, ਉਤਪ੍ਰੇਖਿਆ, ਅਤਿਕਥਨੀ ਆਦਿ ਅਲੰਕਾਰਾਂ ਦੀ ਉਪਮਾਨ-ਯੋਜਨਾ ਲਈ ਵੀ ਕਾਫੀ ਪ੍ਰਮਾਣ ਵਿਚ ਪ੍ਰਯੋਗ ਕੀਤਾ ਹੈ, ਪਰੰਤੂ ਇਸ ਉਪਮਾਨ ਯੋਜਨਾ ਵਿਚ ਕਵੀ ਨੇ ਰੁਚੀ-ਪੂਰਬਕ ਅਤੇ ਸੂਖਮ ਕਲਪਨਾ ਦੀ ਜਾਣਕਾਰੀ ਦਿੱਤੀ ਹੈ।

ਇਕ ਦੋ ਥਾਵਾਂ ਤੇ ਉਨ੍ਹਾਂ ਨੇ ਦਰੱਖਤਾਂ, ਫੁੱਲਾਂ, ਪਸ਼ੂਆਂ, ਪੰਛੀਆਂ ਆਦਿ ਦੇ ਨਾਂ ਵੀ ਗਿਣਾਏ ਹਨ, ਅਜਿਹੇ ਵਰਨਣਾਂ ਕਾਰਨ ਹੀ ਉਹ ਪ੍ਰਕ੍ਰਿਤੀ ਦਾ ਬਿੰਬ ਪ੍ਰਸਤੁਤ ਕਰਨ ਵਿਚ ਸਫਲ ਹੋਏ ਹਨ। ਉਨ੍ਹਾਂ ਨੇ ਇਸ 'ਨਾਮ-ਗਿਣਨ' ਸ਼ੈਲੀ ਨਾਲ ਅਨੁਕੂਲ ਵਾਤਾਵਰਣ ਪੇਸ਼ ਕਰਨ ਵਿਚ ਸਹਾਇਤਾ ਲਈ ਹੈ ਅਤੇ ਸਾਹਿਤ ਵਿਚ ਚਲੀ ਆ ਰਹੀ ਰੂੜੀਬੱਧ ਪਰੰਪਰਾ ਦੀ ਲੋੜ ਸਿੱਧ ਕੀਤੀ ਹੈ। ਪਾਉਂਟੇ ਵਿਚ ਜਮਨਾ, ਜੰਗਲ ਅਤੇ ਨੇੜੇ ਦੇ ਪਰਬਤਾਂ ਦਾ ਜੋ ਵਰਣਨ ਉਨ੍ਹਾਂ ਨੇ ਕੀਤਾ ਹੈ, ਉਸ ਨਾਲ ਸਾਡੇ ਕਥਨ ਦੀ ਸਾਰਥਕਤਾ ਸਿੱਧ ਹੋ ਜਾਏਗੀ। ਜਿੱਥੇ ਕਵੀ ਨੇ ਬੋਹੜ ਪਿੱਪਲ, ਹਰੜ, ਅੰਬ, ਕਟਹਲ, ਜਾਮਨ ਇਤਿਆਦਿ ਕੋਈ 30 ਦਰੱਖਤਾਂ ਦੇ ਨਾਂ ਗਿਣਾਏ ਹਨ ਜੋ ਜਮਨਾ ਨੇੜੇ ਦੇ ਉਸ ਸੰਘਣੇ ਜੰਗਲ ਵਿਚ ਫੈਲੇ ਹੋਏ ਹਨ। ਇਸੀ ਪ੍ਰਕਾਰ ਮੋਰ, ਕਬੂਤਰ, ਤਿੱਤਰ, ਬਟੇਰੇ, ਕੋਇਲਾਂ, ਤੋਤੇ ਆਦਿ ਪੰਛੀਆਂ ਅਤੇ ਹਿਰਨ, ਨੀਲ ਗਾਂ, ਸ਼ੇਰ, ਘੋੜੇ, ਬਾਂਦਰ, ਰਿੱਛ,

ਸੂਰ ਆਦਿ ਜਾਨਵਰਾਂ ਦੇ ਨਾਂ ਵੀ ਗਿਣਾਏ ਹਨ। ਇਨ੍ਹਾਂ ਨਾਲ ਉਸ ਮਨਹੋਰ ਸਥਾਨ ਦਾ ਬਿੰਬ ਪੇਸ਼ ਕਰਨ ਦੀ ਕੋਸ਼ਿਸ ਕੀਤੀ ਗਈ ਹੈ।

ਪਹਾੜਾਂ ਨੇੜੇ ਸੰਘਣਾ ਜੰਗਲਾਂ ਨਾਲ ਘਿਰਿਆ ਹੋਇਆ ਪਾਉਂਦੇ ਦਾ ਪ੍ਰਕ੍ਰਿਤੀ-ਪ੍ਰਾਂਤ ਅਤਿਅੰਤ ਮਨੋਹਰ ਹੈ। ਪਹਾੜ ਤੋਂ ਉਤਰਦੀ ਹੋਈ ਜਮਨਾ ਦਾ ਪ੍ਰਵਾਹ ਵੇਖਣ ਯੋਗ ਹੈ। ਕਵੀ ਨੇ ਇਸ ਸਥਾਨ ਦਾ ਅੱਖੀ ਦੇਖਿਆ ਵਰਣਨ ਕੀਤਾ ਹੈ। ਉਨ੍ਹਾਂ ਨੇ ਜੋ ਚਿੱਤਰ ਅੰਕਤ ਕੀਤਾ ਹੈ ਉਸ ਵਿਚ ਪੂਰਣਤਾ ਹੈ। ਜੇਕਰ ਇੱਥੇ ਉਹ ਦਰੱਖਤਾਂ, ਹਿੰਸਕ ਪਸ਼ੂਆਂ ਅਤੇ ਪੰਛੀਆਂ ਦੇ ਨਾਂ ਨਾ ਦਿੰਦੇ ਤਾਂ ਜੰਗਲ ਦੀ ਸੰਘਣਤਾ ਅਤੇ ਡਰਾਉਣੇਪਣ ਨੂੰ ਕਿਸ ਤਰ੍ਹਾਂ ਪ੍ਰਗਟ ਕੀਤਾ ਜਾ ਸਕਦਾ ਸੀ ? ਉਨ੍ਹਾਂ ਦੀ ਨਾਮ-ਗਿਣਤ ਸ਼ੈਲੀ ਉੱਥੇ ਵੀ ਡਰਾਉਣਾ ਵਾਤਾਵਰਣ ਪੇਸ਼ ਕਰਨ ਵਿਚ ਸਹਾਇਕ ਹੋਈ ਹੈ। ਇਨ੍ਹਾਂ ਵਰਣਨਾਂ ਵਿਚ ਦੇਸ ਕਾਲ ਦਾ ਪੂਰਾ ਧਿਆਨ ਰਖਿਆ ਗਿਆ ਹੈ।

ਇਸੀ ਪ੍ਰਕਾਰ ਹੇਮਕੂੰਟ ਪਰਬਤ ਦਾ ਵੀ ਉਨ੍ਹਾਂ ਨੇ ਵਿਸ਼ਾਲ ਵਰਣਨ ਕੀਤਾ ਹੈ। ਪਹਾੜ, ਨਦੀ, ਝਰਨੇ, ਦਰਖਤ, ਘਾਹ, ਫਲ-ਫੁੱਲ, ਪਸ਼ੂ-ਪੰਛੀ ਵੇਲਾਂ ਅਤੇ ਤਪੱਸਵੀਆਂ ਤਕ ਦਾ ਵਰਣਨ ਕਰਕੇ ਉਸ ਦੇ ਚਿੱਤਰ ਨੂੰ ਪੂਰਣ ਬਣਾ ਦਿੱਤਾ ਹੈ। ਉੱਥੋਂ ਦੇ ਝਰਨਿਆਂ ਦਾ ਵਰਣਨ ਕਵੀ ਨੇ ਇਸ ਪ੍ਰਕਾਰ ਕੀਤਾ ਹੈ :

ਹੇਮਕੂੰਟ ਪਰਬਤ ਬਿਸਤਾਰਾ। ਝਰਨੇ ਝਰਹਿੰ ਅਨੇਕ ਪ੍ਰਕਾਰਾ।
ਨਿਸ ਬਾਸੁਰ ਜਿਨ ਮਹਿੰ ਧੁਨਿ ਭਾਰੀ। ਸੁੰਦਰ ਬਿਮਲ ਪ੍ਰਵਾਹਤਿ ਬਾਰੀ।
ਕਹੂੰ ਬੇਰਾ ਸੋਂ ਚਲਹਿ ਸਜੋਰ। ਕਹੂੰ ਭ੍ਰਮਰਕਾ ਪਰਹਿੰ ਬਿਲੋਰ।
ਫਟਕ ਸਮਾਨ ਸਵੱਛ ਜਲ ਸੁੰਦਰ। ਨਾਰੇ ਬਹੈਂ ਮੀਨ ਗਨ ਅੰਦਰ।
ਕਹੂੰ ਫੇਨ ਉੱਜਲ ਬਿਧਿ ਰੂਰੇ। ਕਿਤ ਸੁਨਿਯਤਿ ਧੁਨਿ ਦੂਰਹਦੂਰੇ॥
(ਉਹੀ ਰਾ. 11 : 49)

ਝਰਨਿਆਂ ਦਾ ਇਸ ਪ੍ਰਕਾਰ ਦਾ ਸੁਭਾਵਿਕ ਅਤੇ ਮਨੋਹਰ ਚਿੱਤਰਣ ਭਾਈ ਸੰਤੋਖ ਸਿੰਘ ਤੋਂ ਪਹਿਲਾਂ ਸ਼ਾਇਦ ਹੀ ਹਿੰਦੀ ਦੇ ਕਿਸੀ ਕਵੀ ਨੇ ਕੀਤਾ ਹੋਵੇਗਾ। ਅਸਲ ਵਿਚ ਕਵੀ ਦਾ ਪ੍ਰਕ੍ਰਿਤੀ ਪ੍ਰੇਮ-ਉਨ੍ਹਾਂ ਨੂੰ ਵਾਰ ਵਾਰ ਪ੍ਰਕ੍ਰਿਤੀ ਦੇ ਮਨੋਹਰ ਸਥਾਨਾਂ ਵੱਲ ਲੈ ਜਾਂਦਾ ਹੈ ਅਤੇ ਮੌਕਾ ਮਿਲਦੇ ਹੀ ਉਹ ਪਹਾੜਾਂ, ਜੰਗਲਾਂ, ਨਦੀਆਂ, ਝਰਨਿਆਂ, ਬਾਗਾਂ, ਸਰੋਵਰਾ ਆਦਿ ਦੇ ਵਰਣਨ ਵਿਚ ਲੱਗ ਜਾਂਦੇ ਹਨ। ਐਸੇ ਅਨੇਕ ਵਰਣਨ ਇਸ ਗ੍ਰੰਥ ਵਿਚ ਆਏ ਹਨ।

ਕਵੀ ਨੇ ਰੁੱਤਾਂ ਅਨੁਸਾਰ ਨਦੀਆਂ ਦੀ ਗੰਭੀਰਤਾ, ਸਵੱਛਤਾ, ਅਸ਼ੁੱਧਤਾ, ਹੌਲੀ ਅਤੇ ਤੇਜ਼ ਚਲਣ ਦਾ ਵਰਣਨ ਵੀ ਕੀਤਾ ਹੈ।

ਬਾਗ ਦੇ ਵਿਸ਼ਾਲ ਵਰਣਨ ਵਿਚ ਕਵੀ ਨੇ ਉੱਥੋਂ ਦੇ ਫੁੱਲਾਂ, ਦਰਖਤਾਂ, ਫਲਾਂ, ਪੰਛੀਆਂ ਅਤੇ ਸਰੋਵਰਾਂ ਆਦਿ ਦੀ ਸ਼ੋਭਾ ਦਾ ਵਿਸ਼ਾਲ ਵਰਣਨ ਕਰਦੇ ਹੋਏ ਉੱਥੋਂ ਦੇ ਮਨੋਹਰ ਵਾਤਾਵਰਣ ਦਾ ਸਜੀਵ ਚਿੱਤਰ ਅੰਕਤ ਕੀਤਾ ਹੈ।

ਹਿੰਦੀ ਵਿਚ ਛੇ ਰੁੱਤਾਂ ਦਾ ਵਰਣਨ ਆਮ ਤੌਰ ਤੇ ਨਾਇਕ ਨਾਇਕਾਵਾਂ ਦੇ ਸੰਜੋਗ

ਵਿਜੋਗ ਵਿਚ ਉਦੀਪਨ ਦੇ ਰੂਪ ਵਿਚ ਹੀ ਹੋਇਆ ਹੈ। ਪਰੰਤੂ ਭਾਈ ਸੰਤੋਖ ਸਿੰਘ ਨੇ ਰੁੱਤਾਂ ਦਾ ਵਰਣਨ ਗੁਰੂਆਂ ਦੀਆਂ ਯਾਤਰਾਵਾਂ ਜਾਂ ਸ਼ਿਕਾਰਾਂ ਦੇ ਪ੍ਰਸੰਗ ਵਿਚ ਕੀਤਾ ਹੈ। ਇਨ੍ਹਾਂ ਵਰਣਨਾਂ ਨੂੰ ਉਨ੍ਹਾਂ ਨੇ ਸੁਭਾਵਿਕ ਅਤੇ ਯਥਾਰਥ ਰੂਪ ਦਿੱਤਾ ਹੈ ਅਤੇ ਬਿਰਹਣੀਆਂ, ਉੱਤੇ ਪੈਣ ਵਾਲੇ ਉਨ੍ਹਾਂ ਦੇ ਪ੍ਰਭਾਵ ਨੂੰ ਅੱਖੋਂ ਪਰੋਖੇ ਕਰਕੇ ਪ੍ਰਾਕ੍ਰਿਤਕ ਵਾਤਾਵਰਣ ਦਾ ਹੀ ਵਰਣਨ ਕੀਤਾ ਹੈ। ਵਰਖਾ ਰੁੱਤ ਦਾ ਇਹ ਮਨੋਹਰ ਦ੍ਰਿਸ਼ ਵੇਖੋ :

ਬਿਦਤੇ ਜਲਧਰ ਗਗਨ ਮਝਾਰੀ। ਜਯੋਂ ਤਨ ਪਰਹਿੰ ਸੰਤ ਉਪਕਾਰੀ।
ਕੱਲਰ ਖੇਤ ਸਕਲ ਥਲ ਬਰਖੈ। ਦੇਖਿ ਦੇਖਿ ਕਰਿ ਜਨਗਨ ਹਰਖੈਂ। 5।
ਘੁਮੜੀ ਘਟਾ ਘਰੀਕ ਮਹਿੰ ਘੰਨੀ। ਘੋਰ ਘੋਰ ਘਨ ਚਪਲਾ ਸਨੀ।
ਬੜੀ ਬੜੀ ਬੂੰਦੇ ਬਹੁ ਪਰੀ। ਬਰਸਨ ਲਗਯੋ ਅਧਿਕ ਭੀ ਝਰੀ।
ਜਿਤ ਕਿਤ ਨੀਰ ਪ੍ਰਵਾਹ ਚਲੰਤਾ। ਊਚੇ ਥਲ ਸੇ ਨੰਮ੍ਰਿ ਢਰੰਤਾ।
ਧਾਇ ਧਾਇ ਨਰ ਧਾਮਨ ਬਰੇ। ਬਾਰੀ ਬਹੈ ਵਿਲੋਕਨ ਕਰੇ।
ਦਲ ਮਨਿੰਦ ਘਨ ਘਨੇ ਦਿਸਾਵਹਿੰ। ਇਕ ਆਵਤਿ ਬਰਖਤਿ ਇਕ ਜਾਵਹਿ।

(ਰਾ. 6. 45)

ਸਪੱਸ਼ਟ ਹੈ ਕਿ ਕਵੀ ਦਾ ਧਿਆਨ ਪ੍ਰਾਕ੍ਰਿਤਕ ਦ੍ਰਿਸ਼ਾਂ ਅਤੇ ਸਭ ਲੋਕਾਂ ਉੱਤੇ ਪੈਣ ਵਾਲੇ ਉਨ੍ਹਾਂ ਦੇ ਸੁਭਾਵਿਕ ਪ੍ਰਭਾਵ ਵੱਲ ਰਿਹਾ ਹੈ। ਬਸੰਤ ਵਰਣਨ ਵਿਚ ਬਸੰਤ ਦਾ ਖੁਸ਼ੀ ਭਰਿਆ ਮਨੋਹਰ ਵਾਤਾਵਰਣ ਪੇਸ਼ ਕਰ ਦਿੱਤਾ ਗਿਆ ਹੈ। ਇਸੇ ਪ੍ਰਕਾਰ ਸਰਦੀ, ਗਰਮੀ, ਸਿਆਲੀ ਰੁੱਤਾਂ ਦੇ ਨਾਲ ਪ੍ਰਭਾਤ ਦੇ ਵਰਣਨ ਵਿਚ ਵੀ ਕਵੀ ਨੂੰ ਬੇਜੋੜ ਸਫ਼ਲਤਾ ਮਿਲੀ ਹੈ। ਉਨ੍ਹਾਂ ਨੇ ਪ੍ਰਭਾਤ ਸਮੇਂ ਪਹਿਲਾਂ ਦਿਸ਼ਾ ਦਾ ਮੁੱਖ ਲਾਲ ਅਵਸ਼ ਵਿਖਾਇਆ ਹੈ, ਪਰੰਤੂ ਉਸ ਨੂੰ ਕੇਸ਼ਵ ਦੀ ਤਰ੍ਹਾਂ ਲਾਲ ਮੁੱਖ ਵਾਲਾ ਬਾਂਦਰ, 'ਵਡਵਾਨਲ ਜਵਾਲ' (ਸਮੁੰਦਰ ਸਥਿਤ ਅੱਗ ਦੀ ਲਪਟ', 'ਕਾਪਾਲਿਕ ਦੇ ਹੱਥ ਦੀ ਕਪਾਲ' ਕਹਿ ਕੇ ਪੰਡਤਾਊਪਣੇ ਦੇ ਪ੍ਰਦਰਸ਼ਨ ਦਾ ਯਤਨ ਨਹੀਂ ਕੀਤਾ, ਸਗੋਂ ਤੁਰਕਾਂ ਨੂੰ ਨਸ਼ਟ ਕਰਨ ਲਈ ਰਕਤ ਵਰਣ ਹੋਣਾ ਕਹਿ ਕੇ ਸ਼ਾਸਕ ਵਰਗ ਪ੍ਰਤੀ ਆਪਣੀ ਵਿਦ੍ਰੋਹਪੂਰਣ ਭਾਵਨਾ ਨੂੰ ਪ੍ਰਗਟ ਕੀਤਾ ਹੈ।

ਨਾਨਕ ਪ੍ਰਕਾਸ਼ ਵਿਚ ਛੇ ਰੁੱਤਾਂ ਦਾ ਵਰਣਨ ਗੁਰੂਆਂ ਦੀਆਂ ਯਾਤਰਾਵਾਂ ਦੇ ਸੰਦਰਭ ਵਿਚ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਮਾਧਿਅਮ ਰਾਹੀਂ 'ਮਾਨਸ' ਦੀ ਤਰ੍ਹਾਂ ਅਧਿਆਤਮਕ ਤੱਤਾਂ ਦਾ ਵਰਣਨ ਵੀ ਕੀਤਾ ਗਿਆ ਹੈ।

ਕਿਧਰੇ ਕਿਧਰੇ ਰੁੱਤਾਂ ਦਾ ਬੜਾ ਅਲੰਕਾਰਿਕ ਅਤੇ ਮਨੋਹਰ ਚਿੱਤਰਣ ਕੀਤਾ ਗਿਆ ਹੈ। ਬਸੰਤ ਰੁੱਤ ਦਾ ਦਿਗਵਿਜੈ ਲਈ ਜਾਂਦੇ ਹੋਏ ਇਕ ਰਾਜਾ ਦੇ ਰੂਪ ਵਿਚ ਜੋ ਚਿੱਤਰ ਪੇਸ਼ ਕੀਤਾ ਹੈ, ਉਹ ਵਰਣਨ ਯੋਗ ਹੈ। (ਗੁਰੂ ਨਾਨਕ ਪ੍ਰਕਾਸ਼ ਪੂ. ਅ. 11)

ਗਰਮੀ ਰੁੱਤ ਦੇ ਚਿੱਤਰਣ ਵਿਚ ਜਿੱਥੇ ਅਧਿਆਤਮਿਕਤਾ ਦਾ ਵਰਣਨ ਹੋਇਆ ਹੈ ਉੱਥੇ ਬਸੰਤ ਦੇ ਮਨੋਹਰ ਵਰਣਨ ਵਿਚ ਬੀਰ ਭਾਵਨਾ ਦੀ ਵੀ ਅਭਿਵਿਅਕਤੀ ਹੋਈ ਹੈ। ਵਰਖਾ (ਪੁ. 12. 2. 9) ਸਰਦੀ (ਪੂ. 13. 2-6) ਹੇਮੰਤ (ਪੂ. 14. 7-12)

ਅਤੇ ਪੱਤਝੜ (ਪੂ. 16 : 10-12) ਦੇ ਵੀ ਐਸੇ ਹੀ ਸਜੀਵ ਚਿੱਤਰ ਅੰਕਿਤ ਕੀਤੇ ਗਏ ਹਨ।

ਅਸਲ ਵਿਚ ਰੁੱਤਾਂ ਦਾ ਯਥਾਰਥ ਵਰਣਨ ਪੇਸ਼ ਕਰਨ ਵਿਚ ਅਤੇ ਸੁੰਦਰ ਦ੍ਰਿਸ਼ਟਾਂਤਾਂ, ਉਦਾਹਰਣਾਂ, ਰੂਪਕਾਂ ਅਤੇ ਉਤਪ੍ਰੇਖਿਆਵਾਂ ਆਦਿ ਦੀ ਯੋਜਨਾ ਕਰਨ ਵਿਚ ਕਵੀ ਨੇ ਆਪਣੇ ਪ੍ਰਕ੍ਰਿਤੀ ਪ੍ਰੇਮ, ਕਲਪਨਾ-ਸ਼ਕਤੀ ਅਤੇ ਕਾਵਿ ਪ੍ਰਤਿਭਾ ਦੀ ਭਰਪੂਰ ਜਾਣਕਾਰੀ ਦਿੱਤੀ ਹੈ।

# 7

# ਕਲਾ-ਪੱਖ ਜਾਂ ਅਭਿਵਿਅਕਤੀ ਸ਼ਿਲਪ

ਭਾਈ ਸੰਤੋਖ ਸਿੰਘ ਦੀ ਭਾਸ਼ਾ ਮੂਲ ਰੂਪ ਵਿਚ ਬ੍ਰਜ ਹੈ, ਜਦੋਂ ਕਿ ਉਸ ਵਿਚ ਭਾਸ਼ਾ ਦੇ ਹੋਰ ਰੂਪਾਂ ਦਾ ਮਿਸ਼ਰਣ ਵੀ ਹੋਇਆ ਹੈ। ਮੰਗਲਾਚਰਨ ਵਿਚ ਜਿੱਥੇ ਕਵੀ ਨੇ ਛੰਦ ਅਤੇ ਅਲੰਕਾਰਾਂ ਦੇ ਪ੍ਰਯੋਗ ਵਿਚ ਵਿਦੱਵਤਾ ਦਾ ਪ੍ਰਦਰਸ਼ਨ ਕੀਤਾ ਹੈ, ਉੱਥੇ ਉਨ੍ਹਾਂ ਦੀ ਭਾਸ਼ਾ ਪ੍ਰੌੜ੍ਹ ਅਤੇ ਸਰਲ ਹੈ। ਉਸ ਵਿਚ ਰੀਤੀ ਕਾਲ ਦੇ ਕਾਵਿਆਂ ਦੀ ਤਰ੍ਹਾਂ ਵਿਦੱਵਤਾ ਹੈ। ਪਰੰਤੂ ਭਾਸ਼ਾ ਦਾ ਐਸਾ ਸਰਲ ਰੂਪ ਹੋਰ ਕਿਧਰੇ ਨਹੀਂ ਮਿਲਦਾ। ਕਿਉਂਕਿ ਇਸ ਗ੍ਰੰਥ ਦੀ ਰਚਨਾ ਆਮ ਲੋਕਾਂ ਨੂੰ ਗੁਰੂਆਂ ਦੀ ਚਰਿੱਤਰ-ਕਥਾ ਸੁਨਾਉਣ ਲਈ ਕੀਤੀ ਗਈ ਸੀ, ਇਸ ਲਈ ਕਵੀ ਨੇ ਇਸ ਦੀ ਭਾਸ਼ਾ ਨੂੰ ਜ਼ਿਆਦਾ ਤੋਂ ਜ਼ਿਆਦਾ ਆਮ ਲੋਕਾਂ ਦੇ ਨੇੜੇ ਲਿਆਉਣ ਦਾ ਯਤਨ ਕੀਤਾ ਹੈ। ਇਹੀ ਕਾਰਨ ਹੈ ਕਿ ਉਸ ਵਿਚ ਸਥਾਨਕ ਪ੍ਰਭਾਵਾਂ ਤੋਂ ਇਲਾਵਾ ਪੰਜਾਬੀ, ਫਾਰਸੀ, ਮੁਲਤਾਨੀ, ਅਵਧੀ ਆਦਿ ਭਾਸ਼ਾਵਾਂ ਦੇ ਪ੍ਰਚਲਿਤ ਰੂਪਾਂ ਦਾ ਵੀ ਪ੍ਰਯੋਗ ਹੋਇਆ ਹੈ। ਕਿਧਰੇ ਕਿਧਰੇ ਫਾਰਸੀ ਦੀ ਔਖੀ ਸ਼ਬਦਾਵਲੀ ਵੀ ਆ ਗਈ ਹੈ। ਇਸ ਤਰ੍ਹਾਂ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਦੀ ਵੀ ਘਾਟ ਨਹੀਂ ਹੈ। ਪੰਜਾਬੀ ਦੇ ਵੀ ਅਨੇਕ ਸ਼ਬਦ ਅਤੇ ਕਾਰਕ ਉਨ੍ਹਾਂ ਦੇ ਕਾਵਿ ਵਿਚ ਆਉਂਦੇ ਰਹੇ ਹਨ। ਉਨ੍ਹਾਂ ਦੇ ਜੀਵਨ ਦਾ ਜ਼ਿਆਦਾ ਸਮਾਂ ਬੂੜੀਆਂ, ਕੈਥਲ ਆਦਿ ਵਿਚ ਬਤੀਤ ਹੋਇਆ, ਜੋ ਖੜੀ ਬੋਲੀ ਅਤੇ ਹਰਿਆਣਵੀ ਦੇ ਖੇਤਰ ਹਨ, ਇਸ ਲਈ ਇਨ੍ਹਾਂ ਥਾਵਾਂ ਦੀ ਬੋਲੀ ਦਾ ਆਪਣੀ ਰਚਨਾ ਵਿਚ ਵਰਣਨ ਕਰਨਾ ਸੁਭਾਵਿਕ ਹੀ ਸੀ। ਅਸਲ ਵਿਚ, ਕਵੀ ਨੇ ਇੱਥੇ ਪ੍ਰਚਲਿਤ ਸ਼ਬਦਾਵਲੀ, ਉਨ੍ਹਾਂ ਖੇਤਰ ਵਿਚ ਪ੍ਰਯੋਗ ਹੋਏ ਕਾਰਕਾਂ ਅਤੇ ਮੁਹਾਵਰਿਆਂ ਦਾ ਉਚਿੱਤ ਪ੍ਰਯੋਗ ਕਰਕੇ ਆਪਣੀ ਭਾਸ਼ਾ ਨੂੰ ਜ਼ਿਆਦਾ ਤੋਂ ਜ਼ਿਆਦਾ ਵਿਵਹਾਰਕ ਅਤੇ ਪ੍ਰਭਾਵਸ਼ਾਲੀ ਬਨਾਉਣ ਦਾ ਯਤਨ ਕੀਤਾ ਹੈ। ਭਾਸ਼ਾ ਦੇ ਦੋ ਰੂਪਾਂ ਦਾ ਦਰਸ਼ਨ ਉਸ ਵਿਚ ਸਪੱਸ਼ਟ ਰੂਪ ਨਾਲ ਕੀਤਾ ਜਾ ਸਕਦਾ ਹੈ। ਇਕ ਪਾਸੇ ਸੰਸਕ੍ਰਿਤ, ਫਾਰਸੀ, ਬ੍ਰਜ ਦੇ ਪ੍ਰਯੋਗ ਜਿਸ ਨਾਲ ਕਵੀ ਦਾ ਭਾਸ਼ਾ ਗਿਆਨ ਅਤੇ ਉਸ ਦੇ ਕਾਵਿ-ਪ੍ਰਯੋਗ ਦੀ ਸ਼ਕਤੀ ਦੀ ਜਾਣਕਾਰੀ ਮਿਲ ਸਕਦੀ ਹੈ, ਦੂਜੇ ਪਾਸੇ ਵਿਵਹਾਰਕ ਅਤੇ ਸਰਲ ਭਾਸ਼ਾ, ਜਿਸ ਨਾਲ ਉਹ ਆਮ-ਲੋਕਾਂ ਦੇ ਨੇੜ੍ਹੇ ਪਹੁੰਚ ਸਕਦਾ ਹੈ ਅਤੇ ਆਪਣੇ ਵਰਣਨ ਯੋਗ ਵਿਸ਼ੇ ਨੂੰ ਉਨ੍ਹਾਂ ਲਈ ਸਹਿਜ-ਅਨੁਭਵ ਯੋਗ, ਸਮਝਣ ਯੋਗ ਅਤੇ ਗ੍ਰਹਿਣ ਯੋਗ ਬਣਾ ਸਕਦਾ ਹੈ। ਵਿਸ਼ਾ-ਵਸਤੂ, ਪਾਤਰ ਅਤੇ ਭਾਵ ਆਦਿ ਦੇ ਅਨੁਸਾਰ ਭਾਸ਼ਾ ਦਾ ਉਚਿੱਤ ਅਤੇ ਸ਼ਕਤੀਸ਼ਾਲੀ ਪ੍ਰਯੋਗ ਕਰਨ ਵਿਚ ਕਵੀ ਪੂਰੀ ਤਰ੍ਹਾਂ ਸਮਰੱਥ ਹੈ। ਉਸ ਨੇ ਇਸ ਉਚਿੱਤਤਾ ਦਾ ਹਰ ਪਾਸੇ

ਧਿਆਨ ਰਖਿਆ ਹੈ ਕਿ ਕੋਈ ਪ੍ਰਸੰਗ, ਕਿਸ ਪ੍ਰਕਾਰ ਦੀ ਭਾਸ਼ਾ ਦੀ ਜ਼ਰੂਰਤ ਰਖਦਾ ਹੈ, ਵਤਸਲ, ਸਿੰਗਾਰ, ਭਗਤੀ ਅਤੇ ਕਰੁਣ ਪ੍ਰਸੰਗਾਂ ਵਿਚ ਭਾਸ਼ਾ ਜੇਕਰ ਮਿੱਠੀ ਅਤੇ ਕੋਮਲ ਹੈ ਤਾਂ ਯੁੱਧ ਦੇ ਪ੍ਰਸੰਗਾਂ ਵਿਚ ਓਜਪੂਰਣ ਅਤੇ ਧੁਨੀਆਤਮਕ ਹੈ। ਅਜਿਹੇ ਸਥਾਨਾਂ ਉੱਤੇ ਕਵੀ ਨੇ ਘੋਸ਼ ਵਰਣਾਂ, ਸੰਯੁਕਤ ਅੱਖਰਾਂ ਅਤੇ ਅਨੁਨਾਸਿਕ ਆਦਿ ਦੀ ਬਹੁਲਤਾ ਨਾਲ ਪ੍ਰਯੋਗ ਕੀਤਾ ਹੈ। ਦਾਰਸ਼ਨਿਕ ਤੱਥਾਂ ਦੇ ਵਰਣਨ ਵਿਚ ਜੇਕਰ ਗੰਭੀਰ, ਸਥਿਰ ਅਤੇ ਸਰਲ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ, ਤਾਂ ਕਥਾਤਮਕ ਪ੍ਰਸੰਗਾਂ ਦੇ ਵਰਣਨ ਵਿਚ ਭਾਸ਼ਾ ਦਾ ਰੂਪ ਚਲਤਾਊ ਅਤੇ ਵਿਵਹਾਰਕ ਹੈ। ਪ੍ਰਮਾਤਮਾ ਦੀ ਉਸਤਤ ਸੰਬੰਧੀ ਪ੍ਰਸੰਗਾਂ ਵਿਚ ਜਾ ਵਿਦਵਾਨ ਅਤੇ ਕੁਲੀਨ ਵਰਗ ਆਦਿ ਨਾਲ ਸੰਵਾਦਾਂ ਵਿਚ ਭਾਸ਼ਾ ਤਤਸਮ ਪ੍ਰਧਾਨ ਹੈ ਤਾਂ ਆਮ ਲੋਕਾਂ ਦੇ ਨਾਲ ਵਾਰਤਾਲਾਪ ਕਰਦੇ ਸਮੇਂ ਤਦਭਵ-ਪ੍ਰਧਾਨ। ਪੰਡਿਤਾਂ-ਬ੍ਰਾਹਮਣਾਂ ਦੇ ਨਾਲ ਚਰਚਾ ਕਰਦੇ ਸਮੇਂ ਸੰਸਕ੍ਰਿਤ ਦੇ ਤਤਸਮ ਰੂਪ ਜ਼ਿਆਦਾ ਆਉਂਦੇ ਹਨ, ਤਾਂ ਸੂਫ਼ੀਆਂ-ਮੌਲਵੀਆਂ ਜਾ ਹੋਰ ਮੁਗਲ-ਪਾਤਰਾਂ ਦੇ ਪ੍ਰਸੰਗ ਵਿਚ ਅਰਬੀ-ਫ਼ਾਰਸੀ ਦੇ ਤਤਸਮ ਜਾਂ ਤਦਭਵ ਸ਼ਬਦਾਂ ਦਾ ਪ੍ਰਯੋਗ ਹੁੰਦਾ ਹੈ। ਯੋਗੀਆਂ ਅਤੇ ਸਿੱਧਾਂ ਆਦਿ ਨਾਲ ਵਾਰਤਾਲਾਪ ਕਰਦੇ ਸਮੇਂ ਪ੍ਰਤੀਕਾਤਮਕ ਅਤੇ ਪਰਿਭਾਸ਼ਿਕ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਅਸਲ ਵਿਚ ਉਨ੍ਹਾਂ ਦੀ ਭਾਸ਼ਾ ਸਮਰੱਥ ਅਤੇ ਸ਼ਕਤੀ-ਸੰਪੰਨ ਹੈ ਅਤੇ ਉਨ੍ਹਾਂ ਵਿਚ ਵਿਸ਼ੇ ਦਾ ਉਚਿੱਤ ਵਰਣਨ ਕਰਨ ਦੇ ਲਈ ਉਸ ਦੇ ਅਨੁਕੂਲ ਉਚਿੱਤ ਅਤੇ ਸ਼ਕਤੀਸ਼ਾਲੀ ਭਾਸ਼ਾ ਦਾ ਪ੍ਰਯੋਗ ਕਰਨ ਦੀ ਯੋਗਤਾ, ਅੱਛੀ ਰੁਚੀ ਅਤੇ ਸ਼ਕਤੀ ਹੈ।

ਸ਼ਬਦ-ਕੋਸ਼ ਅਤੇ ਵਿਆਕਰਣ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੀ ਭਾਸ਼ਾ ਦਾ ਅਧਿਐਨ ਬੜਾ ਹੀ ਰੋਚਕ ਅਤੇ ਲਾਭਦਾਇਕ ਹੈ। ਇਸ ਵਿਚ ਬ੍ਰਜ ਭਾਸ਼ਾ ਅਤੇ ਖੜੀ ਬੋਲੀ ਤੋਂ ਇਲਾਵਾ ਸੰਸਕ੍ਰਿਤ, ਫ਼ਾਰਸੀ, ਅਰਬੀ, ਪੰਜਾਬੀ, ਲਹਿੰਦੀ ਆਦਿ ਦੇ ਵੀ ਅਨੇਕ ਸ਼ਬਦ ਆਏ ਹਨ। ਸੰਸਕ੍ਰਿਤ ਅਤੇ ਫ਼ਾਰਸੀ ਅਰਬੀ ਦੇ ਤਤਸਮ ਤੇ 'ਤਤਭਵ' ਦੋਵੇਂ ਪ੍ਰਕਾਰ ਦੇ ਸ਼ਬਦ ਹਨ। ਸਥਾਨਕ ਸ਼ਬਦਾਂ ਦਾ ਵੀ ਕਾਫ਼ੀ ਪ੍ਰਯੋਗ ਹੋਇਆ ਹੈ। ਕੁਝ ਕੁ ਉਦਾਹਰਣਾਂ ਵੇਖੋ :

**ਸੰਸਕ੍ਰਿਤ :** ਸੂਰਯ, ਦਿਨਮਣਿ, ਮਾਰਤੰਡ, ਰਵਿ, ਭਾਨੁ, ਭਾਸਕਰ, ਪੰਕਜ, ਸਰੋਜ।

**ਫ਼ਾਰਸੀ :** ਵੇਤਮਾ, ਵਿਲੰਦ, ਦਰੀਚੀ, ਹਮਲੇ, ਗੁਫਤੰ, ਬਜਰਕ, ਦਿਦਾਰ, ਮਾਦਰ।

**ਅਰਬੀ :** ਸਿਫਤੀ, ਮਜੂਬ, ਕਰਦ, ਸੁਹਬਤ, ਨਦਰ, ਮਾਯਨਾ, ਹਾਦਰ, ਮੁਜਾਹਮ

**ਪੰਜਾਬੀ :** ਵੰਡ ਖਾਵਨਾ, ਨੇਰ, ਸਦੇਂਦਾ, ਬੁਝੇਂਦਾ, ਬਿਖੈ, ਨਾਲ, ਤੀਕ, ਚਉਨਾ।

**ਲਹਿੰਦੀ ਜਾਂ ਮੁਲਤਾਨੀ :** ਜੁਲ, ਹੈਂਸੁ, ਭਿਰਾਈ, ਘਿਨੁਹ, ਵਤ, ਕੇਂਦਾ।

**ਸਥਾਨਕ ਸ਼ਬਦ :** ਉਰੇ, ਨਾਰ, ਫੇਰ, ਬਾਸਨ, ਥਾਰੀ, ਰਾਹਕ, ਗਾਰਾ, ਫੁਰਤੀ, ਹੋਰ।

ਵਿਆਕਰਣ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੇ ਕਾਵਿ ਵਿਚ ਕਾਰਕ-ਵਿਭਕਤੀਆਂ, ਸਰਵਨਾਵਾਂ, ਕ੍ਰਿਆ-ਪਦਾਂ, ਅਵਯ ਸ਼ਬਦ ਅਤੇ ਧੁਨੀਆਂ ਆਦਿ ਦੇ ਬ੍ਰਜ ਭਾਸ਼ਾ ਦੇ ਰੂਪਾ

ਦਾ ਹੀ ਜ਼ਿਆਦਾ ਪ੍ਰਯੋਗ ਹੋਇਆ ਹੈ। ਕੁਝ ਖੜੀ ਬੋਲੀ ਦੇ ਰੂਪ ਵੀ ਮਿਲਦੇ ਹਨ। ਸੰਸਕ੍ਰਿਤ, ਪੰਜਾਬੀ ਅਤੇ ਸਥਾਨਕ ਪ੍ਰਯੋਗਾਂ ਦੇ ਵੀ ਕਿਧਰੇ ਕਿਧਰੇ ਦਰਸ਼ਨ ਹੁੰਦੇ ਹਨ।

ਉਨ੍ਹਾਂ ਦੀ ਭਾਸ਼ਾ ਦੇ ਯਥਾਰਥ ਰੂਪ ਨੂੰ ਜਾਣਨ ਲਈ ਉਸ ਵਿਚ ਪ੍ਰਯੋਗ ਹੋਈਆਂ ਧੁਨੀਆਂ, ਕਾਰਕ-ਵਿਭਕਤੀਆਂ, ਸਰਵਨਾਵਾਂ, ਕ੍ਰਿਆਵਾਂ ਅਤੇ ਅਵਯ ਸ਼ਬਦਾਂ ਆਦਿ ਦੇ ਰੂਪਾਂ ਨੂੰ ਵੇਖਿਆ ਜਾ ਸਕਦਾ ਹੈ।

ਇਨ੍ਹਾਂ ਦੇ ਕਾਵਿ ਵਿਚ ਵਿਆਕਰਣ ਦੀ ਦ੍ਰਿਸ਼ਟੀ ਨਾਲ ਜ਼ਿਆਦਾਤਰ ਬ੍ਰਜ ਭਾਸ਼ਾ ਦੇ ਰੂਪਾਂ ਦਾ ਹੀ ਪ੍ਰਯੋਗ ਹੋਇਆ ਹੈ, ਵਿਚ ਵਿਚ ਖੜੀ ਬੋਲੀ ਦੇ ਵੀ ਕਾਫੀ ਰੂਪ ਮਿਲਦੇ ਹਨ। ਬ੍ਰਜ ਭਾਸ਼ਾ ਦੇ ਨਾਲ ਖੜੀ ਬੋਲੀ ਦੇ ਮਿਸ਼ਰਣ ਦਾ ਇਹ ਰੂਪ ਇਕ ਸੁਤੰਤਰ ਅਤੇ ਰੋਚਕ ਅਧਿਐਨ ਦਾ ਵਿਸ਼ਾ ਬਣ ਸਕਦਾ ਹੈ, ਜੋ ਕਿ ਹਰਿਆਣਾ ਵਿਚ ਰਚੇ ਬ੍ਰਜ ਭਾਸ਼ਾ-ਕਾਵਿ ਦੀ ਨਿੱਜੀ ਵਿਸ਼ੇਸ਼ਤਾ ਦੀ ਜਾਣਕਾਰੀ ਦੇਣ ਵਾਲਾ ਹੈ।

ਭਾਸ਼ਾ ਦੀ ਸ਼ਕਤੀ, ਸਮਰੱਥਤਾ ਅਤੇ ਵਿਵਹਾਰਕਤਾ ਵਧਾਉਣ ਲਈ ਕਵੀ ਨੇ ਕੁਝ ਮੁਹਾਵਰਿਆਂ ਅਤੇ ਅਖਾਣਾਂ ਦਾ ਵੀ ਪ੍ਰਯੋਗ ਕੀਤਾ ਹੈ। ਇਨ੍ਹਾਂ ਦੇ ਕਾਵਿ ਵਿਚ ਐਸੇ ਅਨੇਕ ਮੁਹਾਵਰੇ ਅਤੇ ਅਖਾਣ ਹਨ, ਜੋ ਆਮ ਲੋਕਾਂ ਵਿਚ ਕਾਫੀ ਪ੍ਰਚਲਿਤ ਹਨ ਅਤੇ ਉਨ੍ਹਾਂ ਨਾਲ ਭਾਸ਼ਾ ਦੀ ਅਭਿਵਿਅਕਤੀ ਸ਼ਕਤੀ ਵਧਦੀ ਹੈ। 'ਆਂਖ ਤੇਰੈ ਨਹਿੰ ਆਨਤ ਕਾਹੂੰ, ਝਖ ਮਾਰਤਿੰ, ਆਂਖਨਿ ਮਹਿ ਰਜੁ ਪੁੰਜ ਕੋ ਡਾਰੀ; ਝੂਠਾ ਹਰਾਮੀਂ, ਨਟਕਰਿ, ਜਾਇੰ, ਮ੍ਰਿਗ-ਤ੍ਰਿਸ਼ਨਾ, ਦਾਂਤ ਪੀਸਿਤ; ਸਿਰ ਮਾਟੀ ਪਾਈ, ਨੀਰ ਲਕੀਰਾਂ; ਪਾਹਨ ਰੇਖਾ' ਆਦਿ ਮੁਹਾਵਰਿਆਂ ਅਤੇ 'ਘਰ ਕੇ ਰਹੇ ਨ ਘਾਟ ਕੇ; ਗ੍ਰਾਮ ਦਿਹੋ ਪਰ ਬਾਸ ਨੇ ਦੋਹੋ; ਨਿਤ ਨਿਰਬਲ ਦੇ ਬਲ ਗੁਰੂ ਅਹੈਂ, ਭੂਸਨ ਕਿਸ ਕੇ ਬਾਂਦੀ ਕਿਸ ਕੀ, ਹਿੰਮਤ ਕਾ ਹਿਮਾਇਤੀ ਹਰਿ ਹੈ, ਬੀਤੀ ਰਾਇ ਸੁ ਜਾਨਿ ਦਿਹੁ ਸੁਧਿਤਾ ਅਗੁਬਾਇ, ਇਕ ਮਿਆਨ ਜੁਗਮ ਸ਼ਮਸੇਰ, ਆਦਿ ਅਖਾਣਾਂ ਦਾ ਪ੍ਰਯੋਗ ਵੀ ਕਿਧਰੇ ਕਿਧਰੇ ਹੋਇਆ ਹੈ। ਇਸੀ ਪ੍ਰਕਾਰ ਬਹੁਤ ਸਾਰੀਆਂ ਸੁੰਦਰ ਉਕਤੀਆਂ ਵੀ ਇਨ੍ਹਾਂ ਗ੍ਰੰਥਾਂ ਵਿਚ ਆਈਆਂ ਹਨ।

ਆਪਣੀ ਲੰਮੀ ਕਾਵਿ-ਪਰੰਪਰਾ ਦੇ ਕਾਰਨ ਬ੍ਰਜ ਭਾਸ਼ਾ ਕਾਫੀ ਪ੍ਰੌੜ੍ਹਤਾ ਪ੍ਰਾਪਤ ਕਰ ਚੁੱਕੀ ਸੀ। ਕ੍ਰਿਸ਼ਨ-ਭਗਤ ਕਵੀਆਂ ਨੇ ਜਿੱਥੇ ਉਸ ਨੂੰ ਰਸ-ਪੂਰਣਤਾ, ਕੋਮਲਤਾ ਅਤੇ ਸੰਗੀਤਾਤਮਿਕਤਾ ਪ੍ਰਦਾਨ ਕੀਤੀ, ਰੀਤੀ ਕਾਲ ਦੇ ਦਰਬਾਰੀ ਕਵੀਆਂ ਨੇ ਉਸ ਵਿਚ ਵਿਦਵੱਤਾ, ਲੱਛਣਤਾ, ਵਕ੍ਰਤਾ ਅਤੇ ਅਲੰਕਾਰ ਆਦਿ ਸ਼ਾਮਿਲ ਕੀਤੇ। ਭਾਈ ਸੰਤੋਖ ਸਿੰਘ ਇਕ ਵਿਦਵਾਨ ਅਤੇ ਮਾਹਿਰ ਕਵੀ ਸਨ। ਉਨ੍ਹਾਂ ਨੇ ਬ੍ਰਜ ਭਾਸ਼ਾ ਦੀ ਇਸ ਸਮਰਿੱਧ ਪਰੰਪਰਾ ਦਾ ਪੂਰਣ ਲਾਭ ਉਠਾਇਆ। ਪ੍ਰਸੰਗ ਅਤੇ ਵਿਸ਼ੇ ਅਨੁਸਾਰ ਭਾਸ਼ਾ ਦਾ ਸਾਰਥਕ ਅਤੇ ਉਚਿੱਤ ਪ੍ਰਯੋਗ ਕੁਸ਼ਲਤਾ-ਪੂਰਬਕ ਕੀਤਾ। ਉਨ੍ਹਾਂ ਦੀ ਕਾਵਿ ਭਾਸ਼ਾ ਵਿਚ ਸਮਰੱਥਤਾ ਵੀ ਹੈ ਅਤੇ ਪ੍ਰੌੜ੍ਹਤਾ ਵੀ ਅਤੇ ਸੰਚਾਰਤਾ ਤੇ ਸੰਪ੍ਰੇਖਣਤਾ ਉਸ ਦਾ ਪ੍ਰਮੁੱਖ ਗੁਣ ਹੈ।

8

# ਅਲੰਕਾਰ-ਸੁੰਦਰਤਾ

ਭਾਈ ਸੰਤੋਖ ਸਿੰਘ ਉਸ ਯੁੱਗ ਦੇ ਕਵੀ ਹਨ, ਜਿਸ ਵਿਚ ਅਲੰਕਾਰਾਂ ਦਾ ਬਹੁਤ ਮਹੱਤਵ ਸੀ ਅਤੇ ਰੀਤੀ-ਗ੍ਰੰਥ ਲਿਖਣਾ, ਅਲੰਕਾਰਾਂ ਨੂੰ ਜ਼ਬਾਨੀ ਯਾਦ ਕਰਨਾ ਜਾਂ ਅਲੰਕਾਰ-ਸਹਿਤ ਕਾਵਿ-ਰਚਨਾ ਕਰਨਾ ਇਕ 'ਕਵੀ-ਮਰਿਆਦਾ' ਜਿਹੀ ਬਣ ਗਈ ਸੀ। ਉਹ ਜਿਸ ਰਾਜਾ ਦੇ ਆਸ਼ਰਿਤ ਸਨ, ਉਹ ਵੀ ਅਲੰਕਾਰਾਂ ਵਿਚ ਕੁਝ ਰੁਚੀ ਰੱਖਣ ਵਾਲਾ ਸੀ। ਫਲਸਰੂਪ ਇਨ੍ਹਾਂ ਦੇ ਕਾਵਿ ਵਿਚ ਦੋ ਪ੍ਰਕਾਰ ਦੀਆਂ ਸ਼ੈਲੀਆਂ ਦੇ ਦਰਸ਼ਨ ਹੁੰਦੇ ਹਨ। ਇਕ ਚਮਤਕਾਰਪੂਰਣ/ਅਲੰਕਾਰਪੂਰਣ ਸ਼ੈਲੀ, ਜਿੱਥੇ ਅਲੰਕਾਰਾਂ ਦਾ ਪ੍ਰਯੋਗ ਕੇਵਲ ਵਿਦਵਤਾ-ਪ੍ਰਦਰਸ਼ਨ ਲਈ ਹੋਇਆ ਹੈ ਅਤੇ ਦੂਜੀ ਸੁਭਾਵਿਕ ਅਤੇ ਭਾਵ-ਅਨੁਕੂਲ ਸ਼ੈਲੀ ਜਿੱਥੇ ਅਲੰਕਾਰਾਂ ਦਾ ਪ੍ਰਯੋਗ ਰਸ ਦੇ ਸਹਾਇਕ ਜਾਂ ਉਪਕਾਰੀ-ਰੂਪ ਵਿਚ ਹੋਇਆ ਹੈ।

'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰ-ਪ੍ਰਤਾਪ ਸੂਰਜ' ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਕੁਝ ਮੰਗਲਾਚਰਨ ਐਸੇ ਹਨ, ਜਿੱਥੇ ਕਵੀ ਨੇ ਵਿਦਵੱਤਾ-ਪ੍ਰਦਰਸ਼ਨ ਲਈ ਅਲੰਕਾਰਾਂ ਦਾ ਚਮਤਕਾਰ ਪੂਰਣ ਪ੍ਰਯੋਗ ਕੀਤਾ ਹੈ। ਸੰਭਵ ਹੈ ਕਿ ਰੀਤੀਕਾਲੀਨ ਪਰੰਪਰਾ ਨਿਰਬਾਹ ਅਤੇ ਉਸ ਯੁੱਗ ਦੇ ਕਾਵਿ ਪੱਧਰ ਤੇ ਪੂਰਾ ਉਤਰਣ ਵਾਸਤੇ ਐਸਾ ਕੀਤਾ ਗਿਆ ਹੈ। ਹੋਰ ਥਾਵਾਂ ਤੇ ਅਲੰਕਾਰ ਉਨ੍ਹਾਂ ਦੇ ਕਾਵਿ ਵਿਚ ਨਗੀਨਿਆਂ ਅਤੇ ਮਣੀਆਂ ਦੀ ਤਰ੍ਹਾਂ ਠੀਕ ਸਥਾਨ ਉੱਤੇ ਅਤੇ ਰੁਚੀਪੂਰਨ ਢੰਗ ਨਾਲ ਜੜੇ ਹੋਏ ਜਗਮਗਾ ਰਹੇ ਹਨ, ਅਤੇ ਉਨ੍ਹਾਂ ਦੀ ਚਮਕ ਕਾਵਿ-ਸ਼ੋਭਾ ਵਿਚ ਮਿਲ ਕੇ ਇਕ ਰੂਪ ਹੋ ਗਈ ਹੈ। ਉਨ੍ਹਾਂ ਦੇ ਕਾਵਿ ਵਿਚ ਅਲੰਕਾਰਾਂ ਦੀ ਸੁੰਦਰਤਾ ਵੇਖਣਯੋਗ ਹੈ, ਪਰੰਤੂ ਉਸ ਵਿਚ ਬਨਾਵਟ ਨਹੀਂ ਹੈ। ਅਲੰਕਾਰ ਭਾਵ, ਵਸਤੂ, ਕ੍ਰਿਆ, ਗੁਣ ਆਦਿ ਦੇ ਪ੍ਰਭਾਵ ਨੂੰ ਵਧਾਉਣ ਲਈ ਸਹਾਇਕ ਬਣ ਕੇ ਆਪਣੇ ਆਪ ਹੀ ਆ ਗਏ ਹਨ, ਉਨ੍ਹਾਂ ਨੂੰ ਜ਼ੋਰ ਨਾਲ ਲਿਆਉਣ ਦਾ ਯਤਨ ਨਹੀਂ ਕੀਤਾ ਗਿਆ। ਉਨ੍ਹਾਂ ਦੀ ਕਵਿਤਾ ਨੂੰ ਇਕ ਐਸੀ ਸੁੰਦਰ ਸੁਲੱਖਣੀ ਇਸਤਰੀ ਦੇ ਬਰਾਬਰ ਕਿਹਾ ਜਾ ਸਕਦਾ ਹੈ, ਜਿਸ ਦੇ ਸੁੰਦਰ ਸਡੌਲ ਅੰਗਾਂ ਦੀ ਸੁੰਦਰਤਾ ਨੂੰ (ਉੱਚਿਤ ਸਥਾਨ ਤੇ ਸਥਾਪਿਤ ਕਰਕੇ) ਗਹਿਣਿਆਂ ਨੇ ਦੁਗਣਾ ਕਰ ਦਿਤਾ ਹੈ। ਜਾਂ ਉਹ ਇਕ ਐਸੀ ਸੁੰਦਰ ਨਦੀ ਹੈ ਜਿਸ ਦੇ ਕਿਨਾਰੇ ਰਤਨ ਅਤੇ ਮਣੀਆਂ ਨਾਲ ਜੜੇ ਹੋਏ ਹਨ ਪਰੰਤੂ ਉਸ ਦੇ ਅੰਦਰ ਖੁਸ਼ਕ, ਨੀਰਸ ਰੇਤ ਹੀ ਨਹੀਂ ਹੈ, ਸਗੋਂ ਉਹ ਨਿਰਮਲ, ਸਾਫ਼, ਪਵਿੱਤਰ, ਸਵਾਦੀ ਅਤੇ ਗੰਭੀਰਤਾ ਨਾਲ ਪੂਰਨ ਹੈ, ਜਿਸ ਵਿਚ ਇਸ਼ਨਾਨ ਕਰਨ ਨਾਲ 'ਅਲੌਕਿਕ ਆਨੰਦ' ਦੀ ਪ੍ਰਾਪਤੀ ਹੁੰਦੀ ਹੈ। ਉਹ ਇਕ ਐਸਾ ਸੁੰਦਰ ਬਗੀਚਾ ਹੈ, ਜਿਸ

ਦੀਆਂ ਵੇਲਾਂ ਬਸੰਤ ਆਉਣ ਉੱਤੇ ਫੁੱਲ-ਪੱਤੇ ਅਤੇ ਫਲਾਂ ਨਾਲ ਲੱਦ ਗਈਆਂ ਹਨ ਪਰੰਤੂ ਉਨ੍ਹਾਂ ਨਾਲ ਉਹ ਸੁਫਲ ਅਤੇ ਸ਼ੋਭਨੀਕ ਹੀ ਹੁੰਦੀਆਂ ਹਨ, ਭਾਰ ਹੇਠ ਦਬੀਆਂ ਨਹੀਂ ਹੁੰਦੀਆਂ ।

(ਚ) **ਸ਼ਬਦਾਲੰਕਾਰ** :

ਸ਼ਬਦਾਲੰਕਾਰ ਕਵਿਤਾ-ਕਾਮਨੀ ਦੇ ਪੱਲੇ ਨਾਲ ਘੁੰਘਰੂ ਜਾਂ ਝਾਂਝਰ ਦੀ ਛਣਕਾਰ ਦੇ ਸਮਾਨ ਹੈ । ਉਨ੍ਹਾਂ ਦੇ ਕਾਵਿ ਦੀ ਲੈਅ ਵਿਚ ਨਾਦ, ਸੰਗੀਤਾਤਮਿਕਤਾ ਅਤੇ ਪ੍ਰਵਾਹ ਦਾ ਵਾਧਾ ਹੁੰਦਾ ਹੈ । ਫਿਰ ਵੀ ਉਨ੍ਹਾਂ ਦਾ ਸੰਤੁਲਿਤ ਅਤੇ ਸਰੁਚੀਪੂਰਣ ਪ੍ਰਯੋਗ ਵੀ ਇੱਛਤ ਅਨੁਕੂਲ ਹੈ ।

ਵਰਣ ਅਤੇ ਸ਼ਬਦ ਦੇ ਉਚਿੱਤ ਪ੍ਰਯੋਗ ਨਾਲ ਰਸ ਦੇ ਅਨੁਕੂਲ ਜੋ ਧੁਨੀ ਅਤੇ ਲੈਅ ਪੈਦਾ ਹੁੰਦੀ ਹੈ, ਉਸ ਤੋਂ ਭਾਈ ਸੰਤੋਖ ਸਿੰਘ ਭਲੀ-ਭਾਂਤ ਜਾਣਕਾਰ ਸਨ । ਉਨ੍ਹਾਂ ਨੇ ਸ਼ਬਦਾਲੰਕਾਰਾਂ ਦਾ ਪ੍ਰਯੋਗ ਆਮ ਤੌਰ ਤੇ ਇਸੇ ਦ੍ਰਿਸ਼ਟੀਕੋਣ ਨਾਲ ਕੀਤਾ ਹੈ, ਫਿਰ ਵੀ ਸ਼ਬਦਾਲੰਕਾਰਾਂ ਦੇ ਪ੍ਰਯੋਗ ਵਿਚ ਕਿਧਰੇ ਕਿਧਰੇ ਵਿਦਵੱਤਾ ਪ੍ਰਦਰਸ਼ਨ ਦਾ ਮੋਹ ਵਿਖਾਈ ਦਿੰਦਾ ਹੈ ।

ਅਨੁਪ੍ਰਾਸ ਨਾਲ ਜੋ ਨਾਦ ਪੈਦਾ ਹੁੰਦਾ ਹੈ ਉਸ ਨਾਲ ਅਰਥ ਅਤੇ ਭਾਵ ਦੀ ਅਭਿਵਿਅਕਤੀ ਜਾਂ ਪ੍ਰਭਾਵ ਵਿਚ ਸਹਾਇਤਾ ਮਿਲਦੀ ਹੈ ਬਸ਼ਰਤੇ ਕਿ ਸੰਤੁਲਿਤ, ਸੰਜਮੀ ਅਤੇ ਸਰੁਚੀਪੂਰਣ ਢੰਗ ਨਾਲ ਰਸ ਦੀ ਪ੍ਰਕ੍ਰਿਤੀ ਅਨੁਕੂਲ ਉਨ੍ਹਾਂ ਦਾ ਪ੍ਰਯੋਗ ਹੋਇਆ ਹੋਵੇ । ਇਸ ਲਈ ਜ਼ਰੂਰੀ ਹੈ, ਕਵੀ ਨੂੰ ਸ਼ਬਦ ਦੇ ਰੂਪ, ਰੰਗ, ਸਪਰਸ਼, ਗੰਧ ਆਦਿ ਦਾ ਗਿਆਨ ਹੋਵੇ ।

ਭਾਈ ਸੰਤੋਖ ਸਿੰਘ ਸ਼ਬਦ ਦੀ ਇਸ ਅਦਭੁਤ ਸ਼ਕਤੀ ਨੂੰ ਭਲੀ-ਭਾਂਤ ਜਾਣਦੇ ਸਨ, ਇਸ ਲਈ ਉਨ੍ਹਾਂ ਨੇ ਆਮ ਤੌਰ ਤੇ ਰਸ ਦੇ ਅਨੁਕੂਲ ਵਰਣ ਸਮਾਨਤਾ ਦੁਆਰਾ ਅਨੁਪ੍ਰਾਸ ਦਾ ਪ੍ਰਯੋਗ ਕੀਤਾ ਹੈ । ਐਸੀਆਂ ਥਾਵਾਂ ਬਹੁਤ ਘੱਟ ਹਨ ਜਿੱਥੇ ਅਨੁਪ੍ਰਾਸ ਦੇ ਪ੍ਰਯੋਗ ਨਾਲ ਨੀਰਸਤਾ ਆਈ ਹੈ ।

ਆਚਾਰੀਆ ਨੇ ਅਨੁਪ੍ਰਾਸ ਦੇ ਜਿਤਨੇ ਭੇਦ ਦਸੇ ਹਨ ਉਨ੍ਹਾਂ ਸਾਰਿਆਂ ਦੇ ਉਦਾਹਰਣ ਉਨ੍ਹਾਂ ਦੇ ਕਾਵਿ ਵਿਚ ਸਹਿਜੇ ਮਿਲ ਜਾਂਦੇ ਹਨ ।

'ਗੁਰ ਪ੍ਰਤਾਪ ਸੂਰਜ' ਵਿਚ ਯਮਕ ਅਲੰਕਾਰ ਦੇ ਕਾਫੀ ਉਦਾਹਰਣ ਹਨ । ਉਨ੍ਹਾਂ ਵਿਚੋਂ ਜ਼ਿਆਦਾਤਰ 'ਮੰਗਲਾਚਰਨ' ਵਿਚ ਆਏ ਹਨ ਅਤੇ ਉਹ ਆਮ ਤੌਰ ਤੇ ਚਮਤਕਾਰ-ਪੂਰਣ ਹਨ । ਹੋਰ ਥਾਵਾਂ ਤੇ ਜਿੱਥੇ ਵੀ ਯਮਕ ਦਾ ਪ੍ਰਯੋਗ ਹੋਇਆ ਹੈ, ਉਹ ਆਮ ਤੌਰ ਤੇ ਸੁੰਦਰ ਹੀ ਹੋਇਆ ਹੈ ।

'ਗੁਰ ਪ੍ਰਤਾਪ ਸੂਰਜ' ਵਿਚ ਐਸੇ ਸ਼ੁੱਧ ਸ਼ਲੇਸ਼ ਦੇ ਉਦਾਹਰਣ, ਜਿੱਥੇ ਦੋਵੇਂ ਅਰਥ ਵਾਚਯ ਹੋਣ ਅਤੇ ਉਨ੍ਹਾਂ ਵਿਚ ਸਲੇਸ਼ ਹੀ ਪ੍ਰਧਾਨ ਹੋਣ, ਬਹੁਤ ਘੱਟ ਮਿਲਦੇ ਹਨ । ਪਰੰਤੂ ਸਲੇਸ਼-ਪ੍ਰੇਰਿਤ ਅਲੰਕਾਰਾਂ ਦੇ ਉਦਾਹਰਣ ਬਹੁਤ ਹੀ ਮਿਲ ਜਾਂਦੇ ਹਨ ।

(ਸ) **ਅਰਥਾਲੰਕਾਰ** :

ਭਾਈ ਸੰਤੋਖ ਸਿੰਘ ਰਸਵਾਦੀ ਕਵੀ ਸਨ, ਇਸ ਲਈ ਉਸ ਨੇ ਅਲੰਕਾਰਾਂ ਦਾ

ਪ੍ਰਯੋਗ ਆਮ ਤੌਰ ਤੇ ਭਾਵਾਂ ਨੂੰ ਤੀਬਰਤਾ ਪ੍ਰਦਾਨ ਕਰਨ ਲਈ ਹੀ ਕੀਤਾ ਹੈ। ਅਰਥਾਲੰਕਾਰਾਂ ਦਾ ਪ੍ਰਯੋਗ ਕਵੀ ਨੇ ਮੁੱਖ ਰੂਪ ਵਿਚ 1. ਗੁਰੂਆਂ ਦੇ ਚਰਿੱਤਰ ਦੀ ਮਹੱਤਤਾ ਸਥਾਪਿਤ ਕਰਨ ਵਿਚ, 2. ਗੁਣ ਅਤੇ ਸੁਭਾਅ ਚਿੱਤਰਣ ਵਿਚ, 3. ਭਾਵ ਅਨੁਭਾਵ ਚਿੱਤਰਣ ਵਿਚ, 4. ਕਾਰਜ-ਵਿਉਪਾਰ ਚਿੱਤਰਣ ਵਿਚ, 5. ਘਟਨਾ ਚਿੱਤਰਣ ਵਿਚ, 6. ਵਸਤੂ-ਚਿੱਤਰਣ ਵਿਚ ਸਹਾਇਤਾ ਦੇ ਲਈ ਅਤੇ 7. ਦਾਰਸ਼ਨਿਕ ਸਿਧਾਂਤਾਂ ਅਤੇ ਨੈਤਿਕ ਤੱਥਾਂ ਦੀ ਸਪੱਸ਼ਟਤਾ ਦੇ ਲਈ ਕੀਤਾ ਹੈ।

1. ਗੁਰੂਆਂ ਦੇ ਚਰਿੱਤਰ ਦੀ ਮਹੱਤਤਾ ਦਿਖਾਉਣ ਅਤੇ ਉਨ੍ਹਾਂ ਦੀ ਮਹਿਮਾ ਅਤੇ ਗੁਣ ਗਾਇਨ ਕਰਨ ਲਈ ਉਨ੍ਹਾਂ ਨੇ ਜ਼ਿਆਦਾਤਰ ਉਲੇਖ, ਵਿਭਾਵਨਾ, ਵਿਰੋਧ, ਅਤਿਕਥਨੀ, ਉਪਮਾ, ਰੂਪਕ, ਉਤਪ੍ਰੇਖਿਆ ਆਦਿ ਅਲੰਕਾਰਾਂ ਦਾ ਸਹਾਰਾ ਲਿਆ ਹੈ। 'ਉਲੇਖ' ਅਲੰਕਾਰ ਦਾ ਇਕ ਸੁੰਦਰ ਉਦਾਹਰਣ ਉਸ ਸਮੇਂ ਮਿਲਦਾ ਹੈ ਜਦੋਂ ਉਹ ਗੁਰੂ ਗੋਬਿੰਦ ਸਿੰਘ ਦੇ ਚਰਿੱਤਰ ਦੀ ਵਿਸ਼ਾਲਤਾ ਅਤੇ ਮਹਾਨਤਾ ਦਾ ਵਰਣਨ ਕਰਦੇ ਹਨ ਜਿਵੇਂ :

ਸ਼ਤ੍ਰ ਬਿਲੋਕਤਿ ਕਾਲ ਸਮ ਜਾਨਹਿ ਲੇ ਪ੍ਰਾਨਾ।<br>
ਦੇਵ ਤਰੋਵਰ ਕੇ ਲ਼ਖਹਿਂ ਜਮ ਕਾਮਨ ਵਾਨਾ। 31।<br>
ਗਯਾਨੀ ਲਖਹਿਂ ਪ੍ਰਮਾਤਮਾ ਵਾਂਛਤ ਤਨ ਧਾਰਾ।<br>
ਨਿਸਚੇ ਭਗਤਨਿ ਉ ਰਿਦੇ ਬਿਸਨੂੰ ਅਵਤਾਰਾ।<br>
ਸ੍ਰੀ ਨਾਨਕ ਕੋ ਤਨ ਦਸਮ ਸਿਖਨ ਮਨ ਜਾਨਾ।<br>
ਪਜਾ ਲਖਹਿਂ ਰਾਜਾ ਮਹਾਂ ਪਾਲਹਿ ਵਿਧਿ ਨਾਨਾ।

(ਗੁ. ਪ੍ਰ. ਸੂ. ਰਿ. 2 : 35 : 32)

ਗੁਰੂਆਂ ਦਾ ਮਹੱਤਵ ਸਥਾਪਿਤ ਕਰਨ ਅਤੇ ਉਨ੍ਹਾਂ ਦੇ ਦੇਵੀ-ਸਰੂਪ ਦਾ ਵਰਣਨ ਕਰਨ ਲਈ ਕਵੀ ਨੇ 'ਉਪਮਾ' ਅਤੇ 'ਉਤਪ੍ਰੇਖਿਆ' ਅਲੰਕਾਰ ਦਾ ਵੀ ਸਹਾਰਾ ਲਿਆ ਹੈ ਅਤੇ ਗੁਰੂਆਂ ਨੂੰ ਸਿੱਖਾਂ ਦੇ ਵਿਚਕਾਰ ਬੈਠੇ ਹੋਏ ਇਸ ਤਰ੍ਹਾਂ ਚਿਤਰਿਤ ਕੀਤਾ ਹੈ, ਮਾਨੋ ਮੁਨੀਆਂ ਵਿਚ ਰਾਮ, ਦੇਵਤਿਆਂ ਵਿਚ ਵਿਸ਼ਨੂ, ਤਾਰਿਆਂ ਵਿਚ ਚੰਦਰਮਾ ਜਾਂ ਮੁਨੀਆਂ ਵਿਚ ਸ਼ੰਭੂ ਬੈਠੇ ਹੋਣ। ਵੇਖੋ :

ਸਿਖਨ ਮਹਿਂ ਸਤਿਗੁਰ ਸੁਭਤਿ ਬੈਠੇ ਤਿਸ ਕਾਲਾ।<br>
ਮਨਹੁ ਮੁਨਿਨਿ ਮਹਿ ਬਨ ਬਿਖੈ ਰਘੁਵੀਰ ਕ੍ਰਿਪਾਲਾ।

(ਰਾ. 1 : 30 : 15)

ਗੁਰੂਆਂ ਦੀ ਮਹਿਮਾ ਅਥਵਾ ਉਨ੍ਹਾਂ ਦੀ ਮਹੱਤਤਾ ਪ੍ਰਦਰਸ਼ਿਤ ਕਰਨ ਵਾਲੇ ਇਸ ਤਰ੍ਹਾਂ ਦੇ ਸੁੰਦਰ ਉਦਾਹਰਣ 'ਗੁਰ ਪ੍ਰਤਾਪ ਸੂਰਜ' ਵਿਚ ਬਹੁਤ ਸਾਰੇ ਹਨ, ਪਰੰਤੂ ਇਨ੍ਹਾਂ ਵਿਚ ਕਵੀ ਨੇ ਅਲੰਕਾਰਾਂ ਦਾ ਸਾਰਥਕ ਅਤੇ ਸੰਜਮੀ ਪ੍ਰਯੋਗ ਕੀਤਾ ਹੈ ਅਤੇ ਉਹ ਗੁਰੂਆਂ ਦੇ ਪ੍ਰਤੀ ਸ਼ਰਧਾ ਪੈਦਾ ਕਰਨ ਵਿਚ ਸਹਾਇਕ ਹੋਏ ਹਨ।

ਗੁਰੂ ਗੋਬਿੰਦ ਸਿੰਘ ਦੇ ਤਿੰਨ ਸਾਹਿਬਜ਼ਾਦਿਆਂ ਦੀ ਬੀਰਤਾ ਦੀ ਅਭਿਵਿਅਕਤੀ 'ਵਸਤੂ ਉਤਪ੍ਰੇਖਿਆ' ਦੇ ਰੂਪ ਵਿਚ ਇਸ ਪ੍ਰਕਾਰ ਕੀਤੀ ਹੈ।

ਪੁਤ੍ਰ ਤੀਨ ਉਪਜੇ ਬਲ ਭਾਰੀ, ਮਨਹੁੰ ਅਗਨਿ ਤੀਨਹੁੰ ਤਨ ਧਾਰੀ ।
(ਰਾ. 1 : 8 : 31)

ਮਨੋਵੇਗਾਂ ਨੂੰ ਤੀਬਰਤਾ ਪ੍ਰਦਾਨ ਕਰਨਾ ਜਾਂ ਉਨ੍ਹਾਂ ਦੀ ਮਾਰਮਿਕਤਾ ਦਾ ਸਜੀਵ ਚਿੱਤਰਣ ਕਰਨ ਲਈ ਭਾਈ ਸੰਤੋਖ ਸਿੰਘ ਨੇ ਉਪਮਾ, ਉਤਪ੍ਰੇਖਿਆ, ਰੂਪਕ, ਸਿਮਰਨ ਅਤੇ ਵਿਭਾਵਨਾ ਆਦਿ ਅਲੰਕਾਰਾਂ ਦਾ ਅਧਿਕ ਸਹਾਰਾ ਲਿਆ ਹੈ ।

ਗੁਰੂ ਦਰਸ਼ਨਾਂ ਦੇ ਲਈ 'ਉਤਸੁਕਤਾ' ਅਤੇ ਉਨ੍ਹਾਂ ਦੀ 'ਇੰਤਜ਼ਾਰ' ਕਰਦੇ ਹੋਏ ਸਿੱਖਾਂ ਦੇ 'ਭਗਤੀ ਭਾਵ' ਦੀ ਅਭਿਵਿਅਕਤੀ 'ਰੂਪਕ ਭਰੀ ਉਪਮਾ' ਦੇ ਰੂਪ ਵਿਚ ਕੀਤੀ ਗਈ ਹੈ, ਜਿਵੇਂ :

ਪੂਰਹਿ ਕਬਹਿਂ ਆਨ ਕਰਿ ਆਸਾ । ਜਿਮ ਘਨ ਚਾਤ੍ਰਿਕ ਹਰਹਿ ਪਿਪਾਸਾ ।
ਕਬਿ ਸੂਰਜ ਸਮ ਉਦਹਿ ਕ੍ਰਿਪਾਲਾ । ਬਿਕਸਾਵਹਿ ਦ੍ਰਿਸ਼ ਕਮਲ ਬਿਸਾਲਾ ।
ਕਬਿ ਰਾਕਾਪਤਿ ਬਦਨ ਦਿਖਾਵੈ, ਬ੍ਰਿੰਦ ਚਕੋਰਨਿ ਸਿਖ ਹਰਖਾਵੇਂ ।
(ਰਾ. 12 : 46 : 3-4)

ਇਸੀ ਪ੍ਰਕਾਰ ਈਰਖਾ, ਦਵੈਖ, ਲੱਜਾ, ਸੰਕੋਚ, ਬੇਵਸਤਾ, ਕ੍ਰੋਧ, ਲੋਭ, ਸੋਗ, ਵਿਆਕੁਲਤਾ, ਖੁਸ਼ੀ, ਪ੍ਰਸੰਨਤਾ, ਉਤਸਾਹ, ਆਨੰਦ, ਪ੍ਰੇਮ ਆਦਿ ਮਨੋਵੇਗਾਂ ਦੀ ਅਭਿਵਿਅਕਤੀ ਦੇ ਲਈ ਅਲੰਕਾਰ ਸਹਾਇਕ ਬਣ ਕੇ ਹੀ ਆਏ ਹਨ ।

ਵਸਤੂ ਚਿੱਤਰਣ ਵਿਚ ਸਜੀਵਤਾ, ਸੁੰਦਰਤਾ ਜਾਂ ਮਨੋਹਰਤਾ ਲਿਆਉਣ ਲਈ ਸਾਡੇ ਕਵੀ ਨੇ ਉਤਪ੍ਰੇਖਿਆ, ਉਪਮਾ, ਰੂਪਕ, ਅਪਹੁਨਤੀ ਆਦਿ ਅਲੰਕਾਰਾਂ ਦੀ ਅਧਿਕ ਸਹਾਇਤਾ ਲਈ ਹੈ । ਇਸ ਵਿਚ ਵੀ ਸਭ ਤੋਂ ਜ਼ਿਆਦਾ ਪ੍ਰਯੋਗ 'ਉਤਪ੍ਰੇਖਿਆ' ਅਲੰਕਾਰ ਦਾ ਹੀ ਹੋਇਆ ਹੈ ।

ਗੁਰੂ ਗੋਬਿੰਦ ਸਿੰਘ ਦੇ ਸੁੰਦਰ ਮੁੱਖ ਮੰਡਲ ਉੱਤੇ ਲਗਿਆ ਹੋਇਆ ਕਾਲਾ ਟਿੱਕਾ ਕਿਸ ਤਰ੍ਹਾਂ ਸ਼ੋਭਾ ਦੇ ਰਿਹਾ ਹੈ, ਇਸ ਦਾ ਵਰਣਨ ਰੂਪਕ-ਗਰਭਤ 'ਵਸਤੂ-ਉਤਪ੍ਰੇਖਿਆ' ਦੇ ਰੂਪ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ :

ਸਯਾਮ ਬਿੰਦੂ ਜਨਨੀ ਸ਼ੁਭ ਲਾਇਵ । ਢੀਠ ਨ ਲਗੈ ਰਿਦਾ ਅਕੁਲਾਇਵ ।
ਮਨਹੁੰ ਸੁਲੱਛਨ ਚੰਦ ਸੁਹਾਵਾ । ਦਾਸ ਚਕੋਰਨ ਗਨ ਹਰਖਾਵਾ । 20।
ਬਿਕਸਯੋ ਮਨਹੁੰ ਅਲਪ ਅਰਬਿੰਦ । ਬੈਠਯੋ ਸੋਭਤਿ ਬਤਸ ਮਲਿੰਦ ।
ਸੁਧਾ ਕੁੰਡ ਮੁਖ ਮੰਡਲ ਮਨੋ । ਬਿਕਸਤਿ ਕਵਿ ਕਬਿ ਬੀਚੀ ਮਨੋ ।
(ਰਾ. 42 : 16 : 21)

ਕਾਰਜ-ਵਿਉਪਾਰ ਚਿੱਤਰਣ ਵਿਚ ਤੀਬਰਤਾ ਅਤੇ ਸਜੀਵਤਾ ਲਿਆਉਣ ਦੇ ਲਈ ਦੀ ਭਾਈ ਸੰਤੋਖ ਸਿੰਘ ਨੇ 'ਉਤਪ੍ਰੇਖਿਆ' ਅਤੇ ਉਪਮਾ ਅਲੰਕਾਰ ਦੀ ਸਭ ਤੋਂ ਜ਼ਿਆਦਾ ਵਰਤੋਂ ਕੀਤੀ ਹੈ । ਇਸ ਸੰਬੰਧ ਵਿਚ 'ਉਤਪ੍ਰੇਖਿਆ' ਅਤੇ 'ਵਾਕਿਆਰਥ-ਉਪਮਾ' ਅਲੰਕਾਰ ਦਾ ਇਕ ਸੁੰਦਰ ਉਦਾਹਰਣ ਉਸ ਸਮੇਂ ਮਿਲਦਾ ਹੈ ਜਦੋਂ ਕਵੀ ਇਨ੍ਹਾਂ ਦੇ ਸਹਾਰੇ ਬਚਿੱਤ੍ਰ ਸਿੰਘ ਦੁਆਰਾ ਦੁਸ਼ਮਣ ਦੇ ਹਾਥੀ ਨੂੰ ਨੇਜਾ ਮਾਰਨ ਦੀ ਸਾਹਸਪੂਰਣ ਕ੍ਰਿਆ ਦਾ ਇਕ ਸਜੀਵ ਚਿੱਤਰ ਪੇਸ਼ ਕਰਦਾ ਹੈ, ਵੇਖੋ :

ਚਰਬਤਿ ਓਠਨ ਲਾਲ ਬਿਲੋਚਨਿ ਫਰਕਤਿ ਮੂੰਛ ਉਠਾਈ ।
ਤ੍ਰਿਕੁਟੀ ਚੜੀ ਕੁਟਿਲ ਮੁਖ ਲਾਲੀ ਸ਼ਮਸ਼ ਮਹਾ ਛਵਿ ਛਾਈ । 35 ।
ਮਨਹੁੰ ਕ੍ਰੋਧ ਤੇ ਸ਼ੇਰ ਸਟਾ ਉਠਿ ਭੀਖਨ ਦਰਸ਼ਨ ਹੋਵਾ ।
ਤੋਮਰ ਧਰਿ ਕੈ ਹਾਥ ਉਭਾਰਯੋ ਹਾਥੀ ਮਸਤਕ ਜੋਵਾ । 36 ।
ਪਗ ਕੋ ਬਲ ਰਕਾਬ ਪਰ ਕਰਿਕੈ ਉਛਲਯੋ ਆਸਨ ਛੋਰਾ ।
ਸਭਿ ਸਰੀਰ ਕੋ ਓਜ ਸੰਭਰਿ ਕੈ ਹਯ ਫਾਂਦਯੋ ਗਜ ਔਰਾ । 37 ।
ਸੈਫ ਬਚਾਇ ਚਲਾਇ ਸੁ ਬਰਛਾ ਤਵਾ ਪੁਲਾਦੀ ਫੋਰਾ ।
ਬਰਯੋ ਜਾਇ ਗਜ ਮਸਤਕ ਮੈਂ ਜਬਿ ਪੁਨ ਕਰ ਜੁਗ ਕਰਿ ਜੋਰਾ । 38 ।
ਕਰਯੋ ਧਸਾਵਨਿ ਪ੍ਰਵਿਸਯੋ ਐਸੇ ਉਪਮਾ ਕਹੌ ਬਨਾਈ ।
ਕ੍ਰੌਚ ਸੈਲ ਮਹਿ ਜਿਮ ਸ਼ਿਵ ਨੰਦਨ ਬਰਛੀ ਮਾਰਿ ਧਸਾਈ । 39 ।
ਬਾਸ਼ਕ ਕਿਧੋਂ ਵੇਗ ਫਣ ਦੀਰਘ ਵਿਨਤਾ ਸੁਤ ਕੇ ਤ੍ਰਾਸਾ ।
ਦੇਖਿ ਰੰਧ੍ਰਗਿਰ ਬਿਖੈ ਪ੍ਰਵੇਸ਼ਾ ਨਹਿ ਪੁਨ ਬਦਨ ਨਿਕਾਸਾ । 40 ।
ਮਨਹੁੰ ਇੰਦ੍ਰ ਕਰਿ ਕ੍ਰੋਧ ਬਿਲੰਦੈ ਲੀਨ ਰੁਦ੍ਰ ਤੇ ਸੂਲੰ ।
ਗਿਰ ਕੋ ਹਤਯੋ ਬਧਨ ਕੇ ਹਿਤ ਕਰਿ ਅਸ ਉਪਮਾ ਅਨਕੂਲੰ । 41 ।

(ਰਿ. 4 : 26)

ਘਟਨਾਵਾਂ ਦੇ ਵਰਣਨ ਵਿਚ ਸਜੀਵਤਾ, ਸੁਭਾਵਕਤਾ, ਸਪੱਸ਼ਟਤਾ ਅਤੇ ਚਿਤ੍ਰਾਤਮਿਕਤਾ ਦੇ ਲਈ ਭਾਈ ਸੰਤੋਖ ਸਿੰਘ ਨੇ ਜਿਨ੍ਹਾਂ ਅਲੰਕਾਰਾਂ ਦਾ ਸਭ ਤੋਂ ਜ਼ਿਆਦਾ ਸਹਾਰਾ ਲਿਆ ਹੈ, ਉਹ ਹਨ ਉਪਮਾ, ਦ੍ਰਿਸ਼ਟਾਂਤ, ਰੂਪਕ, ਉਤਪ੍ਰੇਖਿਆ, ਵਿਸ਼ਮ, ਉਦਾਹਰਣ ਨਿਰਦਸ਼ਨਾ ਅਤੇ ਯੁਕਤੀ ।

ਭਰੀ ਸਭਾ ਵਿਚ ਆ ਕੇ ਦਾਤੂ ਨੇ ਗੁਰੂ ਅਮਰਦਾਸ ਨੂੰ ਲੱਤ ਮਾਰੀ, ਇਸ ਘਟਨਾ ਦੇ ਇਕ ਪੌਰਾਣਿਕ ਪ੍ਰਸੰਗ ਨਾਲ ਸਮਾਨਤਾ ਵਿਖਾਉਂਦੇ ਹੋਏ 'ਵਾਕਿਆਰਥ ਉਪਮਾ' ਦੇ ਰੂਪ ਵਿਚ ਇਸ ਪ੍ਰਕਾਰ ਵਰਣਨ ਕੀਤਾ ਗਿਆ ਹੈ :

ਰਿਸ ਕਰਿ ਉਰ ਮੰਹਿ ਲਾਤ ਪ੍ਰਹਾਰੀ । ਜਿਮਿ ਲਛਮੀ ਪਤਿ ਭ੍ਰਿਗੁ ਮਾਰੀ ।

(ਰਾ. 1 : 34 : 32)

ਇੱਥੇ ਗੁਰੂ ਜੀ ਨੂੰ ਵਿਸ਼ਣੂ ਅਤੇ ਦਾਤੂ ਨੂੰ ਭ੍ਰਿਗੂ ਦੇ ਰੂਪ ਵਿਚ ਚਿਤਰਿਤ ਕਰਕੇ ਗੁਰੂ ਜੀ ਦੀ ਮਹੱਤਤਾ ਦਾ ਵਰਣਨ ਕੀਤਾ ਗਿਆ ਹੈ ।

'ਗੁਰ ਪ੍ਰਤਾਪ ਸੂਰਜ' ਵਿਚ ਬ੍ਰਹਮ, ਜੀਵ, ਜਗਤ, ਮਾਇਆ, ਕਰਮ, ਗਿਆਨ, ਭਗਤੀ ਆਦਿ ਦਾਰਸ਼ਨਿਕ ਤੱਥਾਂ ਦੇ ਸਰੂਪ ਅਤੇ ਸੰਬੰਧ ਨੂੰ ਸਪੱਸ਼ਟ ਕਰਨ ਲਈ ਜਾਂ ਨਿਮਰਤਾ, ਤਿਆਗ, ਸੇਵਾ, ਪਰਉਪਕਾਰ ਆਦਿ ਸਦਗੁਣਾਂ ਗੁਰਬਾਣੀ ਅਤੇ ਗੁਰੂ ਉਪਦੇਸ਼ ਦੀ ਮਹੱਤਤਾ ਦਾ ਵਰਣਨ ਕਰਨ ਲਈ ਉਦਾਹਰਣ 'ਵਾਕਿਆਰਥ-ਉਪਮਾ' 'ਅਰਥਾਂਤਰਨਯਾਸ', 'ਦ੍ਰਿਸ਼ਟਾਂਤ, ਵਿਨੋਕਤੀ, ਵਿਭਾਵਨਾ, ਕਾਰਣਮਾਲਾ, ਰੂਪਕ ਆਦਿ ਅਲੰਕਾਰਾਂ ਦੀ ਸਹਾਇਤਾ ਲਈ ਗਈ ਹੈ ।

ਬ੍ਰਹਮ ਅਤੇ ਆਤਮਾ ਦੀ ਅਦ੍ਵੈਤਤਾ ਦਾ ਵਰਣਨ 'ਵਾਕਿਆਰਥ-ਉਪਮਾ' ਦੇ ਰੂਪ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ :

ਕਨਕਾ ਪਾਵਕ ਦੌ ਬਿਖੈ ਮਿਲਿ ਸਰੂਪ ਇਕ ਹੋਇ ।
ਤਿਮ ਹਮ ਤੁਮ ਏਕੈ ਭਏ ਭੇਦ ਨ ਜਾਨਿਯੇ ਕੋਇ ।

(ਰਾ. 1 : 18 : 25)

ਇਸ ਵਿਵੇਚਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ 'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਵਿਚ ਅਲੰਕਾਰਾਂ ਦਾ ਪ੍ਰਯੋਗ ਅਦਭੁਤ ਚਮਤਕਾਰ ਪ੍ਰਦਰਸ਼ਨ ਵਿਚ ਦੂਰ ਦੀ ਕੌਡੀ ਲਗਾਨ ਲਈ ਜਾਂ ਗਬਾਨ ਦੀ ਖਿਲਵਾੜ ਵਿਖਾਉਣ ਦੇ ਲਈ ਨਹੀਂ ਹੋਇਆ ਸਗੋਂ ਉਹ ਭਾਵ, ਕ੍ਰਿਆ ਅਤੇ ਵਸਤੂ ਆਦਿ ਦੇ ਸਜੀਵ ਚਿੱਤਰਣ ਅਤੇ ਉਨ੍ਹਾਂ ਦੀ ਸਹਜ ਪ੍ਰਤੀਤੀ ਲਈ ਸੁਭਾਵਿਕ ਅਤੇ ਸਾਰਥਕ ਢੰਗ ਨਾਲ ਹੀ ਆਏ ਹਨ । ਯਮਕ ਦੀਆਂ ਕੁਝ ਉਦਾਹਰਣਾਂ ਨੂੰ ਛੱਡ ਕੇ ਐਸਾ ਵਿਖਾਈ ਨਹੀਂ ਦਿੰਦਾ ਕਿ ਉਹ ਇਸ ਪ੍ਰਕਾਰ ਲਿਆ ਕੇ ਰਖ ਦਿੱਤੇ ਗਏ ਹੋਣ ਜਿਸ ਤਰ੍ਹਾਂ ਪਟਾਰੀ ਵਿਚੋਂ ਕੱਢ ਕੇ ਗਹਿਣੇ ਪਹਿਣ ਲਏ ਜਾਂਦੇ ਹਨ । ਸਗੋਂ, ਉਹ ਆਪਣੇ ਆਪ ਹੀ ਭਾਵ-ਅਭਿਵਿਅਕਤੀ ਦੇ ਅੰਗ ਬਣ ਕੇ ਆਏ ਹਨ ਅਤੇ ਉਸ ਦੀ ਤੀਬਰਤਾ, ਪ੍ਰਭਾਵ-ਉਤਪਾਦਕਤਾ ਅਤੇ ਸੰਚਾਰਤਾ ਵਿਚ ਸਹਾਇਕ ਹੋਏ ਹਨ ।

**ਅਪ੍ਰਸਤੁਤ ਵਿਧਾਨ** :

ਇਸ ਵਿਵੇਚਨ ਤੋਂ ਇਹ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਇਸ ਗ੍ਰੰਥ ਵਿਚ ਉਪਮਾ, ਰੂਪਕ, ਉਤਪ੍ਰੇਖਿਆ, ਉਲੇਖ, ਅਤਿਕਥਨੀ, ਉਦਾਹਰਣ, ਦ੍ਰਿਸ਼ਟਾਂਤ ਅਰਥਾਂਤ-ਰਨਿਆਸ ਆਦਿ ਸਾਦ੍ਰਿਸ਼-ਵਿਧਾਨ ਉੱਤੇ ਆਧਾਰਿਤ ਅਲੰਕਾਰਾਂ ਦੀ ਪ੍ਰਧਾਨਤਾ ਹੈ । ਉਪਮਾ, ਉਤਪ੍ਰੇਖਿਆ ਅਤੇ ਉਲੇਖ ਦੀ ਤਾਂ ਭਾਈ ਸੰਤੋਖ ਸਿੰਘ ਇਕ ਝੜੀ ਜਿਹੀ ਲਗਾ ਦਿੰਦੇ ਹਨ । ਸਾਂਗ ਅਤੇ ਪਰੰਪਰਾਗਤ ਰੂਪਕਾਂ ਦੀ ਯੋਜਨਾ ਵੀ ਬੜੀ ਕੁਸ਼ਲਤਾ-ਪੂਰਬਕ ਕੀਤੀ ਗਈ ਹੈ । ਅਸਲ ਵਿਚ ਭਾਵ ਦੀ ਪ੍ਰਭਾਵਸ਼ਾਲੀ ਅਭਿਵਿਅਕਤੀ ਅਤੇ ਸਰੂਪ ਦੀ ਆਨੰਦਮਈ ਪ੍ਰਤੀਤੀ ਲਈ ਕਵੀ ਨੂੰ ਅਪ੍ਰਸਤੁਤ ਵਿਧਾਨ ਦਾ ਹੀ ਜ਼ਿਆਦਾ ਸਹਾਰਾ ਲੈਣਾ ਪੈਂਦਾ ਹੈ।

ਭਾਈ ਸੰਤੋਖ ਸਿੰਘ ਦਾ ਅਪ੍ਰਸਤੁਤ ਵਿਧਾਨ ਆਮ ਤੌਰ ਤੇ ਰੂਪ ਜਾਂ ਧਰਮ ਸਮਾਨਤਾ ਉੱਤੇ ਆਧਾਰਿਤ ਹੈ ਅਤੇ ਉਸ ਵਿਚ ਹਰ ਪਾਸੇ ਰਸ-ਪੂਰਣਤਾ ਅਤੇ ਪੂਰਣਤਾ ਹੈ । ਉਨ੍ਹਾਂ ਲਈ ਅਪ੍ਰਸਤੁਤ ਵਿਧਾਨ ਦੇ ਨਾਲ ਇਕ ਬਿੰਬ ਅਤੇ ਸੰਪੂਰਣ ਚਿੱਤਰ ਸਾਹਮਣੇ ਆ ਜਾਂਦਾ ਹੈ । ਚਾਹੇ ਗੁਰੂਆਂ ਦੇ ਬਚਪਨ, ਬਾਲ ਜਾਂ ਜੁਆਨੀ ਉਮਰ ਦਾ ਚਿੱਤਰਣ ਕਰਨਾ ਹੋਵੇ ਜਾਂ ਫ਼ੌਜ ਦੀ ਭਿਅੰਕਰਤਾ ਅਤੇ ਗੁਰੂ ਸ਼ੋਭਾ ਦਾ ਵਰਣਨ ਕਰਨਾ ਹੋਵੇ, ਜਾਂ ਕਿਸੇ ਦੇ ਗੁਣ, ਸੁਭਾ, ਹਾਵ ਅਨੁਭਾਵ, ਕ੍ਰਿਆ ਆਦਿ ਦਾ ਚਿੱਤਰਣ ਕਰਨਾ ਹੋਵੇ, ਕਵੀ ਦਾ ਉਦੇਸ਼ ਵਸਤੂ ਦੇ ਰੂਪ ਜਾਂ ਗੁਣਾਂ ਆਦਿ ਦੇ ਸਰੂਪ ਦੀ ਜਾਣਕਾਰੀ ਕਰਾਉਣਾ ਰਿਹਾ ਹੈ । ਕਵੀ ਨੇ ਇਸ ਗੱਲ ਦਾ ਪੂਰਾ ਧਿਆਨ ਰਖਿਆ ਹੈ ਅਤੇ ਭਾਵ-ਅਨੁਕੂਲ ਸਾਦ੍ਰਿਸ਼-ਵਿਧਾਨ ਦੁਆਰਾ ਆਪਣੀ ਕਾਵਿ ਤੱਵ ਦੀ ਪਹਚਾਨ ਦਿੱਤੀ ਹੈ । ਉਨ੍ਹਾਂ ਨੇ ਕੋਮਲ ਭਾਵਾਂ ਦੀ ਅਭਿਵਿਅਕਤੀ ਦੇ ਲਈ ਕੋਮਲ ਅਤੇ ਤੀਖਨ ਭਾਵਾਂ ਦੀ ਬਜਾਏ ਭਿਆਨਕ ਉਪਮਾਨਾਂ ਦਾ ਪ੍ਰਯੋਗ

ਕੀਤਾ ਹੈ।

ਪਰੰਪਰਾ-ਰੂਪ ਵਿਚ ਚਲਦੇ ਆ ਰਹੇ ਪ੍ਰਸਿੱਧ ਉਪਮਾਨ ਬਿੰਬ-ਯੋਜਨਾ, ਭਾਵ ਪੂਰਤ ਪ੍ਰਭਾਵਸ਼ਾਲੀ ਅਤੇ ਸਹਿਜ ਗ੍ਰਹਿਣ ਯੋਗ ਹੁੰਦੇ ਹਨ। ਬਨ, ਦੜਿਤ, ਇੰਦਰਧਨੁਖ, ਭਉਂਰਾ, ਖੰਜਨ, ਸਾਗਰ, ਮੱਛਲੀ, ਚੰਦਰਮਾ, ਸੂਰਜ, ਪਰਬਤ, ਹੰਸ, ਚਕੋਰ, ਹਿਰਨ, ਸ਼ੇਰ, ਹਾਥੀ ਆਦਿ ਭਾਰਤੀ ਸਾਹਿਤ ਦੇ ਕੁਝ ਐਸੇ ਪ੍ਰਸਿੱਧ ਉਪਮਾਨ ਹਨ ਜਿਨ੍ਹਾਂ ਦੀ ਸੁੰਦਰਤਾ, ਪ੍ਰਤੀਤੀ ਜਾਂ ਪ੍ਰਭਾਵ ਭਾਰਤੀਆਂ ਦੇ ਲਈ ਸਹਿਜ-ਗ੍ਰਹਿਣ ਯੋਗ ਅਤੇ ਪ੍ਰੇਰਨਾ ਯੋਗ ਹੈ। ਮੱਛਲੀ ਤੋਂ ਅੱਖਾਂ ਦੀ ਚੰਚਲਤਾ, ਕਮਲ ਸਮੂਹ ਤੋਂ ਉਨ੍ਹਾਂ ਦੀ ਪ੍ਰਫੁਲਤਾ ਅਤੇ ਸਰਸਤਾ ਅਤੇ ਹਿਰਨ ਤੋਂ ਉਨ੍ਹਾਂ ਦੇ ਭੋਲੇਪਣ ਦੀ ਅਭਿਵਿਅਕਤੀ ਹੁੰਦੀ ਹੈ। ਕਮਲ ਇਕ ਐਸਾ ਉਪਮਾਨ ਹੈ ਕਿ ਅੱਖਾਂ, ਮੁੱਖ, ਚਰਨ, ਹੱਥ ਆਦਿ ਦੀ ਸੁੰਦਰਤਾ ਦੀ ਅਭਿਵਿਅਕਤੀ ਇਸ ਦੇ ਸਹਾਰੇ ਕੀਤੀ ਗਈ ਹੈ। ਭਾਈ ਸੰਤੋਖ ਸਿੰਘ ਨੇ ਪਰੰਪਰਾਗਤ ਉਪਮਾਨਾਂ ਦਾ ਹੀ ਅਧਿਕ ਪ੍ਰਯੋਗ ਕੀਤਾ ਹੈ। ਗੁੱਤ ਲਈ ਸੱਪਣੀ, ਗੋਰੇ ਰੰਗ ਲਈ ਚੰਪਕ ਆਦਿ ਉਪਮਾਨਾਂ ਦਾ ਪ੍ਰਯੋਗ ਜਾਂ ਬਿਧੁ-ਬਦਨੀ (ਚੰਦਰਮਾ ਸਮਾਨ ਮੁੱਖ ਵਾਲੀ), ਗਜ-ਗਾਮਨੀ (ਹਾਥੀ ਸਮਾਨ ਚੱਲਣ ਵਾਲੀ), ਸੁਰ-ਕੋਕਲਾ (ਕੋਇਲ ਸੁਰ ਵਾਲੀ), ਕਮਰ-ਕੇਹਰੀ, ਕੰਠ-ਕਪੋਤੀ (ਕਬੂਤਰੀ ਸਮਾਨ ਗਲਾ), ਮੂੰਗੇ ਸਮਾਨ ਹੋਂਠ ਵਾਲੀਆਂ ਆਦਿ ਪ੍ਰਯੋਗ ਪਰੰਪਰਾਗਤ ਹੀ ਹੈ। ਗੁਰੂ ਗੋਬਿੰਦ ਸਿੰਘ ਦਾ ਨਖ-ਸ਼ਿਖ ਚਿੱਤਰਨ ਕਰਦੇ ਹੋਏ ਵੀ ਕਵੀ ਨੇ ਪਰੰਪਰਾਗਤ ਉਪਮਾਨਾਂ ਦਾ ਸਹਾਰਾ ਲਿਆ ਹੈ। ਇਸ ਪ੍ਰਕਾਰ ਫੌਜ ਅਤੇ ਉਸ ਦੇ ਵਿਭਾਗਾਂ ਦਾ ਚਿੱਤਰਣ ਵੀ ਵਰਖਾ ਦੇ ਉਪਕਰਣਾਂ ਦੇ ਸਾਥ ਬਰਾਬਰ ਵਿਖਾਉਂਦੇ ਹੋਏ ਕੀਤਾ ਗਿਆ ਹੈ, ਜੋ ਪਰੰਪਰਾ ਉੱਤੇ ਆਧਾਰਿਤ ਹੈ।

ਇਸਤਰੀਆਂ ਲਈ ਬਿਜਲੀ, ਤਲਵਾਰ ਲਈ ਬਿਜਲੀ, ਊਠਨੀ ਦੀ ਤੇਜ ਚਾਲ ਲਈ ਹਵਾ, ਮਿੱਠੇ ਸ਼ਬਦਾਂ ਲਈ ਮੋਰ ਦਾ ਸ਼ਬਦ, ਹਾਥੀ-ਦਲ ਲਈ ਬਾਦਲ-ਘਟਾ, ਦਿਲ ਦੀ ਸਥਿਰਤਾ ਲਈ ਪਰਬਤ, ਗੰਭੀਰਤਾ ਲਈ ਸਾਗਰ ਆਦਿ ਦੇ ਉਪਮਾਨ ਵੀ ਇਸ ਤਰ੍ਹਾਂ ਦੇ ਹੀ ਹਨ। ਇਸ ਪ੍ਰਕਾਰ ਦੀ ਉਪਮਾਨ-ਯੋਜਨਾ ਨਾਲ ਕਿਧਰੇ ਕਿਧਰੇ ਐਸੀਆਂ ਥਾਵਾਂ ਵੀ ਹਨ ਜਿੱਥੇ ਸਾਦ੍ਰਿਸ਼-ਵਿਧਾਨ ਤਾਂ ਪਰੰਪਰਾ ਉੱਤੇ ਹੀ ਆਧਾਰਿਤ ਹੈ, ਪਰੰਤੂ ਕਵੀ ਨੇ ਉਨ੍ਹਾਂ ਦੀ ਯੋਜਨਾ ਵਿਚ ਨਵੀਨ ਕੁਸ਼ਲਤਾ ਵਿਖਾਈ ਹੈ।

ਘੋੜੇ ਦੀ ਤੇਜ਼ ਚਾਲ ਦੀ ਅਭਿਵਿਅਕਤੀ ਕਰਨ ਲਈ ਮਨ ਅਤੇ ਹਵਾ ਪ੍ਰਸਿੱਧ ਉਪਮਾਨ ਹਨ ਪਰੰਤੂ ਭਾਈ ਸੰਤੋਖ ਸਿੰਘ ਨੇ ਉਸ ਦੀ ਚੰਚਲਤਾ ਨੂੰ ਪ੍ਰਗਟ ਕਰਨ ਲਈ ਨਾਗਰੀ-ਨੈਨ ਦੇ ਉਪਮਾਨ ਦਾ ਪ੍ਰਸ਼ੰਸਾ ਮਈ ਪ੍ਰਯੋਗ ਕੀਤਾ ਹੈ, ਜਿਵੇਂ :

ਬਾਰ ਬਾਰ ਫੁਰਕਤਿ ਬਲ ਐਨ। ਚੰਚਲ ਮਨਹੁ ਨਾਗਰੀ ਨੈਨ।

(ਰਾ. 7 : 23 : 20)

ਕਵੀ ਦੀ ਕਲਪਣਾ ਉਸ ਸਮੇਂ ਹੋਰ ਵੀ ਸਜੀਵ ਅਤੇ ਮਨੋਹਰ ਬਣ ਜਾਂਦੀ ਹੈ ਜਦੋਂ ਉਹ ਉਸ ਦੀ ਉਛਲ-ਕੁੱਦ ਦਾ ਚਿੱਤਰਣ ਕਰਨ ਲਈ ਜਲ ਵਿਚ ਤੈਰਦੀ ਹੋਈ ਮੱਛਲੀ ਅਤੇ ਥਾਲ ਵਿਚ ਥਿਰਕਦੇ ਹਏ ਮੋਤੀਆਂ ਦਾ ਚਿੱਤਰ ਸਾਦ੍ਰਿਸ਼-ਰੂਪ ਵਿਚ ਸਾਹਮਣੇ ਲਿਆ ਖੜ੍ਹਾ ਕਰਦਾ ਹੈ :

ਛਾਤੀ ਛੁਵੈ ਛਾਲ ਪਰਾ ਦੌਨ । ਛਿਤ ਲਗਿ ਪਾਛਲਿ ਪਾਈ ਸੁ ਔਨ ।
ਥਰਕਤਿ ਮਨਹੁੰ ਥਾਰ ਮੰਹਿ ਮੋਤੀ । ਜਨੁ ਜਲ ਮੱਛਲੀ ਇਤ ਉਤ ਹੋਈ ।

(ਰਾ. 6 : 46 : 13)

ਭਾਈ ਸੰਤੋਖ ਸਿੰਘ ਨੇ ਆਪਣੇ ਉਪਮਾਨ ਪ੍ਰਕ੍ਰਿਤੀ ਤੋਂ ਹੀ ਅਧਿਕ ਲਏ ਹਨ, ਪਰੰਤੂ ਗੁਰੂਆਂ ਦੇ ਮਹੱਤਵ-ਸਥਾਪਨ ਅਤੇ ਉਨ੍ਹਾਂ ਦੇ ਪ੍ਰਤੀ ਸ਼ਰਧਾ ਪੈਦਾ ਕਰਨ ਲਈ ਕਿਧਰੇ ਕਿਧਰੇ ਪੌਰਾਣਿਕ ਪੁਰਸ਼ਾਂ ਜਾਂ ਘਟਨਾਵਾਂ ਨੂੰ ਵੀ ਉਪਮਾਨ-ਰੂਪ ਵਿਚ ਗ੍ਰਹਿਣ ਕੀਤਾ ਹੈ । ਜਿਸ ਤਰ੍ਹਾਂ ਗੁਰੂ ਜੀ ਨੂੰ ਸ਼ੰਭੂ ਜਾਂ ਰਾਮ ਆਦਿ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ ।

ਤਹਿ ਉਤਰੇਂ ਤਨ ਸੰਭੂ ਸਰੀਖਾ ।

(ਰਾ. 1 : 6 : 25)

× × × × ×

ਸੁਤ ਕੋ ਪ੍ਰਯੰਕ ਪਰ ਵੈਸੇ, ਰਾਮਚੰਦ੍ਰ ਕੋ ਦਸਰਥ ਜੈਸੇ ।

(ਰਾ. 3 : 39 : 26)

ਭਾਈ ਸੰਤੋਖ ਸਿੰਘ ਨੇ ਵਿਸ਼ਾ-ਵਸਤੂ ਨੂੰ ਸਰਲ ਬਨਾਉਣ ਅਤੇ ਉਸ ਦੇ ਸਰੂਪ ਦੀ ਉਚਿੱਤ ਅਭਿਵਿਅਕਤੀ ਕਰਨ ਲਈ ਕੁਝ ਉਪਮਾਨ ਪੇਂਡੂ ਜੀਵਨ ਤੋਂ ਲਏ ਹਨ। ਐਸੇ ਉਪਮਾਨਾਂ ਦੇ ਉਨ੍ਹਾਂ ਨੇ ਯੁੱਧ-ਭੂਮੀ ਵਿਚ ਯੋਧਿਆਂ ਦੇ ਅੰਗਾਂ ਦੇ ਤਹਿਸ ਨਹਿਸ ਹੋਣ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ :

ਤੋਰਤਿ ਗ੍ਰੀਵਾ ਕਾਕਰੀ ਜੈਸੇ ।

(ਰਾ. 8 : 14 : 16)

ਕਰ ਟੂਟਯੋ ਕਾਗਦ ਕੀ ਨਯਾਇ ।

(ਰਾ 2. 8 : 2।)

ਅੰਗਾਂ ਦੇ ਟੁੱਟਣ ਦੀ 'ਕਕੜੀ' ਅਤੇ 'ਕਾਗਜ਼' ਦੇ ਫਟਣ ਤੋਂ ਸਾਦ੍ਰਿਸ਼-ਸਥਾਪਨ ਕਿਤਨਾ ਸਾਰਥਕ ਅਤੇ ਸੁਭਾਵਿਕ ਹੈ। ਇਸੀ ਪ੍ਰਕਾਰ ਉਨ੍ਹਾਂ ਨੇ ਵਿਖਾਇਆ ਹੈ ਕਿ ਦੁਸ਼ਮਣ ਦੀ ਵਿਸ਼ਾਲ ਫੌਜ ਦੇ ਸਾਹਮਣੇ ਗੁਰੂ ਜੀ ਦੀ ਥੋੜ੍ਹੀ ਜਿਹੀ ਫੌਜ ਵੈਸੇ ਹੀ ਹੈ, ਜਿਵੇਂ ਆਟੇ ਵਿਚ ਲੂਣ ।

ਗੁਰੂ ਸੈਨ ਥੋਰੀ ਜਥਾ ਲੋਨ ਆਟਾ ।

(ਰਾ. 8 : 21 : 3)

ਭਾਈ ਸੰਤੋਖ ਸਿੰਘ ਨੇ ਬਹੁਤਾ ਕਰਕੇ ਇਕ ਉਪਮੇਯ ਲਈ ਅਨੇਕ ਉਪਮਾਨਾਂ ਦਾ ਅਤੇ ਇਕ ਹੀ ਉਪਮਾਨ ਦਾ ਅਨੇਕ ਉਪਮੇਯਾਂ ਲਈ ਪ੍ਰਯੋਗ ਕੀਤਾ ਹੈ। ਜਿੱਥੇ 'ਮੁੱਖ' ਦੇ ਲਈ ਉਨ੍ਹਾਂ ਨੇ 'ਚੰਦਰਮਾ', 'ਕਲਮ', 'ਸੂਰਜ' ਨੂੰ, ਫੌਜ ਲਈ 'ਘਨਘੋਰ-ਘਟਾ', 'ਖੇਤੀ', 'ਮਕੌੜੇ', 'ਟਿੱਡੀ ਦਲ', ਨੂੰ; ਦੰਦਾਂ ਦੇ ਲਈ ਬਿਜਲੀ', 'ਕੀਰਤ ਦੇ ਦੋ ਬੀਜ', 'ਹੀਰਿਆਂ ਦੀ ਪੰਗਤੀ', 'ਮੋਤੀ' ਨੂੰ; ਜੱਸ ਲਈ 'ਮਾਲਤੀ', 'ਜੂਹੀ', 'ਚਮੇਲੀ', 'ਹੰਸ', 'ਸਾਰਦ' (ਸਰਸਵਤੀ) 'ਪਾਰਦ' (ਪਾਰਾ) 'ਹਿਮਾਲਾ', 'ਸ਼ੈਲ' ਨੂੰ; ਅਤੇ ਗੁਰੂ ਜੀ ਲਈ 'ਸ਼ਿਵ',

'ਵਿਸ਼ਣੂੰ', 'ਇੰਦ੍ਰ', 'ਸੂਰਜ', 'ਚੰਦਰਮਾ' ਜਾਂ 'ਰਾਮ', ਕ੍ਰਿਸ਼ਨ' ਆਦਿ ਨੂੰ ਉਪਮਾਨ ਬਣਾਇਆ ਹੈ, ਉੱਥੇ 'ਖਤੰਗ' (ਫੱਟੜ), 'ਤੀਰ' ਦੇ ਲਈ 'ਸੱਪ' ਨੂੰ, ਤਲਵਾਰ, ਕਾਮਨੀ ਤੋਪਾਂ ਦੇ ਲਈ ਪਾਵਕ ਨੂੰ, ਮੁੱਖ, ਚਰਨ, ਅੱਖਾਂ, ਹੱਥ ਲਈ 'ਕਮਲ' ਨੂੰ ਉਪਮਾਨ ਰੂਪ ਵਿਚ ਵਰਣਨ ਕੀਤਾ ਹੈ ।

ਅਸਲ ਵਿਚ ਭਾਈ ਸੰਤੋਖ ਸਿੰਘ ਦੇ ਸਿਮ੍ਰਤੀ-ਕੋਸ਼ ਵਿਚ ਉਪਮਾਨਾਂ ਦਾ ਇਕ ਅਤੁੱਟ ਭੰਡਾਰ ਹੈ, ਜਿਸ ਨਾਲ ਪਰਿਸਥਿਤੀ ਪ੍ਰਸੰਗ, ਭਾਵ ਜਾਂ ਵਸਤੂ ਆਦਿ ਦੇ ਅਨੁਸਾਰ ਠੀਕ ਅਤੇ ਉਚਿੱਤ ਉਪਮਾਨ ਦੀ ਚੋਣ ਕਰਕੇ ਉਹ ਉਸ ਦੀ ਸਹਾਇਤਾ ਨਾਲ ਪੇਸ਼ਕਾਰੀ ਨੂੰ ਜ਼ਿਆਦਾ ਤੀਬਰ ਜਾਂ ਪ੍ਰਭਾਵਸ਼ਾਲੀ ਬਣਾ ਕੇ ਪ੍ਰਗਟ ਕਰਦੇ ਹਨ । ਉਨ੍ਹਾਂ ਦੀ ਉਪਮਾਨ-ਯੋਜਨਾ ਵਿਚ ਸੁੰਦਰਤਾ ਦਾ ਗਿਆਨ ਅਤੇ ਰਸ-ਪੂਰਣਤਾ ਦਾ ਬੜਾ ਹੀ ਸੰਤੁਲਿਤ ਅਤੇ ਕ੍ਰਮਬੱਧ ਰੂਪ ਮਿਲਦਾ ਹੈ । ਕਿਧਰੇ ਵੀ ਰਸ-ਵਿਰੋਧੀ ਜਾਂ ਔਖੇ ਉਪਮਾਨਾਂ ਦਾ ਪ੍ਰਯੋਗ ਨਹੀਂ ਕੀਤਾ ਹੈ ।

**ਲਕਸ਼ਿਤ-ਚਿੱਤਰ ਯੋਜਨਾ ਜਾਂ ਚਿਤ੍ਰਾਤਮਕਤਾ**

ਮੱਧਯੁਗੀਨ ਹਿੰਦੀ ਕਾਵਿ ਅਤੇ ਚਿੱਤਰ-ਕਲਾ ਦਾ ਇਕ ਦੂਜੇ ਨਾਲ ਡੂੰਘਾ ਸੰਬੰਧ ਰਿਹਾ ਹੈ । 'ਗੁਰ ਪ੍ਰਤਾਪ ਸੂਰਜ' ਵਿਚ ਕਵੀ ਦੀ ਚਿੱਤਰ ਯੋਜਨਾ ਸੰਬੰਧੀ ਕਲਪਨਾ-ਸ਼ਕਤੀ ਕਿਧਰੇ ਕਿਧਰੇ ਸਜੀਵ ਬਣ ਗਈ ਹੈ । ਕਵੀ ਨੇ ਕਈ ਸਜੀਵ ਤੇ ਸੰਪੂਰਨ ਰੂਪ ਵਿਚ ਚਿੱਤਰਾਂ ਨੂੰ ਅੰਕਿਤ ਕੀਤਾ ਹੈ । ਅਨੁਭੂਤੀ-ਤੱਤ ਦੀ ਸਜੀਵਤਾ ਅਤੇ ਮਾਰਮਿਕਤਾ ਕਾਰਨ ਉਨ੍ਹਾਂ ਚਿੱਤਰਾਂ ਵਿਚ ਯਥਾਰਥਤਾ, ਸਜੀਵਤਾ, ਸੁਭਾਵਿਕਤਾ ਅਤੇ ਮਾਰਮਿਕਤਾ ਹੈ ।

ਗੁਰੂਆਂ ਦਾ ਜੋ ਰੂਪ-ਚਿੱਤਰਣ ਇਸ ਗ੍ਰੰਥ ਵਿਚ ਹੋਇਆ ਹੈ, ਉਸ ਵਿਚ ਸਾਦਗੀ, ਮਰਦਾਊਪੁਣਾ ਅਤੇ ਗਰਿਮਾ ਹੈ । ਉਨ੍ਹਾਂ ਚਿੱਤਰਾਂ ਉੱਤੇ 'ਬਰਸੌਲੀ' ਅਤੇ 'ਸਿੱਖ ਚਿੱਤਰਕਲਾ' ਦੀ ਸੁਭਾਵਿਕ ਸ਼ੈਲੀ ਦਾ ਹੀ ਜ਼ਿਆਦਾ ਪ੍ਰਭਾਵ ਹੈ ।

'ਗੁਰ ਪ੍ਰਤਾਪ ਸੂਰਜ' ਵਿਚ ਅਨੁਭਾਵਾਂ ਦੇ ਚਿੱਤਰਾਂ ਦੀ ਘਾਟ ਨਹੀਂ ਪਰੰਤੂ ਉਹ ਜ਼ਿਆਦਾਤਰ ਬੀਰ ਰਸ ਨਾਲ ਸੰਬੰਧਤ ਹਨ । ਲੈਅ-ਆਤਮਕ ਚਿੱਤਰ ਬਹੁਤ ਹੀ ਓਜਪੂਰਣ ਅਤੇ ਸੁਭਾਵਿਕ ਬਣੇ ਹਨ । ਭੱਜਦੀ ਹੋਈ ਫੌਜ, ਰਾਤਾਂ ਦੇ ਯੁੱਧ, ਯੁੱਧ-ਭੂਮੀ ਦੇ ਭਿਆਨਕ ਵਾਤਾਵਰਨ ਆਦਿ ਚਿੱਤਰਾਂ ਵਿਚ ਵੀ ਸੁਭਾਵਿਕਤਾ ਅਤੇ ਸਜੀਵਤਾ ਹੈ । ਸ਼ੇਰ ਦਾ ਸ਼ਿਕਾਰ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਦਾ ਜੋ ਚਿੱਤਰ ਕਵੀ ਨੇ ਪੇਸ਼ ਕੀਤਾ ਹੈ ਉਹ ਵੀ ਬਹੁਤ ਹੀ ਸਜੀਵ ਬਣ ਗਿਆ ਹੈ ।

ਇਨ੍ਹਾਂ ਓਜਪੂਰਣ ਚਿੱਤਰਾਂ ਤੋਂ ਇਲਾਵਾ ਕਵੀ ਨੂੰ ਪ੍ਰਕ੍ਰਿਤੀ, ਜੰਗਲ, ਬਾਗ, ਚਸ਼ਮੇ, ਪਰਬਤ ਆਦਿ ਦੇ ਸਜੀਵ ਚਿੱਤਰ ਅੰਕਿਤ ਕਰਨ ਵਿਚ ਵੀ ਅਸਾਧਾਰਨ ਸਫਲਤਾ ਮਿਲੀ ਹੈ । ਇਨ੍ਹਾਂ ਚਿੱਤਰਾਂ ਵਿਚ ਸੁਭਾਵਿਕਤਾ, ਸੁੰਦਰਤਾ ਅਤੇ ਸੰਤੁਲਨ ਹੈ ।

ਭਾਈ ਸੰਤੋਖ ਸਿੰਘ ਨੂੰ ਸਮੂਹ-ਚਿੱਤਰਾ ਦੇ ਚਿੱਤਰਣ ਕਰਨ ਵਿਚ ਸਭ ਤੋਂ ਜ਼ਿਆਦਾ ਸਫ਼ਲਤਾ ਮਿਲੀ ਹੈ ।

ਜਨਮ-ਉਤਸਵ ਅਤੇ ਹੋਲੀ ਆਦਿ ਦੇ ਵਰਣਨ ਸੰਬੰਧੀ ਸਮੂਹਿਕ-ਚਿੱਤਰਾਂ ਵਿਚ ਉਨ੍ਹਾਂ

ਦੀ ਕਲਪਨਾ-ਸ਼ਕਤੀ ਸਜੀਵ ਬਣ ਗਈ ਹੈ। ਇਨ੍ਹਾਂ ਵਰਣਨਾਂ ਵਿਚ ਪੁਰਸ਼ਾਂ ਅਤੇ ਇਸਤਰੀਆਂ ਦੇ ਆਨੰਦ, ਖੁਸ਼ੀਆਂ ਅਤੇ ਨੱਚਣ-ਗਾਉਣ ਦੇ ਪੂਰਣ ਚਿੱਤਰ ਅੰਕਿਤ ਕੀਤੇ ਗਏ ਹਨ ਅਤੇ ਇਨ੍ਹਾਂ ਚਿੱਤਰਾਂ ਵਿਚ ਸਭਿਆਚਾਰ, ਸੰਸਕਾਰ, ਸੰਤੁਲਨ, ਉਚਿੱਤਤਾ, ਸੁਭਾਵਿਕਤਾ, ਸਜੀਵਤਾ ਅਤੇ ਪੂਰਣਤਾ ਵਿਖਾਈ ਦਿੰਦੀ ਹੈ।

ਭਾਈ ਸੰਤੋਖ ਸਿੰਘ ਨੇ ਸਾਰੇ ਚਿੱਤਰ ਸੁਭਾਵਿਕ, ਭਾਵਪੂਰਣ, ਸੰਵੇਦਨਸ਼ੀਲ ਅਤੇ ਸਜੀਵ ਹਨ ਅਤੇ ਸਥਿਤੀ ਦੇ ਅਨੁਕੂਲ ਵਾਤਾਵਰਣ ਨਿਰਮਾਣ ਕਰਨ ਵਿਚ ਉਨ੍ਹਾਂ ਨੂੰ ਅਸਾਧਾਰਣ ਸਫ਼ਲਤਾ ਮਿਲੀ ਹੈ।

## 9

# ਛੰਦ-ਵਿਧਾਨ

'ਗੁਰ ਪ੍ਰਤਾਪ ਸੂਰਜ' ਵਿਚ 20 ਵਰਣਿਕ ਛੰਦ ਅਤੇ 12 ਮਾਤ੍ਰਿਕ ਛੰਦਾਂ ਦਾ ਪ੍ਰਯੋਗ ਹੋਇਆ ਹੈ। ਪਰੰਤੂ, ਗਿਣਤੀ ਦੀ ਦ੍ਰਿਸ਼ਟੀ ਤੋਂ ਮਾਤ੍ਰਿਕ ਛੰਦਾਂ ਦੀ ਸੰਖਿਆ ਵਰਣਿਕ ਛੰਦਾਂ ਨਾਲੋਂ ਕਿਧਰੇ ਅਧਿਕ ਹੈ। 'ਗੁਰ ਪ੍ਰਤਾਪ ਸੂਰਜ' ਦੇ 51, 829 ਛੰਦਾਂ ਵਿਚੋਂ ਘੱਟ ਤੋਂ ਘੱਟ 40,000 ਛੰਦ ਮਾਤ੍ਰਿਕ ਹੀ ਹੋਣਗੇ, ਜਿਨ੍ਹਾਂ ਵਿਚ ਦੋਹਾ-ਚੌਪਈ ਮੁੱਖ ਹਨ ਅਤੇ ਉਨ੍ਹਾਂ ਤੋਂ ਬਾਅਦ ਨਿਸ਼ਾਨੀ, ਅੜਿੱਲ, ਪਾਧੜੀ, ਹਾਕਲ ਆਦਿ ਦਾ ਸਥਾਨ ਹੈ। ਵਰਣਿਕ ਛੰਦਾਂ ਵਿਚ ਜ਼ਿਆਦਾਤਰ ਕਬਿੱਤ ਅਤੇ ਸਵੱਯੇ ਹਨ। ਇਸ ਦ੍ਰਿਸ਼ਟੀ ਤੋਂ ਇਸ ਵਿਚ ਭਗਤੀ ਕਾਲੀਨ ਪ੍ਰਬੰਧ-ਕਾਵਿਆਂ ਦਾ ਅਧਿਕ ਅਨੁਕਰਣ ਕੀਤਾ ਗਿਆ ਹੈ, ਵੈਸੇ ਰੀਤੀ-ਕਾਲੀਨ ਪ੍ਰਭਾਵ ਤੋਂ ਵੀ ਇਹ ਮੁਕਤ ਨਹੀਂ ਹੈ।

**ਭਾਈ ਸੰਤੋਖ ਸਿੰਘ ਦੇ ਪ੍ਰਬੰਧ ਕਾਵਿਆਂ ਦੀ ਛੰਦ-ਪੱਧਤੀ :**

ਹਿੰਦੀ ਪ੍ਰਬੰਧ-ਕਾਵਿਆਂ ਦੀ ਦੋਹਾ-ਚੌਪਈ ਪੱਧਤੀ ਦੇ ਬੀਜ ਅਪਭ੍ਰੰਸ਼ ਦੇ ਕਾਵਿਆਂ ਵਿਚ ਮੌਜੂਦ ਹਨ। ਅਵਧੀ ਦੀ ਦੋਹਾ-ਚੌਪਈ ਪਰੰਪਰਾ ਪੰਜਾਬ ਦੇ ਬ੍ਰਜ ਭਾਸ਼ਾ ਸਾਹਿਤ ਵਿਚ ਦੋਹਾ-ਚੌਪਈ ਦੇ ਰੂਪ ਵਿਚ ਪ੍ਰਚਲਿਤ ਹੋਈ। 'ਦਸਮ ਗ੍ਰੰਥ', 'ਗੁਰ ਬਿਲਾਸ', 'ਗੁਰੂ ਨਾਨਕ ਵਿਜੈ', 'ਪੰਥ ਪ੍ਰਕਾਸ਼' ਆਦਿ ਪ੍ਰਬੰਧ-ਕਾਵਿਆਂ ਵਿਚ ਵੀ ਮੁਖ ਤੌਰ ਤੇ ਦੋਹਾ-ਚੌਪਈ ਦੀ ਪੱਧਤੀ ਨੂੰ ਹੀ ਅਪਣਾਇਆ ਗਿਆ ਹੈ। ਪੰਜਾਬ ਵਿਚ ਰਚਿਤ ਬ੍ਰਜ ਭਾਸ਼ਾ ਦੇ ਇਨ੍ਹਾਂ ਕਾਵਿ-ਗ੍ਰੰਥਾਂ ਨੂੰ ਧਿਆਨ ਵਿਚ ਰਖਦੇ ਹੋਏ ਇਹ ਪਤਾ ਲੱਗਦਾ ਹੈ ਕਿ ਇੱਥੇ ਚੌਪਾਈ ਅਤੇ ਚੌਪਈ ਦਾ ਭੇਦ ਕੁਝ ਅਸਪਸ਼ਟ ਰਿਹਾ ਹੈ। ਇਨ੍ਹਾਂ ਗ੍ਰੰਥਾਂ ਵਿਚ ਐਸੇ ਛੰਦ ਹਨ ਜਿਸ ਵਿਚ 16 ਮਾਤਰਾਵਾਂ ਹਨ, ਪਰੰਤੂ ਉਨ੍ਹਾਂ ਨੂੰ ਚੌਪਈ ਦਾ ਨਾਂ ਦਿੱਤਾ ਗਿਆ ਹੈ।

'ਗੁਰ ਪ੍ਰਤਾਪ ਸੂਰਜ' ਗ੍ਰੰਥ ਵਿਚ ਵੀ ਇਨ੍ਹਾਂ ਸਿੱਖ-ਪ੍ਰਬੰਧ ਕਾਵਿਆਂ ਦੀ ਪੱਧਤੀ ਦਾ ਹੀ ਅਨੁਕਰਣ ਕੀਤਾ ਗਿਆ ਹੈ। ਇਸ ਦੇ 51,829 ਛੰਦਾਂ ਵਿਚ ਕੋਈ 40,000 ਦੋਹਾ-ਚੌਪਈ ਹੋਣਗੇ।

ਇਸ ਗ੍ਰੰਥ ਵਿਚ ਦੋਹਾ-ਚੌਪਈ ਤੋਂ ਇਲਾਵਾ ਹਾਕਲ, ਅੜਿੱਲ, ਪਾਧੜੀ, ਨਿਸ਼ਾਨੀ, ਲਲਿਤਪਦ, ਤ੍ਰਿਭੰਗੀ, ਅੰਮ੍ਰਿਤਧੁਨੀ, ਛਪੈ, ਰਸਾਵਲ, ਸੰਖਨਾਰੀ, ਰੁਣਝੁਣ, ਚਾਚਰੀ, ਤੋਮਰ, ਚੰਚਰੀ, ਨਾਰਾਚ, ਪ੍ਰਮਾਣਿਕਤਾ, ਤੋਟਕ, ਨਿਸਪਾਲਿਕਾ, ਚੰਪਕਮਾਲਾ, ਭੁਜੰਗਪ੍ਰਯਾਤ ਅਨੰਗਸ਼ੇਖਰ, ਅਨੁਸ਼ਟੁਪ, ਸਵੈਯਾ, ਕਬਿੱਤ, ਸਿਰਖੰਡੀ ਆਦਿ ਛੰਦਾਂ ਦਾ ਵੀ ਪ੍ਰਯੋਗ ਹੋਇਆ ਹੈ।

ਇਸ ਗ੍ਰੰਥ ਵਿਚ ਦੋਹਾ-ਚੌਪਾਈ ਤੋਂ ਇਲਾਵਾ ਦੋਹਾ-ਸਵੈਯਾ, ਦੋਹਾ-ਕਬਿੱਤ, ਦੋਹਾ-ਨਿਸ਼ਾਨੀ, ਦੋਹਾ-ਪਾਪੜੀ, ਦੋਹਾ-ਅੜਿੱਲ, ਦੋਹਾ-ਭੁਜੰਗਪ੍ਰਯਾਤ, ਆਦਿ ਕੁਝ ਹੋਰ ਪੱਧਤੀਆਂ ਦਾ ਵੀ ਪ੍ਰਯੋਗ ਹੋਇਆ ਹੈ।

'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਦੇ ਛੰਦ-ਪ੍ਰਯੋਗ ਨੂੰ ਧਿਆਨ ਪੂਰਬਕ ਵੇਖਣ ਤੋਂ ਪਤਾ ਲੱਗਦਾ ਹੈ ਕਿ ਭਾਈ ਸੰਤੋਖ ਸਿੰਘ ਨੇ ਪਹਿਲਾਂ ਲਿਖੇ ਗ੍ਰੰਥਾਂ ਦਾ ਅਨੁਕਰਣ ਮਾਤਰ ਨਹੀਂ ਕੀਤਾ, ਸਗੋਂ ਕੁਝ ਨਵੀਆਂ ਪੱਧਤੀਆਂ ਨੂੰ ਵੀ ਅਪਨਾਯਾ, ਜੋ ਇਸ ਪ੍ਰਕਾਰ ਹੈ।

1. ਦੋਹਾ-ਹਾਕਲ, ਗੁ. ਪ੍ਰ. ਸੂ. ਰਿਤੂ 1/44 ਅਤੇ ਰਾਸ਼ੀ 4/28 ਆਦਿ ਵਿਚ
2. ਦੋਹਾ-ਲਲਿਤਪਦ ਰਿ. 6/12-17 ਆਦਿ ਵਿਚ
3. ਦੋਹਾ-ਭੁਜੰਗਪ੍ਰਯਾਤ ਰਿ. 4/9, ਰਾ. 1/53 ਆਦਿ ਵਿਚ
4. ਦੋਹਾ-ਪਾਧੜੀ ਰਿ. 3 : 4, ਰਿ. 2/39, ਰਿ. 3/43,
   ਰਿ. 4/10 ਆਦਿ ਵਿਚ
5. ਦੋਹਾ-ਨਿਸ਼ਾਨੀ-ਰਿ. 6/45, ਰਿ. 6/49-50, ਰਿ. 6/55-58,
   ਰਿ. 3/23, ਰਿ, 6/48 ਦੇ ਅੰਤ ਦਾ ਪਾਧੜੀ ਹੈ।
   ਰਾ. 3/38 ਦੇ ਆਰੰਭ ਵਿਚ ਵੀ ਦੋਹਾ ਨਹੀਂ ਹੈ।
   ਰਾ. 3/25 ਦਾ ਅਰੰਭ ਵੀ ਨਿਸ਼ਾਨੀ ਨਾਲ ਹੈ ਅਤੇ ਅੰਤ ਤਕ ਉਹੀ ਚਲਦਾ ਹੈ, ਕੇਵਲ ਮੱਧ ਵਿਚ ਇਕ ਦੋਹਾ ਆਇਆ ਹੈ।
6. ਦੋਹਾ–ਤੋਟਕ ਰਾ. 3/30
7. ਦੋਹਾ-ਅੜਿੱਲ ਰਾ. 2/34 ਬਹੁਤਾਤ ਵਿਚ
8. ਦੋਹਾ-ਕਬਿੱਤ ਰਿ. 2/37
9. ਦੋਹਾ-ਰਸਾਵਲ ਰਾ. 6/41
10. ਰਾ. 1/32 ਦਾ ਅਰੰਭ ਹੀ ਸਵੱਯੇ ਨਾਲ ਹੁੰਦਾ ਹੈ ਅਤੇ ਅੰਤ ਤਕ ਉਹੀ ਛੰਦ ਚਲਦਾ ਹੈ।

ਆਪਣੇ ਪ੍ਰਬੰਧ-ਕਾਵਿ ਵਿਚ ਇਨ੍ਹਾਂ ਨਵੀਆਂ ਪੱਧਤੀਆਂ ਦਾ ਪ੍ਰਯੋਗ ਉਨ੍ਹਾਂ ਨੇ ਭਾਵ ਅਤੇ ਪ੍ਰਸੰਗ ਦੇ ਅਨੁਕੂਲ ਕੀਤਾ ਹੈ। ਇਸ ਨਾਲ ਕਥਾ ਦੇ ਪ੍ਰਵਾਹ ਅਤੇ ਸੰਗਠਨ ਨੂੰ ਕਿਸੀ ਪ੍ਰਕਾਰ ਦੀ ਹਾਨੀ ਨਹੀਂ ਪੁੱਜੀ; ਸਗੋਂ ਕਥਾਨਕ ਦੀ ਇਕਰਸਤਾ ਅਤੇ ਨੀਰਸਤਾ ਵਿਚ ਇਕ ਨਵੀਂ ਸਫੂਰਤੀ ਅਤੇ ਤੀਬਰਤਾ ਆ ਗਈ ਹੈ। ਭਾਵ-ਅਨੁਕੂਲ ਛੰਦ-ਵਿਭਿੰਨਤਾ ਨਾਲ ਭਾਵਾਂ ਦੀ ਤੀਬਰਤਾ ਜਾਂ ਗੰਭੀਰਤਾ ਆਦਿ ਦਾ ਚਿੱਤਰਣ ਸਜੀਵਤਾ ਅਤੇ ਅਧਿਕ ਪ੍ਰਭਾਵਸ਼ਾਲੀ ਢੰਗ ਨਾਲ ਹੋ ਸਕਿਆ ਹੈ।

**'ਗੁਰ ਪ੍ਰਤਾਪ ਸੂਰਜ' ਦੇ ਛੰਦ**

ਇਸ ਗ੍ਰੰਥ ਵਿਚ ਉਨ੍ਹਾਂ ਨੇ ਜਿਨ੍ਹਾਂ ਛੰਦਾਂ ਦਾ ਪ੍ਰਯੋਗ ਕੀਤਾ ਹੈ, ਉਨ੍ਹਾਂ ਦਾ ਵਰਗੀਕਰਣ ਅਸੀਂ ਇਸ ਪ੍ਰਕਾਰ ਕਰ ਸਕਦੇ ਹਾਂ :

(ੳ) **ਮਾਤ੍ਰਿਕ ਛੰਦ :** ਚੌਪਾਈ, ਹਾਕਲ, ਅੜਿੱਲ, ਪਾਧੜੀ, ਲਲਿਤਪਦ, ਤ੍ਰਿਭੰਗੀ, ਨਿਸ਼ਾਨੀ ।

(ਅ) **ਮਾਤ੍ਰਿਕ ਅਰਧ ਸਮ ਛੰਦ :** ਦੋਹਾ, ਸੋਰਠਾ ।

(ੲ) **ਮਾਤ੍ਰਿਕ ਮਿਸ਼੍ਰ ਛੰਦ :** ਅੰਮ੍ਰਿਤਧੁਨੀ, ਛਪੈ ।

(ਸ) **ਵਰਣਿਕ ਸਮ ਛੰਦ :** ਚੰਚਰੀ, ਰਸਾਵਲ, ਸੰਖਨਾਰੀ, ਮਧੁਭਾਰ, ਰੁਣਝੁਣ, ਹਰਿਬੋਲਮਨਾ, ਨਵਨਾਮਕ, ਹੰਸਕ, ਸਾਵਾਸ, ਪ੍ਰਮਾਣਿਕਤਾ, ਤੋਮਰ, ਚੰਪਕਮਾਲਾ, ਭੁਜੰਗਪ੍ਰਯਾਤ, ਤੋਟਕ, ਨਿਸਪਾਲਿਕਾ, ਚੰਚਰੀ, ਨਾਰਾਚ, ਸਵੈਯਾ ।

(ਹ) **ਵਰਣਿਕ ਮੁਕਤ ਅਤੇ ਦੰਡਕ ਛੰਦ :** ਅਨੁਸ਼ਟੁਪ, ਕਬਿੱਤ, ਅਨੰਗਸ਼ੇਖਰ।

(ਕ) **ਪੰਜਾਬੀ ਛੰਦ :** ਸਿਰਖੰਡੀ

(ਖ) **ਅਰਬੀ ਅਤੇ ਫਾਰਸੀ ਛੰਦ :** ਬਾਹਰਲੇ-ਮੁਤਕਾਰਿਬ ਮੁਸੰਮਨ ਮਕਸੂਰ ਮਹਜ਼ੂਫ ।

'ਗੁਰ ਪ੍ਰਤਾਪ ਸੂਰਜ' ਵਿਚ ਉਨ੍ਹਾਂ ਨੇ ਇਨ੍ਹਾਂ 33 ਛੰਦਾਂ ਦਾ ਪ੍ਰਯੋਗ ਕੀਤਾ ਹੈ ਅਤੇ 'ਗੁਰ ਨਾਨਕ ਪ੍ਰਕਾਸ਼' ਵਿਚ ਵੀ ਦੋਹਾ, ਚੌਪਈ, ਕੁੰਡਲੀ, ਪਾਧੜੀ, ਤੋਟਕ, ਨਾਰਾਚ, ਭੁਜੰਗਪ੍ਰਯਾਤ, ਸੋਰਠਾ, ਕਬਿੱਤ, ਸਵੈਯਾ, ਛਪੈ, ਰਸਾਵਲ, ਦੁਵੈਯਾ, ਹਰਿਗੀਤਿਕਾ ਆਦਿ ਵਿਭਿੰਨ ਛੰਦਾਂ ਦਾ ਪ੍ਰਯੋਗ ਕੀਤਾ ਹੈ । ਹਿੰਦੀ ਪ੍ਰਬੰਧ-ਕਾਵਿਆਂ ਵਿਚ ਇਸ ਪ੍ਰਕਾਰ ਦੀ ਛੰਦ-ਵਿਭਿੰਨਤਾ ਦੇ ਦਰਸ਼ਨ ਜਾਂ ਤਾਂ 'ਰਾਸੋ' ਕਾਵਿ ਗ੍ਰੰਥਾਂ ਵਿਚ ਹੁੰਦੇ ਹਨ ਅਤੇ ਜਾਂ ਫਿਰ ਕੇਸ਼ਵ ਦੀ 'ਰਾਮਚੰਦ੍ਰਿਕਾ' ਵਿਚ, ਪਰੰਤੂ ਕੇਸ਼ਵ 'ਛੰਦਾਂ ਦੇ ਮੋਢੇ ਸੰਘੋੜ ਕੇ ਆਪਣੀ ਕਵਿਤਾ ਦੀ ਪਾਲਕੀ ਨੂੰ ਅੱਗੇ ਵਧਾਉਂਦੇ ਹਨ । ਛੰਦਾਂ ਦੇ ਪਹੀਆਂ ਦੇ ਠੀਕ ਸਮਤੋਲ ਨਾ ਹੋਣ ਕਾਰਨ ਉਹ ਡਗਮਗਾਉਂਦੇ ਹੋਏ ਹੋਰ ਹਿਲਦੇ ਜੁਲਦੇ ਚਲਦੇ ਹਨ ।[9] ਇਸ ਦੇ ਉਲਟ 'ਗੁਰ ਪ੍ਰਤਾਪ ਸੂਰਜ' ਦੇ ਛੰਦ ਆਪਣੇ ਸਥਾਨ ਉੱਤੇ ਸਥਿਰ ਅਤੇ ਸੰਤੁਲਿਤ ਹਨ ਅਤੇ ਭਾਵ-ਅਨੁਕੂਲ ਵਾਤਾਵਰਣ ਨਿਰਮਤ ਕਰਨ ਵਿਚ ਸਹਾਇਕ ਹੋਏ ਹਨ । ਦੋਹਾ ਚੌਪਈ ਵਿਚ ਵਰਣਨ ਹੋਏ ਕਥਾ-ਪ੍ਰਵਾਹ ਵਿਚ ਜਦੋਂ ਸਿਥਲਤਾ ਜਾਂ ਇਕਰਸਤਾ ਆਉਣ ਲਗਦੀ ਹੈ ਤਾਂ ਇਹ ਛੰਦ ਉਸ ਵਿਚ ਨਵੀਨ ਸਫੁਰਤੀ, ਵਿਭਿੰਨਤਾ ਅਤੇ ਤੀਬਰਤਾ ਪੈਦਾ ਕਰ ਦਿੰਦੇ ਹਨ । ਦੂਸਰੇ, ਸ਼੍ਰੋਤਾ ਵੀ ਨਵੀਨ ਭਾਵ ਦੇ ਅਨੁਕੂਲ ਜ਼ਿਆਦਾ ਆਨੰਦ ਦੀ ਪ੍ਰਾਪਤੀ ਕਰਦੇ ਹਨ ।

ਭਾਈ ਸੰਤੋਖ ਸਿੰਘ ਨੇ ਆਮ ਤੌਰ ਤੇ ਸਾਰੇ ਛੰਦ 'ਦਸਮ ਗ੍ਰੰਥ' ਵਿਚੋਂ ਹੀ ਲਏ ਹਨ, ਫਿਰ ਵੀ 'ਦਸਮ ਗ੍ਰੰਥ' ਦੇ ਛੰਦਾਂ ਵਿਚ ਜੈਸੀ ਅਸਥਿਰਤਾ, ਵਿਵਸਥਾ-ਹੀਣਤਾ ਅਤੇ ਸਿਥਿਲਤਾ ਹੈ, ਉਸ ਦੇ ਦਰਸ਼ਨ 'ਗੁਰ ਪ੍ਰਤਾਪ ਸੂਰਜ' ਵਿਚ ਨਹੀਂ ਹੁੰਦੇ । 'ਦਸਮ ਗ੍ਰੰਥ' ਦੇ ਬਹੁਤ ਸਾਰੇ ਛੰਦਾਂ ਵਿਚ ਸ਼ਾਸਤਰੀ ਨਿਯਮਾਂ ਦੀ ਉਲੰਘਣਾ ਅਤੇ ਉਪੇਖਿਆ ਵੀ ਕੀਤੀ ਗਈ ਹੈ ।

ਭਾਈ ਸੰਤੋਖ ਸਿੰਘ ਦਾ ਛੰਦਾਂ ਉੱਤੇ ਪੂਰਣ ਅਧਿਕਾਰ ਹੈ। ਉਨ੍ਹਾਂ ਦੇ ਕਾਵਿ ਵਿਚ ਕਿਧਰੇ ਵੀ ਇਸ ਪ੍ਰਕਾਰ ਦੇ ਦੋਸ਼ ਨਹੀਂ ਆਏ । ਕਿਧਰੇ-ਕਿਧਰੇ ਮਾਤ੍ਰਾਵਾਂ ਵਿਚ

ਘਾਟ ਜ਼ਰੂਰ ਹੈ, ਪਰੰਤੂ ਐਸੀਆਂ ਥਾਵਾਂ ਬਹੁਤ ਹੀ ਘੱਟ ਹਨ। ਦੂਜਾ, ਇਨ੍ਹਾਂ ਥਾਵਾਂ ਉੱਤੇ ਲੈਅ ਪੂਰੀ ਹੈ। ਭਾਈ ਸੰਤੋਖ ਸਿੰਘ ਇਕ ਐਸੇ ਵਿਦਵਾਨ ਕਵੀ ਸਨ ਜਿਨ੍ਹਾਂ ਦੀ ਸੁਰ-ਤਰੰਗ ਖੁਦ ਹੀ ਝਲਕਾਰਮਈ ਹੋ ਕੇ, ਛੰਦ ਦੀ ਗਤੀ ਵਿਚ ਲੈਅ-ਆਤਮਿਕ ਹੋ ਕੇ ਅੰਤਯਨੁਪ੍ਰਾਸ ਆਦਿ ਦੇ ਝੌਕਿਆਂ ਨਾਲ ਝੂਮਦੀ ਹੋਈ ਰਸ-ਅਨੁਕੂਲ ਮਧੁਰਤਾ, ਓਜ ਅਤੇ ਸੰਗੀਤਾਤਮਕਤਾ ਪੈਦਾ ਕਰਦੀ ਹੋਈ ਅੱਗੇ ਵੱਧਦੀ ਹੈ।

ਭਾਈ ਸੰਤੋਖ ਸਿੰਘ ਦੇ ਛੰਦਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਰਸ ਅਤੇ ਪ੍ਰਸੰਗ-ਅਨੁਕੂਲ ਹੀ ਵਿਭਿੰਨ ਛੰਦਾਂ ਦਾ ਪ੍ਰਯੋਗ ਕੀਤਾ ਹੈ। ਇਨ੍ਹਾਂ ਦੇ ਦੁਆਰਾ 33 ਛੰਦਾਂ ਵਿਚੋਂ ਸਿੰਗਾਰ ਰਸ ਲਈ ਕੇਵਲ ਚੌਪਈ, ਨਿਸ਼ਾਨੀ, ਸਵੈਯਾ, ਕਬਿੱਤ ਦਾ; ਵਤਸਲ ਲਈ ਚੌਪਈ, ਹਾਕਲ, ਸਵੈਯਾ, ਕਬਿੱਤ ਦਾ ਵੀਭਤਸ ਲਈ ਤੋਟਕ ਦਾ; ਕਰੁਣ ਲਈ ਸਵੈਯੇ, ਚੌਪਈ, ਨਿਸ਼ਾਨੀ ਦਾ; ਅਤੇ ਰੌਦ੍ਰ ਲਈ ਚੌਪਈ ਦਾ ਹੀ ਪ੍ਰਯੋਗ ਕੀਤਾ ਗਿਆ ਹੈ, ਜਦੋਂ ਕਿ ਯੁੱਧ-ਵਰਣਨ ਲਈ ਉਨ੍ਹਾਂ ਨੇ ਚੌਪਈ, ਪਾਧੜੀ, ਨਿਸ਼ਾਨੀ, ਲਲਿਤਪਦ, ਤ੍ਰਿਭੰਗੀ, ਅਮਿਤਧੁਨੀ, ਰੁਣਝੁਣ, ਨਵਨਾਮਕ, ਨਾਰਾਚ, ਭੁਜੰਗਪ੍ਰਯਾਤ, ਤੋਟਕ, ਨਿਸਿਪਾਲਕਾ, ਚੰਚਲਾ, ਸਵੈਯਾ, ਕਬਿੱਤ, ਸਿਰਖੰਡੀ ਦੋਹਾ, ਸੋਰਠਾ ਆਦਿ ਕੋਈ 25 ਛੰਦਾਂ ਦਾ ਪ੍ਰਯੋਗ ਕੀਤਾ ਹੈ। ਇਕੱਲੇ ਬਚਿੱਤਰ ਸਿੰਘ ਦੇ ਯੁੱਧ ਦੇ ਪ੍ਰਸੰਗ ਵਿਚ ਕੋਈ 10 ਛੰਦਾਂ ਦਾ ਪ੍ਰਯੋਗ ਹੋਇਆ ਹੈ। ਇਸ ਲਈ ਸਪੱਸ਼ਟ ਹੈ ਕਿ ਉਨ੍ਹਾਂ ਦੇ ਯੁੱਧ-ਵਰਣਨਾਂ ਵਿਚ ਹੀ ਛੰਦ-ਵਿਭਿੰਨਤਾ ਜ਼ਿਆਦਾ ਹੈ। ਐਸਾ ਨਾ ਹੁੰਦਾ ਤਾਂ ਇਕੋ ਜਿਹੇ ਲੰਮੇ ਲੰਮੇ ਯੁੱਧਾਂ ਦੇ ਵਰਣਨ ਵਿਚ ਇਕਰਸਤਾ ਜਾਂ ਨੀਰਸਤਾ ਆ ਜਾਂਦੀ। ਦੂਜਾ, ਕਵੀ ਨੇ ਯੁੱਧਾਂ ਦੇ ਵਰਣਨ ਵਿਚ ਇਕਰਸਤਾ ਆ ਜਾਂਦੀ। ਦੂਜਾ, ਕਵੀ ਨੇ ਯੁੱਧ ਦੇ ਹਲਕੇ ਵਾਤਾਵਰਣ ਚੋ ਲਈ ਚੌਪਈ, ਪਾਧੜੀ, ਨਿਸ਼ਾਨੀ, ਲਲਿਤਪਦ, ਤ੍ਰਿਭੰਗੀ, ਦੋਹਾ, ਸਵੈਯਾ, ਕਬਿੱਤ ਆਦਿ ਦੀ ਬਜਾਏ ਵੱਡੇ ਛੰਦਾਂ ਦਾ ਹੀ ਪ੍ਰਯੋਗ ਕੀਤਾ ਹੈ। ਜਿਉਂ ਜਿਉਂ ਯੁੱਧ ਦੀ ਗਤੀ ਤੇਜ਼ ਹੁੰਦੀ ਜਾਂਦੀ ਹੈ, ਓਹ ਨਾਰਾਚ, ਚੰਚਲਾ ਆਦਿ ਲਘੁ-ਗੁਰੂ ਦੇ ਅਰੋਹ-ਅਵਰੋਹ ਨਾਲ ਪੂਰਣ ਤੇਜ਼ ਗਤੀ ਵਾਲੇ ਛੰਦਾਂ ਦਾ ਪ੍ਰਯੋਗ ਕਰਨ ਲਗਦੇ ਹਨ, ਅਤੇ ਜਦੋਂ ਯੁੱਧ ਦਾ ਵਾਤਾਵਰਣ ਭਿਆਨਕ ਹੋ ਜਾਂਦਾ ਹੈ ਤਾਂ ਉਸ ਦੇ ਲਈ ਉਹ ਮਧੁਭਾਰ, ਰਸਵਾਲ, ਚੰਚਰੀ, ਹੰਸਕ, ਸਾਵਾਸ, ਪ੍ਰਮਾਣਿਕਾ, ਰੁਣਝੁਣ ਆਦਿ ਲਘੂ ਅਤੇ ਤੇਜ਼ ਗਤੀ ਵਾਲੇ ਛੰਦਾਂ ਨਾਲ ਕੰਮ ਲੈਂਦੇ ਹਨ ਜਿਸ ਨਾਲ ਯੁੱਧ ਦਾ ਤੇਜ਼ ਵਾਤਾਵਰਣ ਸਜੀਵ ਬਣ ਜਾਂਦਾ ਹੈ।

ਭਗਤੀ ਦੇ ਜੋਸ਼ ਪੂਰਣ ਲਈ ਵੀ ਉਨ੍ਹਾਂ ਨੇ ਦੋਹਾ, ਚੌਪਈ, ਕਬਿੱਤ ਅਤੇ ਸਵੈਯੇ ਤੋਂ ਇਲਾਵਾ ਅੜਿੱਲ, ਤ੍ਰਿਭੰਗੀ, ਭੁਜੰਗਪ੍ਰਯਾਤ, ਤੋਟਕ, ਚੰਚਲਾ, ਅਨੁਸ਼ਟੁਪ, ਅਨੰਗਸ਼ੇਖਰ ਆਦਿ ਅਨੇਕ ਛੰਦਾਂ ਦਾ ਪ੍ਰਯੋਗ ਕੀਤਾ ਹੈ। ਮੰਗਲਾਚਰਣ ਵਿਚ ਵੀ ਕਾਫੀ-ਛੰਦ-ਭਿੰਨਤਾ ਹੈ। ਜਿੱਥੇ ਕਬਿੱਤ ਅਤੇ ਸਵੈਯੇ ਨੂੰ ਉਨ੍ਹਾਂ ਨੇ ਮੁਕਤਕ-ਰੂਪ ਵਿਚ ਹੀ ਪ੍ਰਯੋਗ ਕੀਤਾ ਹੈ, ਉੱਥੇ ਉਨ੍ਹਾਂ ਛੰਦਾਂ ਤੋਂ ਉਨ੍ਹਾਂ ਨੇ ਕਥਾ-ਵਰਣਨ ਦਾ ਵੀ ਕੰਮ ਲਿਆ ਹੈ।

ਇਸੀ ਪ੍ਰਕਾਰ ਛੰਦਾਂ ਦਾ ਪ੍ਰਯੋਗ ਕਰਦੇ ਸਮੇਂ ਉਨ੍ਹਾਂ ਨੇ ਭਾਸ਼ਾ ਦੀ ਪ੍ਰਕ੍ਰਿਤੀ ਨੂੰ ਵੀ ਧਿਆਨ ਵਿਚ ਰਖਿਆ ਹੈ। ਸੰਸਕ੍ਰਿਤ-ਪਦਾਵਲੀ ਵਾਲੇ ਪ੍ਰਸੰਗਾਂ ਵਿਚ ਅਨੁਸ਼ਟੁਪ ਦਾ

ਫਾਰਸੀ ਵਾਲੇ ਪ੍ਰਸੰਗਾਂ ਵਿਚ ਫਾਰਸੀ ਛੰਦ ਬਹਰੇ-ਮੁਤਕਾਰਿਬ ਮੁਸੰਮਨ ਮਕਸੂਰ ਮਹਫੂਜ਼ ਦਾ ਅਤੇ ਪੰਜਾਬੀ ਸ਼ਬਦਾਵਲੀ ਵਾਲੇ ਪ੍ਰਸੰਗਾਂ ਵਿਚ ਸਿਰਖੰਡੀ ਛੰਦ ਦਾ ਪ੍ਰਯੋਗ ਕੀਤਾ ਹੈ ।

ਪ੍ਰਸੰਗ, ਰਸ ਅਤੇ ਭਾਸ਼ਾ ਦੇ ਅਨੁਕੂਲ ਇਹ ਛੰਦ-ਚੋਣ ਕਵੀ ਦੀ ਕਾਵਿ ਪ੍ਰਤਿਭਾ ਅਤੇ ਉਨ੍ਹਾਂ ਦੇ ਛੰਦ ਸ਼ਾਸਤਰ ਦੇ ਵਿਸ਼ਾਲ ਗਿਆਨ ਦਾ ਸੂਚਕ ਹੈ ਅਤੇ ਇਸ ਪ੍ਰਕਾਰ ਭਾਵਾਂ ਦਾ ਸਪੱਸ਼ਟ ਪ੍ਰਗਟਾ, ਉਨ੍ਹਾਂ ਨੂੰ ਤੀਬਰਤਾ ਪ੍ਰਦਾਨ ਕਰਨ ਵਿਚ ਅਤੇ ਰਸ-ਅਨੁਕੂਲ ਵਾਤਾਵਰਣ ਨਿਰਮਤ ਕਰਨ ਵਿਚ ਵੀ ਉਹ ਸਹਾਇਕ ਹੋਏ ਹਨ ।

ਛੰਦਾਂ ਵਿਚ ਸੰਗੀਤਾਤਮਕਤਾ ਪੈਦਾ ਕਰਨ ਲਈ ਉਨ੍ਹਾਂ ਨੇ ਅੰਤਯਨੁਪ੍ਰਾਸ, ਵ੍ਰਿਤਯਨੁਪ੍ਰਾਸ, ਅੰਤਰਾਨੁਪ੍ਰਾਸ ਆਦਿ ਦੇ ਅਨੇਕ ਰੂਪਾਂ ਤੋਂ ਕੰਮ ਲਿਆ ਹੈ ।

'ਗੁਰ ਪ੍ਰਤਾਪ ਸੂਰਜ' ਵਿਚ ਕਵੀ ਨੇ ਸੰਸਕ੍ਰਿਤ, ਅਪਭ੍ਰੰਸ਼, ਹਿੰਦੀ, ਪੰਜਾਬੀ ਅਤੇ ਫਾਰਸੀ ਦੇ ਵਿਭਿੰਨ ਛੰਦਾਂ ਦਾ ਅਤੇ ਚਾਚਰੀ ਜੈਸੇ ਛੋਟੇ ਛੰਦ ਤੋਂ ਲੈ ਕੇ ਕਬਿੱਤ ਅਤੇ ਅਨੰਗਸ਼ੇਖਰ ਜੈਸੇ ਵੱਡੇ ਛੰਦ ਦਾ ਸਫਲ ਪ੍ਰਯੋਗ ਕਰਕੇ ਆਪਣੀ ਕਾਵਿ-ਸ਼ਕਤੀ ਦੀ ਜਾਣਕਾਰੀ ਦਿੱਤੀ ਹੈ ।

## ਹਵਾਲੇ

[9]ਸੁਮਿਤ੍ਰਾਨੰਦਨ ਪੰਤ, ਪਲੱਵ-ਪ੍ਰਵੇਸ਼, ਪੰਨਾ 25

# ਸਹਾਇਕ ਪੁਸਤਕ ਸੂਚੀ


1. ਅਤਰ ਸਿੰਘ, (ਡਾ.), 'ਦ੍ਰਿਸ਼ਟੀਕੋਣ', ਲਾਹੌਰ ਬੁਕ ਸ਼ਾਪ, ਲੁਧਿਆਣਾ, 1963.
2. ਅਬਦੁਲ ਗਫੂਰ ਕੁਰੈਸ਼ੀ, 'ਪੰਜਾਬੀ ਜ਼ਬਾਨ ਦੀ ਅਦਬ ਤੇ ਤਾਰੀਖ', ਲਾਹੌਰ, 1956.
3. ਅਰਜਨ ਦੇਵ, (ਸ੍ਰੀ ਗੁਰੂ), ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)', ਭਾਈ ਜਵਾਹਰ ਸਿੰਘ, ਕਿਰਪਾਲ ਸਿੰਘ, ਅੰਮ੍ਰਿਤਸਰ, ਮਿਤੀ ਹੀਨ ।
4. ਸੁਰਿੰਦਰ ਸਿੰਘ ਕੋਹਲੀ, (ਡਾ.). (ਸੰ.) 'ਪੰਜਾਬੀ ਸਾਹਿਤ ਕੋਸ਼', ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, 1972.
5. ਸੰਤ ਸਿੰਘ ਸੇਖੋਂ, 'ਪੰਜਾਬੀ ਕਾਵਿ ਸ਼੍ਰੋਮਣੀ', ਲਾਹੌਰ ਬੁਕ ਸ਼ਾਪ, ਲੁਧਿਆਣਾ, 1964.
6. ਕਾਨ੍ਹ ਸਿੰਘ ਭਾਈ, 'ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ 1960.
7. ਕ੍ਰਿਪਾਲ ਸਿੰਘ ਕਸੇਲ, (ਸੰ.), 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਗ ਪਹਿਲਾ ਤੇ ਦੂਜਾ, ਭਾਸ਼ਾ ਵਿਭਾਗ, ਪਟਿਆਲਾ, 1971.
8. ਗੋਬਿੰਦ ਸਿੰਘ (ਸ੍ਰੀ ਗੁਰੂ), 'ਦਸਮ ਗ੍ਰੰਥ', ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ ਮਿਤੀ ਹੀਨ ।
9. ਜੀਤ ਸਿੰਘ ਸੀਤਲ, (ਡਾ.) 'ਪੰਜਾਬ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੈਪਸੂ ਬੁਕ ਡਿਪੂ, ਪਟਿਆਲਾ, 1947.
10. ਮੋਹਨ ਸਿੰਘ ਦੀਵਾਨਾ, (ਡਾ.), 'ਹੀਰ ਵਾਰਸ' (ਫ਼ਾਰਸੀ ਅੱਖਰ), ਲਾਹੌਰ, 1947.
11. ਮੌਲਾ ਬਖਸ਼ ਕੁਸ਼ਤਾ, 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' (ਫ਼ਾਰਸੀ ਅੱਖਰ), ਮੀਆਂ ਮੌਲਾ ਬਖਸ਼ ਕੁਸ਼ਤਾ ਐਂਡ ਸਨਜ਼, ਲਾਹੌਰ, 1960.